PUNJABI UNIVERSITY PATIALA

**ਐਮ.ਏ. (ਰਾਜਨੀਤੀ ਵਿਗਿਆਨ) ਭਾਗ ਪਹਿਲਾ** **ਪਰਚਾ ਪਹਿਲਾ**
**(ਸਮੈਸਟਰ ਪਹਿਲਾ)** **(ਭਾਰਤੀ ਰਾਜਨੀਤਿਕ ਚਿੰਤਨ)**

**ਯੂਨਿਟ ਨੰ: 2**

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰ :**

2.1 : ਕੌਟਲਿਆ ਦੇ ਰਾਜ ਬਾਰੇ ਵਿਚਾਰ-ਸਪਤੰਗਾਂ- ਸਿਧਾਂਤ
2.2 : ਕੌਟਲਿਆ ਦੇ ਰਾਜਤੰਤਰ ਤੇ ਮੰਤਰੀ ਪਰਿਸ਼ਦ ਪ੍ਰਤੀ ਵਿਚਾਰ
2.3 : ਕੌਟਲਿਆ ਦੇ ਜਾਸੂਸ ਪ੍ਰਣਾਲੀ ਅਤੇ ਦਾਸ-ਪ੍ਰਥਾ ਬਾਰੇ ਵਿਚਾਰ
2.4 : ਕੌਟਲਿਆ ਦਾ ਇਕ ਰਾਜਨੀਤਿਕ ਵਿਗਿਆਨੀ ਵਜੋ ਮੁਲਾਂਕਣ ਅਤੇ ਅਰਸਤੂ ਤੇ ਮੈਕਾਇਵਲੀ ਨਾਲ ਤੁਲਨਾ
2.5 : ਭਗਤ ਕਬੀਰ (ਬਾਅਦ ਵਿੱਚ ਭੇਜਿਆ ਜਾਵੇਗਾ)
2.6 : ਗੁਰੂ ਨਾਨਕ ਦੇਵ ਜੀ ਦੇ ਰਾਜਨੀਤਿਕ ਅਤੇ ਸਮਾਜਿਕ ਵਿਚਾਰ
2.7 : ਗੁਰੂ ਗੋਬਿੰਦ ਸਿੰਘ ਦਾ ਰਾਜਨੀਤਿਕ ਦਰਸ਼ਨ

**ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈੱਬਸਾਈਟ www.pbidde.org ਤੋਂ ਡਾਊਨਲੋਡ ਕਰਨ।**

**ਪਾਠ ਨੰਬਰ : 2.1**

# ਕੌਟਲਿਆ ਦੇ ਰਾਜ ਬਾਰੇ ਵਿਚਾਰ ਸਪਤੰਗਾ ਸਿੱਧਾਂਤ (ਅਰਥ, ਪ੍ਰਕ੍ਰਿਤੀ, ਉਤਪੱਤੀ ਅਤੇ ਕਾਰਜ)

ਇਸ ਪਾਠ ਵਿਚ ਅਸੀਂ ਕੌਟਲਿਆ ਦੇ ਰਾਜ ਦੇ ਅਰਥ, ਉਤਪੱਤੀ, ਪ੍ਰਕ੍ਰਿਤੀ ਤੇ ਕਾਰਜਾਂ ਬਾਰੇ ਵਿਚਾਰਾਂ ਦੀ ਚਰਚਾ ਕਰਾਂਗੇ। ਕੌਟਲਿਆ ਨੇ ਪ੍ਰਾਚੀਨ ਭਾਰਤੀ ਪਰੰਪਰਾ ਅਨੁਸਾਰ ਰਾਜ ਦਾ ਵਿਵਰਣ ਦਿੱਤਾ ਹੈ ਅਤੇ ਇਸ ਤਰ੍ਹਾਂ ਰਾਜ ਪ੍ਰਤੀ ਉਸ ਦੇ ਵਿਚਾਰ ਪੱਛਮੀ ਵਿਚਾਰਕਾਂ ਨਾਲੋਂ ਭਿੰਨ ਹਨ। ਅਰਥ ਸ਼ਾਸਤਰ ਮੁੱਖ ਤੌਰ ਤੇ ਸ਼ਾਸਕਾਂ ਦੀ ਅਗਵਾਈ ਕਰਨ ਦੇ ਮੰਤਵ ਨਾਲ ਲਿਖਿਆ ਗਿਆ ਗ੍ਰੰਥ ਹੈ। ਪਰ ਫਿਰ ਵੀ ਇਸ ਵਿਚ ਕੁੱਝ ਕੁ ਸਿੱਧਾਂਤਾਂ ਦੀ ਚਰਚਾ ਸਾਨੂੰ ਮਿਲ ਹੀ ਜਾਂਦੀ ਹੈ। ਇਸੇ ਲਈ ਕੁੱਝ ਵਿਦਵਾਨ ਇਸ ਨੂੰ ਸਿੱਧਾਂਤਵਾਦੀ ਤੇ ਵਿਵਹਾਰਵਾਦੀ ਦੋਹਾਂ ਪ੍ਰਕਾਰ ਦੀ ਰਾਜਨੀਤੀ ਵਿਚ ਸੰਬੰਧਿਤ ਪੁਸਤਕ ਜਾਂ ਗ੍ਰੰਥ ਮੰਨਦੇ ਹਨ। ਅਰਥ ਸ਼ਾਸਤਰ ਦੀ ਛੇਵੀਂ ਪੁਸਤਕ (ਜਾਂ ਭਾਗ) ਵਿਚ ਰਾਜ ਦੀ ਉਤਪੱਤੀ, ਸਰੂਪ ਅਤੇ ਤੱਤਾਂ ਦਾ ਵੇਰਵਾ ਦਿੱਤਾ ਗਿਆ ਹੈ।

**ਰਾਜ ਦਾ ਅਰਥ :**

ਪ੍ਰਾਚੀਨ ਭਾਰਤੀ ਵਿਚਾਰਕਾਂ ਨੇ ਰਾਜ ਦੀ ਉਸ ਢੰਗ ਪਰਿਭਾਸ਼ਾ ਨਹੀਂ ਦਿੱਤੀ, ਜਿਵੇਂ ਅਰਸਤੂ, ਗੈਟਲ, ਹਾਲੈਂਡ, ਵੁਡਰੋ, ਵਿਲਸਨ ਅਤੇ ਗਾਰਨਰ ਵਰਗੇ ਪੱਛਮੀ ਵਿਚਾਰਕਾਂ ਨੇ ਦਿੱਤੀ ਹੈ। ਉਹਨਾਂ ਵਾਸਤੇ ਰਾਜ ਇਕ ਸਪਸ਼ਟ ਸੱਚਾਈ ਸੀ, ਜਿਸ ਦਾ ਅਰਥ ਦੱਸਣ ਦੀ ਉਹਨਾਂ ਲੋੜ ਹੀ ਨਹੀਂ ਸਮਝੀ। ਉਹ ਸਿੱਧਾ ਰਾਜ ਦੇ ਤੱਤਾਂ ਦੀ ਚਰਚਾ ਕਰਦੇ ਹਨ। ਪ੍ਰਾਚੀਨ ਭਾਰਤੀਆਂ ਨੂੰ 'ਸੱਤ' ਅੰਕਾਂ ਨਾਲ ਬਹੁਤ ਲਗਾਵ ਸੀ। ਰਿਗਵੇਦ ਵਿਚ ਸੱਤ ਜੀਵਾਂ ਵਾਲੀ ਅਗਨੀ, ਸਪਤ ਸਿੰਧੂ, ਸਪਤ ਸੂਰਜ, ਸਪਤ ਮਨੁਸਾ, ਸਪਤ ਵਧਰੀ ਅਤੇ ਸਪਤ ਸੂਦਾ ਦਾ ਵਿਵਰਣ ਮਿਲਦਾ ਹੈ। ਸੱਤਪਥ ਬ੍ਰਾਹਮਣ ਵਿਚ ਸਾਨੂੰ ਸਪਤ ਹੋਤਰੀ ਸ਼ਬਦ ਦਾ ਹਵਾਲਾ ਵੀ ਮਿਲਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਸੱਤ ਸੁਮੰਦਰ, ਸੱਤ ਅਸਥਾਨ, ਦੇਵਤਾਵਾਂ ਦੇ ਸੱਤ ਸੰਸਾਰ, ਸੱਤ ਪ੍ਰਿਸ਼ਠਾਠ, ਸੱਤ ਘਰੇਲੂ ਜਾਨਵਰ, ਸੱਤ ਜੰਗਲੀ ਜਾਨਵਰਾਂ ਦਾ ਵਿਸ਼ੇਸ਼ ਮਹੱਤਵ ਹੈ। ਇਸ ਸਭ ਤੋਂ ਪਤਾ ਲੱਗਦਾ ਹੈ ਕਿ 'ਸੱਤ' ਅੰਕ ਪ੍ਰਾਚੀਨ ਭਾਰਤੀਆਂ ਲਈ ਵਸ਼ਿਸ਼ਟ ਸੀ। ਇਸੇ ਪ੍ਰਥਾ ਨੂੰ ਜਾਰੀ ਰੱਖਦੇ ਹੋਏ ਮਨੂੰ ਸਮ੍ਰਿਤੀ ਵਿਚ ਵੀ ਰਾਜ ਦੇ ਸੱਤ ਤੱਤ ਦੱਸੇ ਗਏ ਹਨ। ਜਿਵੇਂ ਰਾਜਾ, ਫੌਜ, ਮੰਤਰੀ, ਧਨ, ਰਾਸ਼ਟਰ ਖਜ਼ਾਨਾ ਅਤੇ ਦੋਸਤ। ਕੌਟਲਿਆ ਨੇ ਉਸ ਨੂੰ ਰਾਜ, ਮੰਤਰੀ, ਜਨਪਦ, ਦੁਰਗ, ਖਜ਼ਾਨਾ, ਫੌਜ, ਦੋਸਤ ਅਤੇ ਦੁਸ਼ਮਣ ਦੇ ਰੂਪ ਵਿਚ ਦੱਸਿਆ। ਕੌਟਲਿਆ ਦੇ ਅਨੁਸਾਰ ਰਾਜ ਦੇ ਅੱਠ ਤੱਤ ਹਨ। ਉਸ ਨੇ ਮਨੂੰ ਵਲੋਂ ਦਿੱਤੇ ਗਏ ਸੱਤ ਤੱਤਾਂ ਵਿਚ ਦੁਸ਼ਮਣ ਦਾ ਅੱਠਵਾਂ ਤੱਤ ਜੋੜਿਆ, ਪਰ ਉਹ ਇਸ ਗੱਲ ਬਾਰੇ ਮਨੂੰ ਨਾਲ ਸਹਿਮਤ ਹੈ ਕਿ ਦੁਸ਼ਮਣ ਤੋਂ ਬਿਨਾਂ ਰਾਜ ਦੇ ਬਾਕੀ ਸਾਰੇ ਤੱਤ ਮਹੱਤਵਪੂਰਨ ਹਨ। ਆਪਣੀ ਅੱਠਵੀਂ ਕਿਤਾਬ ਦੇ ਦੂਜੇ ਅਧਿਆਇ ਵਿਚ ਉਸ ਨੇ ਰਾਜ ਦੇ ਦੋ ਤੱਤ ਵੀ ਦੱਸੇ ਹਨ ਰਾਜਾ ਅਤੇ ਰਾਜ। ਇਥੇ ਸ਼ਾਇਦ ਉਸ ਦਾ ਮੰਤਵ ਇਹ ਦੱਸਣਾ ਸੀ ਕਿ ਇਹ ਦੋ ਤੱਤ ਸਭ

ਤੋਂ ਵੱਧ ਮਹੱਤਵਪੂਰਨ ਹਨ। ਕੌਟਲਿਆ ਅਨੁਸਾਰ ਰਾਜ ਦੇ ਹੇਠ ਲਿਖੇ ਤੱਤ ਹਨ:

1. ਸੁਆਮੀ ਜਾਂ ਰਾਜਾ
2. ਅਮਾਤਿਯ ਜਾਂ ਮੰਤਰੀ
3. ਜਨਪਦ ਜਾਂ ਭੂਮੀ
4. ਦੁਰਗ ਜਾਂ ਕਿਲ੍ਹਾ
5. ਕੋਸ਼ ਜਾਂ ਖਜ਼ਾਨਾ
6. ਦੰਡ ਜਾਂ ਫੌਜ
7. ਮਿੱਤਰ ਜਾਂ ਦੋਸਤ

ਇਨ੍ਹਾ ਸਾਰੇ ਤੱਤਾਂ ਦੀ ਵਿਸਥਾਰ ਸਹਿਤ ਚਰਚਾ

**1. ਸੁਆਮੀ:** ਇਹ ਰਾਜ ਦਾ ਸਭ ਤੋਂ ਅਹਿਮ ਤੱਤ ਹੈ। ਇਥੋਂ ਤੱਕ ਕਿ ਜਦੋਂ ਕੌਟਲਿਆ ਨੇ ਆਪਣੀ ਛੋਟੀ ਸੂਚੀ ਵਿਚ ਰਾਜ ਦੇ ਦੋ ਤੱਤ ਦੱਸੇ ਹਨ ਭਾਵ ਰਾਜ ਤੇ ਰਾਜਾ ਤਾਂ ਰਾਜਾ ਉਹਨਾਂ ਵਿਚ ਵੀ ਸ਼ਾਮਿਲ ਹੈ। ਮਨੂੰ ਦੀ ਤਰ੍ਹਾਂ ਕੌਟਲਿਆ ਨੇ ਰਾਜਾ ਨੂੰ ਦੈਵੀ ਸ਼ਕਤੀ ਪ੍ਰਦਾਨ ਨਹੀਂ ਕੀਤੀ। ਉਹ ਉਹਨੂੰ ਪ੍ਰਿਥਿਵੀ ਉੱਤੇ ਦੇਵਤਾ ਨਹੀਂ ਮੰਨਦਾ। ਉਸ ਨੇ ਰਾਜੇ ਦੀ ਧਰਮ ਵਿਲੱਖਣਤਾ ਤੇ ਜ਼ੋਰ ਦਿੱਤਾ। ਕੌਟਲਿਆ ਦੇ ਅਨੁਸਾਰ ਰਾਜੇ ਵਿਚ ਚਾਰ ਗੁਣ ਹੋਣੇ ਚਾਹੀਦੇ ਹਨ : ਅਭਿਗਨਿਕਾ, ਪ੍ਰਜਨਾ, ਉਤਸ਼ਾਹ ਅਤੇ ਆਤਮ ਸੰਪਦ। ਅਭਿਗਨਿਕਾ ਦਾ ਅਰਥ ਹੈ ਕਿ ਉਸ ਵਿਚ ਲੋਕਾਂ ਦੀ ਅਗਵਾਈ ਕਰਨ (leadership) ਦੇ ਗੁਣ ਹੋਣੇ ਚਾਹੀਦੇ ਹਨ। ਪ੍ਰਜਨਾ ਦਾ ਅਰਥ ਸੂਝ-ਬੂਝ ਅਤੇ ਬੁੱਧੀਮਾਨੀ, ਉਤਸ਼ਾਹ ਦਾ ਅਰਥ ਸ਼ਕਤੀਸ਼ਾਲੀ ਹੋਣਾ ਹੈ। ਆਤਮ ਸੰਪਦ ਦਾ ਅਰਥ ਰਾਜੇ ਵਿਚ ਖਾਸ ਆਪਣੇ ਆਪ ਤੇ ਕਾਬੂ ਪਾਉਣ ਦੇ (selfdiscipline) ਗੁਣ ਹੋਣੇ ਚਾਹੀਦੇ ਹਨ। ਕੌਟਲਿਆ ਨੇ ਰਾਜ ਵਾਸਤੇ ਇਕ ਖਾਸ ਸਿੱਖਿਆ ਅਤੇ ਸਿਖਲਾਈ ਦੇ ਵਿਚਾਰ ਵੀ ਦਿੱਤੇ ਹਨ। ਮੰਡਲ ਦੀ ਰਸਮ ਤੋਂ ਬਾਅਦ ਵਿਦਿਆਰਥੀ ਰਾਜ ਕੁਮਾਰ ਨੂੰ ਹਿਸਾਬ ਅਤੇ ਵਰਣਮਾਲਾ ਸਿੱਖਣੀ ਪੈਂਦੀ ਸੀ। ਅਭਿਸ਼ੇਕ ਦੀ ਰਸਮ ਤੋਂ ਬਾਅਦ ਉਸ ਲਈ ਵੇਦ, ਅਨਵਿਕਸ਼ਕੀ (Philosophy), ਵਰਤਾ (Economics) ਅਤੇ ਦੰਡ ਨੀਤੀ (Politics) ਦਾ ਵਿਗਿਆਨ ਪੜ੍ਹਨਾ ਜ਼ਰੂਰੀ ਹੈ।

**(2) ਅਮਾਤਿਯ:** ਅਮਾਤਿਯ ਦਾ ਅਰਥ ਮੰਤਰੀ ਹੈ। ਕੌਟਲਿਆ ਨੇ ਇਸ ਸ਼ਬਦ ਦਾ ਪ੍ਰਯੋਗ ਰਾਜ ਦੇ ਮੰਤਰੀਆਂ ਅਤੇ ਵੱਡੇ ਪ੍ਰਸ਼ਾਸਨਿਕ ਅਫਸਰਾਂ ਵਾਸਤੇ ਕੀਤਾ ਹੈ। ਉਸ ਨੇ ਕਿਹਾ ਹੈ ਕਿ ਪ੍ਰਭੂਸੱਤਾ ਸਹਿਯੋਗ ਨਾਲ ਹੀ ਸੰਭਵ ਹੋ ਸਕਦੀ ਹੈ। ਇਕ ਪਹੀਏ ਨਾਲ ਕਦੇ ਵੀ ਚਲਿਆ ਨਹੀਂ ਜਾ ਸਕਦਾ। ਇਸ ਲਈ ਰਾਜੇ ਨੂੰ ਸਲਾਹ ਲੈਣ ਵਾਸਤੇ ਮੰਤਰੀਆਂ ਦੀ ਜ਼ਰੂਰਤ ਹੁੰਦੀ ਹੈ। ਕੌਟਲਿਆ ਨੇ ਮੰਤਰੀਆਂ ਦੀ ਕੋਈ ਖਾਸ ਗਿਣਤੀ ਨਹੀਂ ਦੱਸੀ। ਰਾਜਾ ਆਪਣੀ ਲੋੜ ਅਤੇ ਇੱਛਾ ਅਨੁਸਾਰ ਮੰਤਰੀਆਂ ਦੀ ਨਿਯੁਕਤੀ ਕਰ ਸਕਦਾ ਹੈ। ਕੌਟਲਿਆ ਨੇ ਇਕ ਮੰਤਰੀ ਲਈ ਉਚਿੱਤ ਯੋਗਤਾਵਾਂ ਹੋਣੀਆਂ ਜ਼ਰੂਰੀ ਦੱਸੀਆਂ ਹਨ। ਉਹ ਉਸ ਦੇਸ਼ ਦਾ ਵਾਸੀ ਅਤੇ ਉੱਚ ਪਰਿਵਾਰ 'ਚੋਂ ਹੋਣਾ ਚਾਹੀਦਾ ਹੈ। ਉਹ ਸ਼ਾਸਨ ਕਾਲ ਵਿਚ ਨਿਪੁੰਨ, ਦੂਰਦਰਸ਼ੀ ਅਤੇ ਚੰਗੇ ਯਾਦਦਾਸ਼ਤ ਵਾਲਾ ਹੋਣਾ ਚਾਹੀਦਾ ਹੈ। ਉਹ ਸਮਝਦਾਰ, ਸਾਹਸੀ, ਬੁੱਧੀਮਾਨ, ਅਤੇ ਚੰਗੇ ਚਰਿੱਤਰ ਦਾ ਮਾਲਕ ਹੋਣਾ ਚਾਹੀਦਾ ਹੈ। ਉਸ ਵਿਚ ਚੰਗੀ ਸ਼ਕਤੀ, ਚੰਗੀ ਸਿਹਤ ਅਤੇ ਸਾਹਸ ਦਾ ਵੀ ਹੋਣਾ ਜ਼ਰੂਰੀ ਹੈ। ਮੰਤਰੀਆਂ ਤੋਂ ਕਈ ਵਾਰ ਸਲਾਹ ਲਈ ਜਾਂਦੀ ਹੈ। ਕੌਟਲਿਆ ਨੇ ਮੰਤਰੀ

ਮੰਡਲ ਅਤੇ ਮੰਤਰੀ ਪਰਿਸ਼ਦ ਵਿਚ ਵੀ ਅੰਤਰ ਕੀਤਾ। ਉਸ ਦਾ ਮੱਤ ਹੈ ਕਿ ਚੰਗੇ ਨਤੀਜੇ ਦੇਣ ਵਾਸਤੇ ਰਾਜਾਂ ਨੂੰ ਦੋ ਜਾਂ ਤਿੰਨ ਮੰਤਰੀਆਂ ਦੀ ਸਲਾਹ ਲੈਣੀ ਚਾਹੀਦੀ ਹੈ। ਭ੍ਰਿਸ਼ਟ ਮੰਤਰੀਆਂ ਅਤੇ ਅਫਸਰਾਂ ਵਾਸਤੇ ਸਖਤ ਸਜ਼ਾਵਾਂ ਦੱਸੀਆਂ ਗਈਆਂ ਹਨ।

**(3) ਜਨਪਦ:** ਜਨਪਦ ਸ਼ਬਦ ਦੇ ਅਰਥ ਉੱਤੇ ਵੀ ਬਹੁਤ ਵਾਦ-ਵਿਵਾਦ ਹੈ। ਪਰ ਇਸ ਨੂੰ ਅਸੀਂ ਜਨਸੰਖਿਆ ਅਤੇ ਭੂਮੀ ਦਾ ਤੱਤ ਕਹਿ ਸਕਦੇ ਹਾਂ। ਕੌਟਲਿਆ ਨੇ ਭੂਮੀ ਵਾਸਤੇ ਨਿਸ਼ਚਿਤ ਸਿੱਧਾਂਤ ਅਤੇ ਚੰਗੀ ਭੂਮੀ ਦੇ ਗੁਣ ਦੱਸੇ ਹਨ। ਉਸ ਦੇ ਅਨੁਸਾਰ ਚੰਗਾ ਇਲਾਕਾ ਉਹੀ ਹੈ ਜਿਸ ਵਿਚ ਮੁੱਖ ਸ਼ਹਿਰ ਕੇਂਦਰ ਵਿਚ ਵੀ ਹੋਣ ਤੇ ਰਾਜ ਦੀਆਂ ਸਰਹੱਦਾ ਦੇ ਨਾਲ ਨਾਲ ਵੀ। ਉਸ ਦਾ ਖੂਬ ਉਪਜਾਊ ਹੋਣਾ ਲਾਜ਼ਮੀ ਹੈ ਤਾਂ ਕਿ ਇਸ ਵਿਚ ਨਾ ਸਿਰਫ ਨਾਗਰਿਕਾਂ ਲਈ ਹੀ ਕਾਫੀ ਅਨਾਜ ਹੋਵੇ ਸਗੋਂ ਸੰਕਟ ਕਾਲ ਲਈ ਅਤੇ ਬਾਹਰੋਂ ਆਉਣ, ਵਾਲਿਆਂ ਲਈ ਵੀ ਕਾਫੀ ਅੰਨ ਹੋਵੇ। ਉਸ ਵਿਚ ਮਾਰੂਥਲ, ਉੱਬੜ-ਖਾਬੜ ਚੱਟਾਨਾਂ, ਜੰਗਲੀ ਜਾਨਵਰ, ਸ਼ੇਰ ਆਦਿ ਅਤੇ ਦੇਸ਼ ਵਿਰੁੱਧ ਜਾਲਸ਼ਾਜ਼ੀ ਕਰਨ ਵਾਲੇ ਨਹੀਂ ਹੋਣੇ ਚਾਹੀਦੇ। ਭੂਮੀ ਸੁੰਦਰ ਤੇ ਉਪਜਾਊ ਹੋਣੀ ਚਾਹੀਦੀ ਹੈ। ਉਸ ਵਿਚ ਖਾਣਾਂ, ਲੱਕੜੀ, ਹਾਥੀ ਅਤੇ ਜੰਗਲ ਹੋਣੇ ਚਾਹੀਦੇ ਹਨ। ਇਹ ਭੂਮੀ ਪਾਣੀ ਵਾਸਤੇ ਬਾਰਸ਼ ਤੇ ਨਿਰਭਰ ਨਹੀਂ ਹੋਣੀ ਚਾਹੀਦੀ ਹੈ ਸਗੋਂ ਇਸ ਵਿਚ ਸੰਚਾਈ ਦੇ ਹੋਰ ਸਾਧਨਾਂ ਦੀ ਵਿਵਸਥਾ ਹੋਣੀ ਚਾਹੀਦੀ ਹੈ। ਰਾਜ ਦੇ ਲੋਕ ਨਿਸ਼ਠਾਵਾਨ ਤੇ ਚੰਗੇ ਚਰਿੱਤਰ ਵਾਲੇ ਹੋਣੇ ਚਾਹੀਦੇ ਹਨ ਅਤੇ ਅਜਿਹੇ ਵੀ ਜੋ ਕਿ ਕਰਾਂ ਦਾ ਭਾਰ ਅਸਾਨੀ ਨਾਲ ਸਹਿ ਸਕਣ। ਜਿਵੇਂ ਕਿ ਇਸ ਵਰਣਨ ਤੋਂ ਸਪਸ਼ੱਟ ਹੈ ਕਿ ਕੌਟਲਿਆ ਦੇ ਭੂਮੀ ਪ੍ਰਤੀ ਵਿਚਾਰ ਪੱਛਮੀ ਵਿਚਾਰਕਾਂ ਨਾਲੋਂ ਵਧੇਰੇ ਅਗਾਂਹਵਧੂ ਹਨ।

**(4) ਦੁਰਗ:** ਪ੍ਰਾਚੀਨ ਭਾਰਤ ਵਿਚ ਦੁਰਗ (ਕਿਲ੍ਹੇ) ਰਾਜ ਦੀ ਰੱਖਿਆ ਵਾਸਤੇ ਜ਼ਰੂਰੀ ਹੁੰਦੇ ਸਨ। ਇਸੇ ਲਈ ਕੌਟਲਿਆ ਨੇ ਰਾਜ ਦੇ ਤੱਤਾਂ ਵਿਚ ਦੁਰਗ ਦਾ ਵਿਵਰਣ ਵੀ ਦਿੱਤਾ ਹੈ। ਕੌਟਲਿਆ ਅਨੁਸਾਰ ਰਾਜ ਦੇ ਧਨ ਅਤੇ ਫੋਜ ਦੀ ਰੱਖਿਆ ਦੁਰਗਾ ਉਤੇ ਹੀ ਨਿਰਭਰ ਕਰਦੀ ਹੈ। ਦੁਰਗ ਅਤੇ ਲੋਕਾਂ ਵਿਚ ਕੌਟਲਿਆ ਲੋਕਾਂ ਨੂੰ ਵਧੇਰੇ ਮਹੱਤਵਪੂਰਨ ਮੰਨਦਾ ਹੈ। ਪਰ ਦੁਰਗ ਤੇ ਖਜ਼ਾਨੇ ਵਿਚੋਂ ਉਹ ਦੁਰਗ ਨੂੰ ਵਧੇਰੇ ਮਹੱਤਵਪੂਰਨ ਮੰਨਦਾ ਹੈ। ਕੌਟਲਿਆ ਨੇ ਚਾਰ ਪ੍ਰਕਾਰਾਂ ਦੇ ਦੁਰਗ ਜਾਂ ਕਿਲ੍ਹਿਆਂ ਦਾ ਵਰਣਨ ਕੀਤਾ ਹੈ :

**(1) ਅਦੁੱਕ ਦੁਰਗ :** ਇਹਨਾਂ ਦੁਰਗਾਂ ਦੇ ਆਲੇ ਦੁਆਲੇ ਚੌੜੀਆਂ ਖਾਈਆਂ ਹੁੰਦੀਆਂ ਹਨ, ਜਿਹਨਾਂ ਵਿਚ ਪਾਣੀ ਭਰਿਆ ਰਹਿੰਦਾ ਹੈ।

**(2) ਪਰਬਤ ਦੁਰਗ :** ਇਹਨਾਂ ਦੇ ਚਾਰੇ ਪਾਸੇ ਪਹਾੜ ਅਤੇ ਚੱਟਾਨਾਂ ਹੁੰਦੀਆਂ ਹਨ।

**(3) ਧਨਵਾਨ ਦੁਰਗ :** ਇਹਨਾਂ ਦੇ ਆਲੇ ਦੁਆਲੇ ਮਾਰੂਥਲ ਹੁੰਦਾ ਹੈ, ਜਿਥੇ ਪਾਣੀ ਤੇ ਘਾਹ ਵੀ ਨਹੀਂ ਹੁੰਦਾ ਅਤੇ ਜਿਹਨਾਂ ਤੱਕ ਪਹੁੰਚਣਾ ਬਹੁਤ ਔਖਾ ਹੁੰਦਾ ਹੈ।

**(4) ਵਨ ਦੁਰਗ :** ਇਹਨਾਂ ਦੇ ਆਲੇ ਦੁਆਲੇ ਘਣੇ ਜੰਗਲ ਹੁੰਦੇ ਹਨ ਜਿਨ੍ਹਾਂ ਵਿਚੋਂ ਰਸਤਾ ਲੱਭਣਾ ਬਹੁਤ ਔਖਾ ਹੁੰਦਾ ਹੈ।

**(5) ਕੋਸ਼ :** ਖਜ਼ਾਨੇ ਨੂੰ ਰਾਜ ਦਾ ਬਹੁਤ ਹੀ ਮਹੱਤਵਪੂਰਨ ਤੱਤ ਮੰਨਿਆ ਗਿਆ ਹੈ, ਜਿਸ ਤੋਂ ਬਿਨਾਂ ਰਾਜ ਦਾ ਪ੍ਰਬੰਧ ਸੰਭਵ ਨਹੀਂ ਹੋ ਸਕਦਾ। ਕੌਟਲਿਆ ਦੇ ਅਨੁਸਾਰ ਸਾਰੇ ਜ਼ਰੂਰੀ ਕੰਮ ਧਨ ਉੱਤੇ ਨਿਰਭਰ ਕਰਦੇ ਹਨ। ਇਸ ਲਈ ਮੁੱਢਲਾ ਧਿਆਨ ਰਾਜ ਦੇ ਧਨ ਉੱਤੇ ਦੇਣਾ ਚਾਹੀਦਾ ਹੈ। ਕੌਟਲਿਆ ਨੇ ਇਹ

ਵਿਚਾਰ ਦਿੱਤਾ ਕਿ ਰਾਜੇ ਨੂੰ ਸਿਰਫ ਜਾਇਜ਼ ਜਾਂ ਕਾਨੂੰਨੀ ਢੰਗਾਂ ਰਾਹੀਂ ਹੀ ਧਨ ਇਕੱਠਾ ਕਰਨਾ ਚਾਹੀਦਾ ਹੈ। ਇਕ ਭਰਪੂਰ ਖਜ਼ਾਨਾ ਭਾਵ ਇਸ ਵਿਚ ਕਾਫੀ ਧਨ ਹੋਵੇ ਲੋਕਾਂ ਦੇ ਭਲੇ ਵਾਸਤੇ, ਫੌਜ ਦੇ ਪ੍ਰਬੰਧ ਵਾਸਤੇ ਅਤੇ ਦੇਸ਼ ਦੀ ਸੁਰੱਖਿਆ ਲਈ ਜ਼ਰੂਰੀ ਹੈ। ਉਸ ਨੇ ਕਿਹਾ ਕਿ ਉਦਯੋਗ, ਵਪਾਰ ਅਤੇ ਖੇਤੀਬਾੜੀ ਵੀ ਖਜ਼ਾਨੇ ਵਿਚ ਇਕ ਵੱਡਾ ਯੋਗਦਾਨ ਪਾਉਂਦੇ ਹਨ। ਸੋ ਰਾਜੇ ਨੂੰ ਇਹਨਾਂ ਦੀ ਠੀਕ ਤਰ੍ਹਾਂ ਦੇਖ ਭਾਲ ਕਰਨੀ ਚਾਹੀਦੀ ਹੈ। ਰਾਜੇ ਨੂੰ ਕਰ ਬੜੀ ਸਾਵਧਾਨੀ ਨਾਲ ਲਗਾਉਣੇ ਤੇ ਇੱਕਠੇ ਕਰਨੇ ਚਾਹੀਦੇ ਹਨ, ਉਸੇ ਤਰ੍ਹਾਂ ਜਿਵੇਂ ਮਾਲੀ ਸਿਰਫ ਪੱਕੇ ਹੋਏ ਫਲਾਂ ਨੂੰ ਹੀ ਉਤਾਰਦਾ ਹੈ। ਉਸ ਨੂੰ ਕਮਜ਼ੋਰ ਤਬਕੇ ਉੱਤੇ ਕਰ ਨਹੀਂ ਲਗਾਉਣੇ ਚਾਹੀਦੇ। ਇਸ ਨਾਲ ਅਸ਼ਾਂਤੀ ਫੈਲਣ ਦਾ ਖਤਰਾ ਹੁੰਦਾ ਹੈ।

**(6) ਦੰਡ :** ਦੰਡ ਦਾ ਅਰਥ ਫੌਜ ਹੈ। ਇਹ ਰਾਜ ਦਾ ਇਕ ਮਹੱਤਵਪੂਰਨ ਤੱਤ ਹੈ। ਫੌਜ ਰਾਹੀਂ ਹੀ ਦੇਸ਼ ਦੀ ਦੁਸ਼ਮਣਾਂ ਪਾਸੋਂ ਰੱਖਿਆ ਹੁੰਦੀ ਹੈ। ਕੌਟਲਿਆ ਨੇ ਛੇ ਤਰ੍ਹਾਂ ਦੀਆਂ ਫੌਜਾਂ ਦੱਸੀਆਂ ਹਨ :

(1) ਪੀੜ੍ਹੀ ਦਰ ਪੀੜ੍ਹੀ ਫੌਜਾਂ

(2) ਕਿਰਾਏ ਦੀਆਂ ਫੌਜਾਂ

(3) ਲੜਨ ਵਾਲੇ ਗੁਟਾਂ ਦੇ ਸੈਨਿਕ

(4) ਮਿੱਤਰ ਰਾਜਾਂ ਦੀਆ ਫੌਜਾਂ

(5) ਦੁਸ਼ਮਣ ਰਾਜਾਂ ਦੀਆ ਫੌਜਾਂ

(6) ਕਬੀਲਿਆਂ ਦੇ ਸੈਨਿਕ

ਇਹਨਾਂ ਸਾਰੀਆਂ ਵਿਚੋਂ ਪੀੜ੍ਹੀ ਦਰ ਪੀੜ੍ਹੀ ਫੌਜਾਂ ਕੌਟਲਿਆ ਅਨੁਸਾਰ ਜ਼ਿਆਦਾ ਮਹੱਤਵਪੂਰਨ ਹਨ। ਇਹਨਾਂ ਦੇ ਸੈਨਿਕ ਨਾ ਸਿਰਫ ਤਜਰਬੇਕਾਰ ਹੀ ਹੁੰਦੇ ਹਨ ਸਗੋਂ ਵਫਾਦਾਰ ਵੀ ਹੁੰਦੇ ਹਨ। ਕੌਟਲਿਆ ਦੇ ਅਨੁਸਾਰ ਰਾਜੇ ਨੂੰ ਆਪਣੀਆਂ ਫੌਜਾਂ ਨੂੰ ਚੰਗੇ ਹਥਿਆਰ ਪ੍ਰਦਾਨ ਕਰਨੇ ਚਾਹੀਦੇ ਹਨ ਅਤੇ ਉਹਨਾਂ ਨੂੰ ਸੰਤੁਸ਼ਟ ਰੱਖਣਾ ਚਾਹੀਦਾ ਹੈ। ਫੌਜਾਂ ਦੀ ਗਿਣਤੀ ਵਕਤ ਦੀ ਜ਼ਰੂਰਤ ਅਤੇ ਸੰਕਟ ਕਾਲ ਦੇ ਸਰੂਪ ਜਾਂ ਪ੍ਰਕ੍ਰਿਤੀ ਅਨੁਸਾਰ ਹੀ ਹੋਣੀ ਚਾਹੀਦੀ ਹੈ। ਰਾਜੇ ਨੂੰ ਬਹੁਤ ਹੀ ਬਹਾਦਰ ਅਤੇ ਅਜਿੱਤ ਹੋਣ ਦਾ ਪ੍ਰਭਾਵ ਆਪਣੀ ਫੌਜ ਤੇ ਪਾਉਣਾ ਚਾਹੀਦਾ ਹੈ ਤਾਂ ਕਿ ਉਨਾਂ ਦਾ ਉਤਸ਼ਾਹ ਬਣਿਆ ਰਹੇ। ਰਾਜੇ ਨੂੰ ਫੌਜੀਆਂ ਦੇ ਪਰਿਵਾਰਾਂ ਦੀ ਉਦੋਂ ਚੰਗੀ ਦੇਖਭਾਲ ਤੇ ਰੱਖਿਆ ਕਰਨੀ ਚਾਹੀਦੀ ਹੈ ਜਦੋਂ ਉਹ ਲੜਾਈ ਤੇ ਜਾਂਦੇ ਹਨ।

**(7) ਮਿੱਤਰ :** ਕੌਟਲਿਆ ਦੇ ਵਿਚਾਰ ਅਨੁਸਾਰ ਮਿੱਤਰ ਹੋਣੇ ਜ਼ਰੂਰੀ ਹਨ। ਇਹਨਾਂ ਤੋਂ ਬਿਨਾਂ ਰਾਜ ਦੀ ਰੱਖਿਆ ਸੰਭਵ ਨਹੀਂ ਹੋ ਸਕਦੀ। ਪ੍ਰਾਚੀਨ ਭਾਰਤ ਵਿਚ ਛੋਟੇ ਛੋਟੇ ਰਾਜ ਹੁੰਦੇ ਸਨ ਅਤੇ ਉਹਨਾਂ ਦੇ ਮਿੱਤਰ ਹੋਣ ਨਾਲ ਸ਼ਕਤੀ ਦਾ ਸੰਤੁਲਨ ਕਾਇਮ ਰਹਿੰਦਾ ਸੀ। ਅੱਜ ਕੱਲ੍ਹ ਵੀ ਸਾਨੂੰ ਨਾਟੋ, ਅਤੇ ਸੀਟੋ ਆਦਿ ਵਰਗੇ ਅਨੇਕਾਂ ਗਠਜੋੜ ਦੇਖਣ ਨੂੰ ਮਿਲਦੇ ਹਨ। ਕੌਟਲਿਆ ਨੇ ਸਹਿਜ ਅਤੇ ਹਰੀਤ੍ਰਿਣਾ ਦੋ ਪ੍ਰਕਾਰ ਦੇ ਮਿੱਤਰ ਦੱਸੇ ਹਨ। ਸਹਿਜ ਤੋਂ ਅਰਥ ਪਿਤਾ ਦੇ ਸਮੇਂ ਤੋਂ ਚੱਲਦਾ ਆ ਰਿਹਾ ਮਿੱਤਰ। ਹਰੀਤ੍ਰਿਣਾ ਦਾ ਅਰਥ ਆਪਣੇ ਆਪ ਬਣਾਇਆ ਗਿਆ ਮਿੱਤਰ। ਇਹਨਾਂ ਵਿਚੋਂ ਕੌਟਲਿਆ ਸਹਿਜ ਨੂੰ ਜ਼ਿਆਦਾ ਮਹੱਤਵਪੂਰਨ ਮੰਨਦਾ ਹੈ।

**ਕੌਟਲਿਆ ਦੇ ਵਿਚਾਰਾਂ ਦੀ ਪੱਛਮੀ ਵਿਚਾਰਕਾਂ ਨਾਲ ਤੁਲਨਾ :**

ਪੱਛਮੀ ਰਾਜਨੀਤਿਕ ਵਿਚਾਰਕਾਂ ਨੇ ਰਾਜ ਦੇ ਚਾਰ ਤੱਤ ਦੱਸੇ ਹਨ : ਜਨਸੰਖਿਆ, ਭੂਮੀ, ਸਰਕਾਰ ਅਤੇ ਪ੍ਰਭੂਸੱਤਾ। ਕੌਟਲਿਆ ਨੇ ਸੱਤ ਤੱਤਾਂ ਦਾ ਵੇਰਵਾ ਦਿੱਤਾ ਹੈ, ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਕੌਟਲਿਆ ਦਾ ਰਾਜ ਦੇ ਪ੍ਰਤੀ ਦ੍ਰਿਸ਼ਟੀਕੋਣ ਪੱਛਮੀ ਵਿਚਾਰਕਾਂ ਨਾਲੋਂ ਵਿਸ਼ਾਲ ਹੈ। ਜਨਸੰਖਿਆ ਦਾ ਅਤੇ ਭੂਮੀ ਦਾ ਤੱਤ ਜਨਪਦ ਵਿਚ ਦੇ ਦਿੱਤਾ ਗਿਆ ਹੈ। ਸਰਕਾਰ ਦਾ ਤੱਤ ਅਮਾਤਯਾ ਵਿਚ ਨਿਹਿਤ ਹੈ। ਪ੍ਰਭੂਸਤਾ ਸਵਾਮੀ ਵਿਚ ਹੈ। ਕੌਟਲਿਆ ਦਾ ਰਾਜ ਦੇ ਸਾਰੇ ਦ੍ਰਿਸ਼ਟੀਕੋਣ ਵਧੇਰੇ ਯਥਾਰਥਵਾਦੀ ਅਤੇ ਵਿਸ਼ਾਲ ਹੈ ਕਿਉਂਕਿ ਉਹ ਇਨ੍ਹਾਂ ਚਾਰ ਤੱਤਾਂ ਤੋਂ ਵੀ ਅੱਗੇ ਚਲਾ ਗਿਆ ਹੈ। ਉਸ ਨੇ ਫੌਜ, ਖਜ਼ਾਨਾ ਅਤੇ ਦੋਸਤ ਨੂੰ ਵੀ ਰਾਜ ਦੇ ਤੱਤਾਂ ਵਿਚ ਜੋੜਿਆ ਹੈ ਕਿਉਂਕਿ ਇਨ੍ਹਾਂ ਦੇ ਬਿਨ੍ਹਾਂ ਰਾਜ ਸੁਰੱਖਿਅਤ ਨਹੀਂ ਹੋ ਸਕਦਾ। ਉਸ ਦੇ ਇਹ ਵਿਚਾਰ ਅੱਜ ਵੀ ਓਨੇ ਹੀ ਸਾਰਥਕ ਹਨ ਜਿਨ੍ਹੇ ਕਿ ਅੱਜ ਤੋਂ ਸਦੀਆਂ ਪਹਿਲੇ ਸੀ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕੌਟਲਿਆ ਦੇ ਵਿਚਾਰ ਨਾ ਕੇਵਲ ਆਧੁਨਿਕ ਹਨ, ਸਗੋਂ ਆਧੁਨਿਕ ਪਰਿਭਾਸ਼ਾ ਦੀ ਆਲੋਚਨਾ ਕਰਦੇ ਹਨ ਅਤੇ ਇਸ ਨੂੰ ਅਧੂਰਾ ਸਾਬਿਤ ਕਰਦੇ ਹਨ।

**ਰਾਜ ਦਾ ਸਰੂਪ :** ਜਿਵੇਂ ਕਿ ਅਸੀਂ ਪਹਿਲਾਂ ਹੀ ਕਹਿ ਚੁੱਕੇ ਹਾਂ ਕਿ ਅਰਥ ਸ਼ਾਸਤਰ ਦਾ ਸਰੂਪ ਦਾਰਸ਼ਨਿਕ ਨਹੀਂ, ਇਹ ਤਾਂ ਸ਼ਾਸਨ ਦੀ ਕਲਾ ਵਿਚ ਸ਼ਾਸਕਾਂ ਦੀ ਅਗਵਾਈ (guidance) ਕਰਨ ਦੇ ਮੰਤਵ ਨਾਲ ਲਿਖਿਆ ਗਿਆ ਇਕ ਗ੍ਰੰਥ ਹੈ ਤੇ ਇਸ ਦਾ ਸਰੂਪ ਵਿਹਾਰਕ ਹੈ। ਇਸ ਲਈ ਸਾਨੂੰ ਇਸ ਰਾਜ ਦੀ ਉਤਪੱਤੀ ਅਤੇ ਸਰੂਪ ਬਾਰੇ ਕੋਈ ਵਿਸਥਾਰਪੂਰਵਕ ਚਰਚਾ ਨਹੀਂ ਮਿਲਦੀ, ਸਿਰਫ ਕੁਝ ਕੁ ਅਜਿਹੇ ਹਵਾਲੇ ਮਿਲਦੇ ਹਨ ਜਿਹਨਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਕੌਟਲਿਆ ਰਾਜ ਦੇ ਸਰੂਪ ਦੇ ਅੰਗਿਕ ਸਿੱਧਾਂਤ ਦਾ ਸਮਰਥਕ ਸੀ। ਉਹ ਕਹਿੰਦਾ ਹੈ, ''ਦੁਸ਼ਮਣ ਤੋਂ ਸਿਵਾ ਬਾਕੀ ਦੇ ਤੱਤ ਪ੍ਰਭੂਸੱਤਾ ਦੇ ਮਹੱਤਵਪੂਰਨ ਅੰਗ ਹਨ ਅਤੇ ਉਹਨਾਂ ਵਿਚ ਉਸੇ ਪ੍ਰਕਾਰ ਦੀ ਏਕਤਾ ਹੈ, ਇਹੋ ਜਿਹੀ ਸਰੀਰ ਦੇ ਅੰਗਾਂ ਵਿਚ ਹੁੰਦੀ ਹੈ।''

ਕੌਟਲਿਆ ਨੇ ਰਾਜ ਦੀ ਤੁਲਨਾ ਇਕ ਜੀਵ ਨਾਲ ਕੀਤੀ ਹੈ। ਰਾਜ ਦੇ ਸੱਤ ਤੱਤ, ਸਵਾਮੀ, ਅਮਾਤਿਆ, ਜਨਪਦ, ਦੁਰਗ, ਕੋਸ਼, ਦੰਡ ਅਤੇ ਮਿੱਤਰ ਸਰੀਰ ਦੇ ਸੱਤ ਅੰਗਾਂ ਵਾਂਗ ਹਨ ਅਤੇ ਆਪਣੇ ਆਪਣੇ ਫਰਜ਼ ਨਿਭਾਉਂਦੇ ਹਨ। ਅਗਰ ਇਹ ਸੱਤ ਅੰਗ ਆਪਸ ਵਿਚ ਮਿਲ ਕੇ ਕੰਮ ਕਰਨ ਤਾਂ ਰਾਜ ਦਾ ਕਾਰਜ ਚੰਗੀ ਤਰ੍ਹਾਂ ਚੱਲ ਸਕਦਾ ਹੈ। ਰਾਜਨੀਤਿਕ ਢਾਂਚੇ ਦਾ ਕੋਈ ਵੀ ਅੰਗ ਇਕ ਦੂਜੇ ਤੋਂ ਜ਼ਿਆਦਾ ਮਹੱਤਵਪੂਰਨ ਨਹੀਂ, ਫਿਰ ਵੀ ਕੌਟਲਿਆ ਦੇ ਅਨੁਸਾਰ ਸਵਾਮੀ ਨੂੰ ਸਭ ਤੋਂ ਉੱਚਾ ਸਥਾਨ ਪ੍ਰਾਪਤ ਹੈ। ਉਹ ਸੱਤ ਤੱਤ ਵਿਚੋਂ ਸਭ ਤੋਂ ਪਹਿਲਾ ਤੱਤ ਹੈ, ਉਹ ਜਾਤੀ ਅਤੇ ਸਮਾਜ ਦੇ ਨਿਯਮਾਂ ਅਤੇ ਸਥਾਨਿਕ ਰੀਤੀ ਰਿਵਾਜਾਂ ਨੂੰ ਵੀ ਧਿਆਨ ਵਿਚ ਰੱਖਦਾ ਹੈ। ਕੌਟਲਿਆ ਨੇ ਰਾਜੇ ਦੀਆਂ ਗਲਤੀਆਂ ਵਾਸਤੇ ਸਜ਼ਾ ਵੀ ਨਿਰਧਾਰਿਤ ਕੀਤੀ ਹੈ।

ਕੌਟਲਿਆ ਨੇ ਉਹ ਕਾਰਨ ਵੀ ਦੱਸੇ ਹਨ ਜਿਨ੍ਹਾਂ ਕਰਕੇ ਰਾਜ ਦੇ ਅੰਗ ਕਮਜ਼ੋਰ ਹੋ ਜਾਦੇ ਹਨ ਅਤੇ ਉਨ੍ਹਾਂ ਦੇ ਉਪਚਾਰ ਦੇ ਅਨੇਕ ਸਾਧਨ ਵੀ ਦੱਸੇ ਹਨ। ਰਾਜ ਉਦੋਂ ਹੀ ਭਲੀ ਭਾਂਤ ਕੰਮ ਕਰ ਸਕਦਾ ਹੈ ਜਦੋਂ ਉਸ ਦੇ ਅੰਗ ਸਵਸਥ ਹੋਣ। ਅਗਰ ਕਿਸੇ ਅੰਗ ਵਿਚ ਖਰਾਬੀ ਆ ਜਾਂਦੀ ਹੈ ਤਾਂ ਰਾਜ ਦਾ ਕਾਰਜਕ੍ਰਮ ਨਹੀਂ ਚੱਲ ਸਕਦਾ।

ਸਾਨੂੰ ਕੌਟਲਿਆ ਦੇ ਆਂਗਿਕ ਸਿੱਧਾਂਤ ਦਾ ਸਮਰਥਕ ਹੋਣ ਦੇ ਹੋਰ ਉਦਾਹਰਣ ਵੀ ਮਿਲਦੇ ਹਨ। ਪ੍ਰਾਚੀਨ ਭਾਰਤੀ ਸਮਾਜ ਚਾਰ ਵਰਗਾਂ ਨਾਲ ਬਣਿਆ ਹੋਇਆ ਸੀ। ਬ੍ਰਾਹਮਣ, ਖਤਰੀ, ਵੈਸ਼, ਅਤੇ ਸ਼ੂਦਰ। ਇਹਨਾਂ

ਵਰਗਾਂ ਨੂੰ ਖਾਸ ਕਿਸਮ ਦੇ ਕੰਮ ਦਿੱਤੇ ਹਨ ਜੋ ਸਮਾਜ ਦੇ ਕਲਿਆਣ ਵਾਸਤੇ ਕੀਤੇ ਜਾਂਦੇ ਸਨ। ਚਾਰੇ ਵਰਗ ਇਕ ਦੂਜੇ ਤੇ ਨਿਰਭਰ ਹੁੰਦੇ ਸਨ। ਮਨੂੰ ਨੇ ਸ਼ੂਦਰਾਂ ਨੂੰ ਬਾਕੀ ਦੇ ਵਰਗਾਂ ਦੇ ਮੁਕਾਬਲੇ ਘੱਟ ਦਰਜਾ ਦਿੱਤਾ ਸੀ। ਪਰ ਕੌਟਲਿਆ ਨੇ ਉਨ੍ਹਾਂ ਦੇ ਦਰਜੇ ਨੂੰ ਵਧਾ ਕੇ ਚਾਰੇ ਵਰਗਾਂ ਨੂੰ ਸਮਾਨ ਅਤੇ ਇਕ ਦੂਜੇ ਉੱਤੇ ਨਿਰਭਰ ਦੱਸਿਆ। ਇਸ ਤਰ੍ਹਾਂ ਆਂਗਿਕ ਸਿੱਧਾਂਤ ਦੇ ਅਨੁਸਾਰ ਚਾਰੇ ਵਰਗ ਰਾਜ ਦਾ ਅਟੁੱਟ ਅੰਗ ਹਨ ਅਤੇ ਇਕ ਦੂਜੇ ਤੇ ਆਧਾਰਿਤ ਹਨ।

## ਕੌਟਲਿਆ ਦੇ ਵਿਚਾਰਾਂ ਦੀ ਪੱਛਮੀ ਵਿਚਾਰਕਾਂ ਨਾਲ ਤੁਲਨਾ :

ਪੱਛਮੀ ਵਿਚਾਰਕਾਂ ਅਨੁਸਾਰ ਆਂਗਿਕ ਸਿੱਧਾਂਤ ਦੇ ਦੋ ਅਰਥ ਹਨ। ਪ੍ਰਾਚੀਨ ਅਰਥ ਤਾਂ ਅਰਸਤੂ ਦੇ ਵਿਚਾਰਾਂ ਵਿਚ ਮਿਲਦਾ ਹੈ, ਜਿਸ ਅਨੁਸਾਰ ਉਸ ਨੇ ਨੌ ਅੰਗ ਦੱਸੇ ਹਨ। ਇਹ ਹਨ ਮਾਲਕ (Husbandsmen), ਮਕੈਨਿਕ, ਵਪਾਰੀ, ਮਜ਼ਦੂਰ, ਫੌਜੀ, ਮੈਜਿਸਟਰੇਟ, ਸੰਪਤੀਵਾਨ (Propertymen) ਜੱਜ ਅਤੇ ਸਟੇਟਸਮੈਨ ਜਾਂ ਨੀਤੀਵੇਤਾ। ਉਸ ਦਾ ਮੱਤ ਹੈ ਕਿ ਇਹ ਸਾਰੇ ਹੀ ਅੰਗ ਖਾਸ ਕਾਰਜ ਨਿਭਾਉਂਦੇ ਹਨ ਅਤੇ ਅੰਤਰ ਨਿਰਭਰ ਹਨ। ਕੌਟਲਿਆ ਤੇ ਦੂਜੇ ਹਿੰਦੂ ਵਿਚਾਰਕਾਂ ਨੇ ਵੀ ਸਮਾਜ ਦੇ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਨਾਮੀ ਚਾਰ ਅੰਗ ਦੱਸੇ ਹਨ। ਸੋ ਅਰਸਤੂ ਦੁਆਰਾ ਦਿੱਤੇ ਨੌ ਅੰਗ ਭਾਰਤੀ ਵਿਚਰਕਾਂ ਦੇ ਅਨੁਸਾਰ ਚਾਰ ਅੰਗਾਂ ਵਿਚ ਬਦਲ ਜਾਂਦੇ ਹਨ ਇਸ ਲਈ ਪ੍ਰਾਚੀਨ ਯੂਨਾਨੀ ਵਿਚਾਰਕਾਂ ਦੀ ਰਾਜ ਦੇ ਆਂਗਿਕ ਸਰੂਪ ਦੇ ਬਾਰੇ ਧਾਰਨਾ ਦਾ ਸੰਕਲਪ ਕੌਟਲਿਆ ਦੇ ਅਰਥ ਸ਼ਾਸਤਰ ਵਿਚ ਵੀ ਮਿਲਦਾ ਹੈ।

ਆਧੁਨਿਕ ਯੁੱਗ ਵਿਚ ਆਂਗਿਕ ਸਿੱਧਾਂਤ ਦਾ ਮੁੱਖ ਸਮਰਥਕ ਹਰਬਰਟ ਸਪੈਂਸਰ ਹੈ। ਉਸ ਦੇ ਅਨੁਸਾਰ ਰਾਜ ਇੱਕ ਜੀਵਤ ਸਰੀਰ ਵਾਂਗ ਹੈ ਅਤੇ ਇਹ ਉਸੇ ਤਰ੍ਹਾਂ ਜਨਮ ਲੈਂਦਾ ਵਿਕਾਸ ਕਰਦਾ ਅਤੇ ਮਰਦਾ ਹੈ। ਵਿਅਕਤੀ ਸਰੀਰ ਦੇ ਸੈਲਾਂ ਵਾਂਗ ਹਨ। ਭਾਵੇਂ ਇਹ ਸੈਲ ਆਪਣੇ ਵੱਖ ਵੱਖ ਕਾਰਜ ਸੁਤੰਤਰ ਤੌਰ ਤੇ ਕਰਦੇ ਹਨ, ਪਰ ਫਿਰ ਵੀ ਰਾਜ ਰੂਪੀ ਸਰੀਰ ਦੇ ਅੰਗ ਹੋਣ ਕਾਰਨ ਇਕ ਦੂਜੇ ਤੇ ਨਿਰਭਰ ਹੁੰਦੇ ਹਨ। ਕੌਟਲਿਆ ਅਨੁਸਾਰ ਵੀ ਰਾਜ ਦੇ ਸੱਤ ਅੰਗ ਹਨ। ਜੋ ਆਪਣੇ ਕਾਰਜ ਨਿਭਾਉਣ ਦੇ ਨਾਲ ਨਾਲ ਇੱਕ ਦੂਜੇ ਤੇ ਨਿਰਭਰ ਵੀ ਹਨ।

ਇਸ ਤਰ੍ਹਾਂ ਦੋਹਾਂ ਹੀ ਪੱਖਾਂ ਤੋਂ ਕੌਟਲਿਆ ਨੇ ਰਾਜ ਨੂੰ ਇਕ ਜੀਵਿਤ ਸਰੀਰ ਮੰਨਿਆ ਹੈ। ਇਸ ਤਰ੍ਹਾਂ ਰਾਜ ਦੇ ਸਰੂਪ ਸੰਬੰਧੀ ਕੌਟਲਿਆ ਦੇ ਵਿਚਾਰ ਪੱਛਮੀ ਵਿਚਾਰਕਾਂ ਵੱਲੋਂ ਦਿੱਤੇ ਗਏ ਆਂਗਿਕ ਸਿੱਧਾਂਤਾਂ ਦੇ ਨਾਲ ਕਾਫੀ ਹੱਦ ਮਿਲਦੇ ਜੁਲਦੇ ਹਨ। ਇਸ ਸਿੱਧਾਂਤ ਦੇ ਸਮਰਥਕਾਂ ਦਾ ਉਦੇਸ਼ ਕੇਵਲ ਰਾਜ ਦੀ ਉਤਪੱਤੀ, ਵਿਕਾਸ ਤੇ ਅੰਤ ਦੀ ਮਨੁੱਖੀ ਸਰੀਰ ਦੇ ਵੱਖ ਵੱਖ ਪੜਾਵਾਂ (stages) ਨਾਲ ਸਿਰਫ ਤੁਲਨਾ ਕਰਨਾ ਹੀ ਨਹੀਂ ਸੀ, ਸਗੋਂ ਇਹ ਦੱਸਣਾ ਸੀ ਕਿ ਰਾਜ ਤੇ ਵਿਅਕਤੀ ਇਕ ਦੂਜੇ ਤੇ ਨਿਰਭਰ ਹਨ ਬਿਲਕੁਲ ਉਸੇ ਤਰ੍ਹਾਂ ਜਿਵੇਂ ਸਰੀਰ ਦੇ ਅੰਗ ਸਰੀਰ ਤੇ ਨਿਰਭਰ ਹਨ ਅਤੇ ਹਰ ਵਿਅਕਤੀ ਨੂੰ ਆਪਣਾ ਕਰਤੱਵ ਠੀਕ ਨਿਭਾਉਣਾ ਚਾਹੀਦਾ ਹੈ ਤਾਂ ਕਿ ਰਾਜ ਸੁਚਾਰੂ ਰੂਪ ਨਾਲ ਕਾਰਜ ਕਰ ਸਕੇ। ਕੌਟਲਿਆ ਦਾ ਆਂਗਿਕ ਸਿੱਧਾਂਤ ਵੀ ਇਹਨਾਂ ਦੋਹਾਂ ਪੱਖਾਂ ਤੇ ਕਿ ਰਾਜ ਸੁਚਾਰੂ ਰੂਪ ਨਾਲ ਕਾਰਜ ਕਰ ਸਕੇ। ਕੌਟਲਿਆ ਨੂੰ ਆਪਣਾ ਕਰਤੱਵ ਠੀਕ ਨਿਭਾਉਣਾ ਚਾਹੀਦਾ ਹੈ ਤਾਂ ਕਿ ਰਾਜ ਸੁਚਾਰੂ ਰੂਪ ਨਾਲ ਕਾਰਜ ਕਰ ਸਕੇ।। ਕੌਟਲਿਆ ਦਾ ਆਂਗਿਕ ਸਿੱਧਾਂਤ ਵੀ ਇਹਨਾਂ ਦੋਹਾਂ ਪੱਖਾਂ ਤੇ ਜ਼ੋਰ ਦਿੰਦਾ ਹੈ : (ੳ) ਰਾਜ ਤੇ ਵਿਅਕਤੀ ਦੀ ਅੰਤਰ ਨਿਰਭਰਤਾ (ਅ) ਹਰ ਇਕ ਦੁਆਰਾ ਕਰਤੱਵਾਂ ਨੂੰ ਠੀਕ ਢੰਗ ਨਾਲ ਨਿਭਾਉਣ ਦੀ ਲੋੜ ਤੇ ਜ਼ੋਰ।

**ਰਾਜ ਦੀ ਉਤਪੱਤੀ :** ਕੌਟਲਿਆ ਨੇ ਰਾਜ ਦੀ ਉਤਪੱਤੀ ਦਾ ਸਿੱਧਾਂਤ ਦੇਣ ਦਾ ਕੋਈ ਪ੍ਰਤੱਖ ਯਤਨ ਨਹੀਂ ਕੀਤਾ। ਉਸ ਦੇ ਗ੍ਰੰਥ ਅਰਥ ਸ਼ਾਸਤਰ ਵਿਚਲੇ ਅਪ੍ਰਤੱਖ ਹਵਾਲਿਆਂ ਵਿਚੋਂ ਕੁੱਝ ਲੇਖਕਾਂ ਨੇ ਦੋ ਸਿੱਧਾਂਤ ਲੱਭਣ ਦਾ ਯਤਨ ਕੀਤਾ ਹੈ। ਇਹ ਹਨ:

ਦੈਵੀ ਉਤਪੱਤੀ ਦਾ ਸਿੱਧਾਂਤ

ਸਮਾਜਿਕ ਸਮਝੌਤੇ ਦਾ ਸਿੱਧਾਂਤ

**ਦੈਵੀ ਉਤਪੱਤੀ ਦਾ ਸਿੱਧਾਂਤ :**

ਅਰਥ ਸ਼ਾਸਤਰ ਵਿਚ ਦੋ ਜਾਸੂਸਾਂ ਵਿਚਕਾਰ ਇਕ ਗੱਲਬਾਤ ਦਾ ਉਲੇਖ ਹੈ, ਜਿਸ ਨੂੰ ਬਹੁਤ ਸਾਰੇ ਲੇ ਖਕਾਂ ਨੇ ਦੈਵੀ ਸਿੱਧਾਂਤਾਂ ਦੇ ਹਵਾਲੇ ਵਜੋਂ ਲਿਆ ਹੈ। ਉਸ ਬਹਿਸ ਦੇ ਦੌਰਾਨ ਇਕ ਜਾਸੂਸ ਵਲੋਂ ਇਹ ਕਿਹਾ ਗਿਆ ਹੈ ਕਿ ਰਾਜੇ ਵਿਚ ਇੰਦਰ ਤੇ ਯਮ ਦੇ ਸਾਰੇ ਕਰਤੱਵ ਸਮਾਏ ਹੋਏ ਹਨ ਅਤੇ ਜੋ ਵੀ ਰਾਜੇ ਦਾ ਨਿਰਾਦਰ ਕਰੇਗਾ ਤੇ ਉਸ ਦਾ ਹੁਕਮ ਨਹੀਂ ਮੰਨੇਗਾ, ਉਸ ਨੂੰ ਪ੍ਰਮਾਤਮਾ ਵੱਲੋਂ ਸਜ਼ਾ ਮਿਲੇ ਗੀ। ਇਕ ਜਾਸੂਸ ਇਹ ਕਹਿੰਦਾ ਹੈ ਕਿ ਰਾਜਾ ਜੰਗਲ ਦੇ ਕਾਨੂੰਨ ਨੂੰ ਸਮਾਪਤ ਕਰਨ ਲਈ ਹੋਂਦ ਵਿਚ ਆਇਆ ਹੈ ਅਤੇ ਉਹ ਰਾਜੇ ਦੀ ਤੁਲਨਾ ਦੇਵਤੇ ਨਾਲ ਕਰਦਾ ਹੈ ਅਤੇ ਇਥੋਂ ਤੱਕ ਵੀ ਕਹਿੰਦਾ ਹੈ ਕਿ ਕੋਈ ਵੀ ਦੇਵਤਾ ਰਾਜੇ ਤੋਂ ਉੱਪਰ ਨਹੀਂ ਹੁੰਦਾ। ਇਹਨਾਂ ਹਵਾਲਿਆਂ ਤੋਂ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਕੌਟਲਿਆ ਨੇ ਰਾਜੇ ਦੀ ਦੈਵੀ ਉਤਪੱਤੀ ਦੇ ਸਿੱਧਾਂਤ ਦਾ ਸਮਰਥਨ ਕੀਤਾ ਅਤੇ ਉਸ ਨੂੰ ਧਰਤੀ ਉੱਤੇ ਇਕ ਦੇਵਤੇ ਦਾ ਦਰਜਾ ਦਿੱਤਾ।

**ਪੱਛਮੀ ਵਿਚਾਰਾਂ ਦੀ ਦੈਵੀ ਉਤਪੱਤੀ ਸਿੱਧਾਂਤ ਨਾਲ ਤੁਲਨਾ :**

ਜੇਕਰ ਕੌਟਲਿਆ ਦੇ ਰਾਜਤੰਤਰ ਦੇ ਸਿਧਾਂਤ ਨੂੰ ਧਿਆਨ ਪੂਰਵਕ ਜਾਂਚਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਕੌਟਲਿਆ ਨੇ ਕਦੇ ਉਸ ਪ੍ਰਕਾਰ ਦੇ ਦੈਵੀ ਉਤਪੱਤੀ ਦੇ ਸਿੱਧਾਂਤ ਦਾ ਸਮਰਥਨ ਨਹੀਂ ਕੀਤਾ, ਜਿਸ ਤਰ੍ਹਾਂ ਕਿ ਇਹ ਪੱਛਮੀ ਰਾਜਨੀਤਿਕ ਵਿਚਾਰਧਾਰਾ ਵਿਚ ਮੌਜੂਦ ਹੈ। ਪੱਛਮੀ ਰਾਜਨੀਤਿਕ ਵਿਚਾਰਧਾਰਾ ਵਿਚ ਪ੍ਰਚਲਿੱਤ ਦੈਵੀ ਉਤਪੱਤੀ ਦੇ ਸਿੱਧਾਂਤ ਦੇ ਹੇਠ ਲਿਖੇ ਚਾਰ ਭਾਗ ਹਨ :

(1) ਰਾਜਤੰਤਰ ਦੈਵੀ ਸੰਸਥਾ ਹੈ।

(2) ਰਾਜਿਆਂ ਦੇ ਪੈਤ੍ਰਿਕ ਅਧਿਕਾਰਾਂ ਨੂੰ ਖੋਹਿਆ ਨਹੀਂ ਜਾ ਸਕਦਾ।

(3) ਰਾਜੇ ਸਿਰਫ ਪ੍ਰਮਾਤਮਾ ਪ੍ਰਤੀ ਹੀ ਉੱਤਰਦਾਈ ਹਨ।

(4) ਰਾਜੇ ਦੇ ਹੁਕਮ ਨੂੰ ਨਾ ਮੰਨਣਾ ਪਾਪ ਹੈ।

ਪਰ ਕੌਟਲਿਆ ਦੀ ਰਾਜਤੰਤਰ ਦੀ ਧਾਰਣਾ ਦਾ ਇਹ ਉਪਰੋਕਤ ਅਰਥ ਨਹੀਂ। ਉੱਪਰ ਦੱਸੇ ਗਏ ਪੈਰੇ ਵਿਚ ਜਾਸੂਸ ਵਲੋਂ ਦਿੱਤੇ ਗਏ ਵਿਚਾਰ ਅਸਲ ਵਿਚ ਇਹ ਨਹੀਂ ਕਹਿੰਦੇ ਕਿ ਰਾਜਾ ਪ੍ਰਮਾਤਮਾ ਦੀ ਦੇਣ ਹੈ, ਸਗੋਂ ਇੰਦਰ ਤੇ ਯਮ ਨਾਲ ਸਿਰਫ ਰਾਜੇ ਦੀ ਤੁਲਨਾ ਹੀ ਕਰਦੇ ਹਨ। ਅਰਥ ਸ਼ਾਸਤਰ ਵਿਚ ਰਾਜੇ ਦੇ ਪੈਤ੍ਰਿਕ ਉੱਤਰ ਅਧਿਕਾਰ ਦਾ ਸਮਰਥਨ ਨਹੀਂ ਕੀਤਾ ਗਿਆ ਅਤੇ ਨਾ ਹੀ ਉਸ ਦੀ ਤਾਨਾਸ਼ਾਹੀ ਦਾ। ਭਾਵੇਂ ਰਾਜਾ ਲੋਕਾਂ ਵਾਸਤੇ ਸਨਮਾਨ ਯੋਗ, ਤੇ ਪੂਜਯ ਸੀ, ਪਰ ਫਿਰ ਵੀ ਲੋਕ ਉਸ ਦੀ ਇੱਛਾ ਦੇ ਪੁਤਲੇ ਨਹੀਂ ਸਨ। ਰਾਜਾ ਲੋਕਾਂ ਲਈ ਕੋਈ ਗੈਰ ਨਹੀਂ ਸੀ, ਉਹ ਤਾਂ ਲੋਕ ਇੱਛਾ ਪ੍ਰਤੀਕ ਸੀ। ਜਦੋਂ ਕੌਟਲਿਆ 'ਮੂਰਖ ਤੇ ਸਿਆਣੇ' ਰਾਜੇ ਦਾ ਸਿੱਧਾਂਤ ਦਿੰਦਾ ਹੈ ਤਾਂ ਉਹ ਅਸਲ ਵਿਚ ਦੈਵੀ ਅਧਿਕਾਰਾਂ ਦੇ ਸਿੱਧਾਂਤ ਦਾ ਖੰਡਨ ਕਰਦਾ ਹੈ ਕਿਉਂਕਿ ਜੇ ਕਰ ਰਾਜੇ ਨੂੰ ਪ੍ਰਮਾਤਮਾ ਦੀ ਦੇਣ ਮੰਨ ਲਿਆ ਜਾਵੇ

ਤਾਂ ਫਿਰ ਉਸ ਦਾ ਵਿਰੋਧ ਕਰਨਾ ਜਾਂ ਉਸ ਨੂੰ ਮੂਰਖ ਮੰਨਣਾ ਪਾਪ ਹੈ। ਕੌਟਲਿਆ ਅਨੁਸਾਰ ਰਾਜਾ ਉਹਨਾਂ ਬਹੁਤਿਆਂ ਵਿਚੋਂ ਇੱਕ ਹੈ ਜੋ ਰਾਜਾ ਬਣਨ ਦੇ ਇੱਛੁਕ ਹੋ ਸਕਦੇ ਹਨ ਭਾਵ ਕੋਈ ਵੀ ਕੁਲੀਨ ਵਿਅਕਤੀ ਸਹੀ ਤੇ ਨਿਰਧਾਰਿਤ ਟ੍ਰੇਨਿੰਗ ਅਤੇ ਸਿੱਖਿਆ ਪ੍ਰਾਪਤ ਕਰ ਕੇ ਰਾਜਾ ਬਣ ਸਕਦਾ ਸੀ। ਮਨੂੰ ਨੇ ਭਾਵੇਂ ਰਾਜੇ ਦੀ ਦੈਵੀ ਸ਼ਕਤੀ ਤੇ ਦੈਵੀ ਉਤਪੱਤੀ ਦੇ ਸਿੱਧਾਂਤ ਨੂੰ ਮਾਨਤਾ ਦਿੱਤੀ ਸੀ, ਪਰ ਕੌਟਲਿਆ ਨੇ ਰਾਜੇ ਦੀ ਦੈਵੀ ਉਤਪੱਤੀ ਦੇ ਸਿੱਧਾਂਤ ਦੀ ਕਦੇ ਵੀ ਪ੍ਰੋੜ੍ਹਤਾ ਨਹੀਂ ਸੀ ਕੀਤੀ। ਅਰਥ ਸ਼ਾਸਤਰ ਵਿਚ ਅਜਿਹਾ ਕੋਈ ਹਵਾਲਾ ਨਹੀਂ ਮਿਲਦਾ ਜਿਸ ਤੋਂ ਲਗੇ ਕਿ ਕੌਟਲਿਆ ਰਾਜੇ ਨੂੰ ਧਰਤੀ ਉੱਤੇ ਪ੍ਰਮਾਤਮਾ ਦਾ ਰੂਪ ਮੰਨਦਾ ਸੀ। ਕੌਟਲਿਆ ਅਨੁਸਾਰ ਰਾਜੇ ਦੀ ਉਤਪੱਤੀ ਦੈਵੀ ਨਹੀਂ, ਉਹ ਬਾਕੀ ਮਨੁੱਖਾਂ ਵਾਂਗ ਹੀ ਮਨੁੱਖ ਹੈ।

## ਸਮਾਜਿਕ ਸਮਝੌਤੇ ਦਾ ਸਿੱਧਾਂਤ :

ਇਸ ਸਿੱਧਾਂਤ ਅਨੁਸਾਰ ਰਾਜ ਦੀ ਉਤਪੱਤੀ ਲੋਕਾਂ ਦੇ ਵਿਚ ਹੋਏ ਇਕ ਸਮਝੌਤੇ ਦੁਆਰਾ ਹੋਈ। ਇਹ ਵਿਚਾਰ ਪੱਛਮ ਵਿਚ ਹਾਬਸ, ਲੱਕ ਅਤੇ ਰੂਸੋ ਨੇ ਦਿੱਤਾ। ਉਹਨਾਂ ਦੇ ਅਨੁਸਾਰ ਰਾਜ ਦੀ ਉਤਪੱਤੀ ਤੋਂ ਪਹਿਲਾਂ ਲੋਕ ਪ੍ਰਾਕ੍ਰਿਤਕ ਅਵਸਥਾ ਵਿਚ ਰਹਿੰਦੇ ਸਨ। ਇਹਨਾਂ ਲੇਖਕਾਂ ਨੇ ਪ੍ਰਾਕ੍ਰਿਤਕ ਅਵਸਥਾ ਦੇ ਭਿੰਨ ਭਿੰਨ ਹਾਲਾਤ ਦੱਸੇ ਹਨ। ਪਰ ਉਹ ਸਾਰੇ ਇਸ ਗੱਲ ਨੂੰ ਮੰਨਦੇ ਹਨ ਕਿ ਪ੍ਰਾਕ੍ਰਿਤਕ ਅਵਸਥਾ ਵਿਚ ਰਹਿਣ ਵਾਲੇ ਲੋਕ ਇਸ ਤੋਂ ਬਾਹਰ ਆਉਣਾ ਚਾਹੁੰਦੇ ਸਨ। ਉਹਨਾਂ ਨੇ ਇਕ ਸਮਝੌਤਾ ਕੀਤਾ ਅਤੇ ਇਕ ਰਾਜਨੀਤਿਕ ਸ਼ਕਤੀ ਬਣਾ ਦਿੱਤੀ ਜੋ ਉਹਨਾਂ ਦੀਆਂ ਸਮੱਸਿਆਵਾਂ ਦੀ ਦੇਖਭਾਲ ਤੇ ਹੱਲ ਕਰੇਗੀ।

ਕੌਟਲਿਆ ਦੇ ਅਰਥ ਸ਼ਾਸਤਰ ਵਿਚ ਸਮਝੌਤੇ ਦਾ ਕੋਈ ਪ੍ਰਤੱਖ ਬਿਆਨ ਨਹੀਂ ਹੈ। ਫਿਰ ਵੀ ਇਸ ਦਾ ਦੋ ਜਗ੍ਹਾ ਤੇ ਹਵਾਲਾ ਮਿਲਦਾ ਹੈ। ਇੱਕ ਜਗ੍ਹਾ ਤੇ ਕਿਹਾ ਗਿਆ ਹੈ ਕਿ ਜਦੋਂ ਰਾਜ ਦੇ ਕਾਨੂੰਨਾਂ ਦੀ ਪਾਲਣਾ ਨਹੀਂ ਕੀਤੀ ਜਾਦੀ ਤਾਂ ਸਮਾਜ ਵਿਚ ਅਜਿਹੀ ਅਵਿਵਸਥਾ ਫੈਲ ਜਾਂਦੀ ਹੈ, ਜਿਸ ਤਰ੍ਹਾਂ ਦੀ ws ; fBn K (Law of Fishes or Jungle) ਅਧੀਨ ਹੁੰਦੀ ਹੈ, ਕਿਉਂਕਿ ਨਿਆਂ ਕਰਨ ਵਾਲੇ ਅਧਿਕਾਰੀ ਤੋਂ ਬਿਨਾਂ ਤਕੜਾ ਕਮਜ਼ੋਰ ਨੂੰ ਖਾ ਹੀ ਜਾਵੇਗਾ, ਪਰ ਜਦੋਂ ਕਮਜ਼ੋਰ ਆਦਮੀ ਨੂੰ ਆਸਰਾ ਮਿਲਿਆ ਹੋਵੇਗਾ ਤਾਂ ਉਹ ਆਪਣੇ ਆਪ ਨੂੰ ਤਕੜੇ ਤੋਂ ਬਚਾ ਸਕੇਗਾ। ਇਸ ਤਰ੍ਹਾਂ ਇਸ ਪੈਰੇ ਵਿਚ ਸਮਾਜਿਕ ਸਮਝੌਤੇ ਦੇ ਸਿੱਧਾਂਤ ਦਾ ਕੋਈ ਉਲੇਖ ਨਹੀਂ ਮਿਲਦਾ। ਇਸ ਵਿਚ ਸਿਰਫ ਸਮਾਜ ਦੀਆਂ ਉਹਨਾਂ ਹਾਲਤਾਂ ਦਾ ਹਵਾਲਾ ਹੈ ਜਦੋਂ ਜੰਗਲ ਦਾ ਕਾਨੂੰਨ ਲਾਗੂ ਸੀ। ਇਸ ਅਵਿਵਸਥਾ ਨੂੰ ਸਿਰਫ ਮੈਜਿਸਟਰੇਟ ਦੀ ਨਿਯੁਕਤੀ ਨਾਲ ਹੀ (ਜੋ ਕਿ ਸਰਕਾਰ ਦਾ ਪ੍ਰਤੀਕ ਹੈ) ਸਮਾਪਤ ਕੀਤਾ ਜਾ ਸਕਿਆ ਹੈ।

ਇਕ ਹੋਰ ਹਵਾਲੇ ਅਨੁਸਾਰ ਕੌਟਲਿਆ ਕਹਿੰਦਾ ਹੈ ਕਿ ''ਲੋਕਾਂ ਨੇ ਸਮਾਜ ਵਿਚ ਪ੍ਰਚਲਿਤ ਜੰਗਲ ਦੇ ਕਾਨੂੰਨ ਜਾਂ ਮਤਸਨਿਆਂ (Law of Fishes) ਤੋਂ ਤੰਗ ਆ ਕੇ ਮਨੂੰ ਨੂੰ ਆਪਣਾ ਰਾਜਾ ਚੁਣਿਆ ਅਤੇ ਉਸ ਨੂੰ ਆਪਣੇ ਅਨਾਜ ਦਾ ਛੇਵਾਂ ਅਤੇ ਵਪਾਰ ਆਦਿ ਦੀਆਂ ਚੀਜ਼ਾਂ ਦਾ ਦਸਵਾਂ ਹਿੱਸਾ ਕਰ ਵਜੋਂ ਦੇਣਾ ਸ਼ੁਰੂ ਕਰ ਦਿੱਤਾ। ਇਸ ਕਰ ਦੇ ਬਦਲੇ ਰਾਜੇ ਨੇ ਲੋਕਾਂ ਦੀ ਜਾਂ ਆਪਣੀ ਪਰਜਾ ਦੀ ਸੁਰੱਖਿਆ ਦੀ ਅਤੇ ਉਹਨਾਂ ਦੇ ਪਾਪਾਂ ਦੀ ਜਵਾਬਦੇਹੀ ਦੀ ਜ਼ਿੰਮੇਵਾਰੀ ਆਪਣੇ ਉੱਪਰ ਲੈ ਲਈ। ਇੱਥੋਂ ਤਕ ਕਿ ਸਾਧੂ ਸੰਤ ਵੀ ਭਿਖਿਆ ਮੰਗ ਕੇ ਇੱਕਠੇ ਕੀਤੇ ਅੰਨ ਦਾ ਛੇਵਾਂ ਹਿੱਸਾ ਰਾਜੇ ਨੂੰ ਦਿੰਦੇ ਸਨ, ਇਹ ਸੋਚ ਕੇ ਕਿ ਇਹ ਉਹਨਾਂ ਦੀ ਸੁਰੱਖਿਆ ਬਦਲੇ ਦਿੱਤਾ ਗਿਆ ਟੈਕਸ ਜਾਂ ਕਰ ਹੈ। ਇਸ ਤਰ੍ਹਾਂ ਇਸ ਉਪਰੋਕਤ ਪੈਰੇ ਵਿਚ ਇਤਿਹਾਸ ਦੇ ਇੱਕ ਅਜਿਹੇ ਪੜਾਅ ਦਾ ਜ਼ਿਕਰ ਹੈ, ਜਿਸ ਵਿਚ ਹਰ ਪਾਸੇ ਅਰਾਜਕਤਾ ਸੀ। ਇਸ ਅਵਿਵਸਥਾ ਦੀ ਸਥਿਤੀ ਤੋਂ ਤੰਗ ਆ ਕੇ ਲੋਕਾਂ ਨੇ ਅਜਿਹੇ ਰਾਜੇ ਦੀ ਲੋੜ ਮਹਿਸੂਸ ਕੀਤੀ ਜੋ

ਉਹਨਾਂ ਦੀ ਰੱਖਿਆ ਕਰ ਸਕੇ ਅਤੇ ਉਹਨਾਂ ਵਿਚ ਸੁਰੱਖਿਅਤ ਹੋਣ ਦੀ ਭਾਵਨਾ ਪੈਦਾ ਕਰ ਸਕੇ। ਸੋ ਉਹਨਾਂ ਨੇ ਮਨੂੰ ਨੂੰ ਆਪਣਾ ਪਹਿਲਾ ਰਾਜਾ ਚੁਣਿਆ, ਜਿਸ ਨੇ ਉਹਨਾਂ ਨਾਲ ਵਿਵਸਥਾ ਸਥਾਪਤ ਕਰਨ ਦਾ ਅਤੇ ਸ਼ਾਂਤੀ ਤੇ ਇਕਸੁਰਤਾ ਲਿਆਉਣ ਦਾ ਵਾਅਦਾ ਕੀਤਾ। ਇਸ ਸੁਰੱਖਿਆ ਦੇ ਬਦਲੇ ਲੋਕ ਉਸ ਦੀ ਆਗਿਆ ਦਾ ਪਾਲਣ ਕਰਨ ਅਤੇ ਆਪਣੀ ਕੁੱਝ ਆਮਦਨ ਦਾ ਹਿੱਸਾ ਕਰ ਵਜੋਂ ਦੇਣ ਲਈ ਤਿਆਰ ਹੋ ਗਏ।

ਉਪਰੋਕਤ ਪੈਰੇ ਦਾ ਹਵਾਲਾ ਦਿੰਦੇ ਹੋਏ ਵੀ ਭੰਡਾਰਕਰ ਕਹਿੰਦਾ ਹੈ ਕਿ ''ਪ੍ਰਾਚੀਨ ਭਾਰਤ ਵਿਚ ਪ੍ਰਭੂਸੱਤਾ ਇਕ ਸਮਾਜਿਕ ਸਮਝੌਤੇ ਦੁਆਰਾ ਹੋਂਦ ਵਿਚ ਆਈ।'' ਪ੍ਰਾਕ੍ਰਿਤਕ ਅਵਸਥਾ ਇਕ ਅਜਿਹੀ ਸਥਿਤੀ ਸੀ ਜਿਸ ਵਿਚ ਹਰ ਵੇਲੇ ਯੁੱਧ ਵਰਗੀ ਸਥਿਤੀ ਬਣੀ ਰਹਿੰਦੀ ਸੀ ਤੇ ਇਸ ਵਾਤਾਵਰਣ ਦਾ ਅੰਤ ਉਦੋਂ ਹੀ ਹੋਇਆ ਜਦੋਂ ਲੋਕ ਆਪਣੀ ਸੁਤੰਤਰਤਾ ਇਕ ਪ੍ਰਭੂ ਦੇ ਹੱਥ ਸੌਂਪਣ ਲਈ ਤਿਆਰ ਹੋ ਗਏ। ਕੌਟਲਿਆ ਦਾ ਸਮਾਜਿਕ ਸਮਝੌਤੇ ਦਾ ਸਿੱਧਾਂਤ ਹਾਬਸ ਨਾਲ ਮਿਲਦਾ ਹੈ।

## ਕੌਟਲਿਆ ਦੇ ਵਿਚਾਰਾਂ ਦੀ ਪੱਛਮੀ ਵਿਚਾਰਾਂ ਨਾਲ ਤੁਲਨਾ :

ਉੱਪਰ ਦਿੱਤੇ ਗਏ ਵਰਣਨ ਤੋਂ ਇਹ ਜਾਪਦਾ ਹੈ ਕਿ ਕੌਟਲਿਆ ਦੇ ਸਮਾਜਿਕ ਸਮਝੋਤੇ ਬਾਰੇ ਵਿਚਾਰ ਪੱਛਮੀ ਸਮਾਜਿਕ ਸਮਝੌਤੇ ਦੇ ਸਿੱਧਾਂਤਾਂ ਨਾਲ ਮਿਲਦੇ ਜੁਲਦੇ ਹਨ, ਪਰ ਇਹ ਸੱਚ ਨਹੀਂ। ਉਹਨਾਂ ਦੇ ਵਿਚ ਸਿਰਫ ਇਹੀ ਸਮਾਨਤਾ ਹੈ ਕਿ ਦੋਹਾਂ ਨੂੰ (ਪੱਛਮੀ ਵਿਚਾਰਕ ਤੇ ਕੌਟਲਿਆ ਨੇ) ਰਾਜੇ ਤੋਂ ਪਹਿਲਾਂ ਸਮਾਜ ਦਾ ਇਕ ਅਵਿਵਸਥਾ ਵਾਲਾ ਰੂਪ ਦਰਸਾਇਆ ਹੈ ਅਤੇ ਰਾਜੇ ਨੂੰ ਇਹ ਅਧਿਕਾਰ ਦਿੱਤਾ ਹੈ ਕਿ ਉਹ ਲੋਕਾਂ ਦੇ ਜੀਵਨ ਤੇ ਅਧਿਕਾਰਾਂ ਦੀ ਸੁਰੱਖਿਆ ਕਰੇ ਅਤੇ ਸਰਕਾਰ ਨੂੰ ਸਥਾਪਿਤ ਕਰੇ। ਬਸ ਇੱਥੇ ਹੀ ਸਮਾਨਤਾ ਸਮਾਪਤ ਹੋ ਜਾਂਦੀ ਹੈ। ਦੋਨਾਂ ਵਿਚਾਰਾਂ ਵਿਚ ਹੇਠ ਲਿਖੀਆਂ ਭਿੰਨਤਾਵਾਂ ਹਨ :

(1) ਕੌਟਲਿਆ ਨੇ ਸਮਝੌਤੇ ਤੋਂ ਪਹਿਲਾਂ ਸਮਾਜ ਦੀ ਦਸ਼ਾ ਨੂੰ ਇੱਕ ਬੁਰਾਈ ਦੱਸਿਆ ਹੈ। ਇਸ ਪੱਖ ਤੋਂ ਉਸ ਦੇ ਵਿਚਾਰ ਹਾਬਸ ਨਾਲ ਕੁੱਝ ਕੁਝ ਮਿਲਦੇ ਹਨ ਪਰ ਲੌਕ ਅਤੇ ਰੂਸੋ ਨਾਲ ਨਹੀਂ।

(2) ਕੌਟਲਿਆ ਦੇ ਸਿੱਧਾਂਤ ਦੇ ਅਨੁਸਾਰ ਲੋਕਾਂ ਨੇ ਆਪਣੇ ਆਪ ਪ੍ਰਾਕ੍ਰਿਤਕ ਅਵਸਥਾ ਨਹੀਂ ਤਿਆਗੀ ਸਗੋਂ ਉਹਨਾਂ ਨੂੰ ਇਸ ਵਿਚੋਂ ਨਿਕਲਣ ਤੇ ਮਜ਼ਬੂਰ ਕੀਤਾ ਗਿਆ। ਪੱਛਮੀ ਵਿਚਾਰਕਾਂ ਅਨੁਸਾਰ ਲੋਕਾਂ ਨੇ ਆਪਣੇ ਆਪ ਉਸ ਸਮਾਜਿਕ ਦਸ਼ਾ ਨੂੰ ਤਿਆਗਿਆ ਸੀ।

(3) ਕੌਟਲਿਆ ਦੇ ਰਾਜ ਦੀ ਉਤਪੱਤੀ ਤੇ ਸਮਝੌਤਾ ਸਿੱਧਾਂਤ ਵਿਚ ਸਾਨੂੰ ਦੈਵੀ ਪ੍ਰਭਾਵ ਦੇ ਕੁੱਝ ਸੰਕੇਤ ਵੀ ਮਿਲਦੇ ਹਨ। ਕੌਟਲਿਆ ਅਨੁਸਾਰ ਰਾਜਾ ਕਾਨੂੰਨ ਨਿਰਮਾਤਾ ਨਹੀਂ? ਸਗੋਂ ਉਸ ਨੇ ਸਮਾਜ ਵਿਚ ਪ੍ਰਚਲਿੱਤ ਕੁਝ ਦੈਵੀ ਕਾਨੂੰਨਾਂ ਨੂੰ ਲਾਗੂ ਕਰਨਾ ਹੈ ਪਰ ਸਮਾਜਿਕ ਸਮਝੌਤੇ ਦੇ ਪੱਛਮੀ ਸਮਰਥਕਾਂ ਨੇ ਅਜਿਹਾ ਕੋਈ ਦੈਵੀ ਅੰਸ਼ ਜਾਂ ਤੱਤ ਆਪਣੇ ਸਿੱਧਾਂਤ ਵਿਚ ਸ਼ਾਮਿਲ ਨਹੀਂ ਕੀਤਾ।

(4) ਕੌਟਲਿਆ ਦੇ ਸਿੱਧਾਂਤ ਅਨੁਸਾਰ ਮਨੂੰ ਨੇ ਰਾਜਾ ਚੁਣੇ ਜਾਣ ਤੇ ਲੋਕਾਂ ਨਾਲ ਕੋਈ ਸਮਝੋਤਾ ਨਹੀਂ ਕੀਤਾ, ਹਾਂ ਸੁਰੱਖਿਆ ਤੇ ਸ਼ਾਂਤੀ ਪ੍ਰਦਾਨ ਕਰਨ ਦਾ ਵਾਇਦਾ ਜ਼ਰੂਰ ਕੀਤਾ। ਜਦ ਕਿ ਲੌਕ ਅਨੁਸਾਰ ਰਾਜਾ ਸਮਝੌਤੇ ਦੀ ਇਕ ਧਿਰ ਸੀ। ਭਾਵ ਉਹ ਸਿਰਫ ਸਮਾਜਿਕ ਸਮਝੌਤੇ ਦੀ ਉਪਜ ਨਹੀਂ ਸੀ, ਸਗੋਂ ਲੋਕਾਂ ਨੇ ਸਮਝੌਤਾ ਸ਼ਾਸਕ ਨਾਲ ਹੀ ਕੀਤਾ ਸੀ।

ਇਸ ਤਰ੍ਹਾਂ ਕੌਟਲਿਆ ਅਤੇ ਪੱਛਮੀ ਵਿਚਾਰਕਾਂ ਵਿਚ ਬਹੁਤ ਥੋੜ੍ਹੀ ਸਮਾਨਤਾ ਹੈ। ਕੌਟਲਿਆ ਦਾ ਸਿੱਧਾਂਤ ਅਰਧ ਸਮਾਜਿਕ ਹੈ। ਉਹ ਪੂਰੀ ਤਰ੍ਹਾਂ ਧਰਮ ਨਿਰਪੇਖ ਰਾਜਨੀਤਿਕ ਸਿੱਧਾਂਤ ਨਹੀਂ ਦਿੰਦਾ ਭਾਵੇਂ ਉਸ ਨੇ ਇਸ ਦਿਸ਼ਾ ਵਿਚ ਪ੍ਰਸੰਸਾਯੋਗ ਯਤਨ ਅਵੱਸ਼ ਕੀਤਾ ਹੈ। ਹਾਬਸ, ਲੌਕ ਅਤੇ ਰੂਸੋ ਦੀ ਤਰ੍ਹਾਂ ਕੌਟਲਿਆ

ਲੋਕਾਂ ਦੀਆਂ ਮੁਸ਼ਕਿਲਾਂ ਦੀ ਤਹਿ ਤੱਕ ਨਹੀਂ ਪਹੁੰਚਦਾ ਉਹ ਤਾਂ ਸਿਰਫ ਰਾਜਾ ਕਿਉਂ ਹੋਂਦ ਵਿਚ ਆਇਆ, ਇਹ ਦੱਸਣ ਦਾ ਯਤਨ ਕਰਦਾ ਹੈ।

**ਰਾਜ ਦਾ ਕਾਰਜ :** ਰਾਜ ਦੇ ਅਰਥ, ਸਰੂਪ ਅਤੇ ਉਤਪੱਤੀ ਦੇ ਅਧਿਐਨ ਤੋਂ ਬਾਅਦ ਅਸੀਂ ਅਰਥ ਸ਼ਾਸਤਰ ਵਿਚ ਦਿੱਤੇ ਗਏ ਰਾਜ ਦੇ ਕਾਰਜਾਂ ਦਾ ਅਧਿਐਨ ਕਰਾਂਗੇ।

ਕੌਟਲਿਆ ਦੇ ਰਾਜ ਦੇ ਕਾਰਜਾਂ ਪ੍ਰਤੀ ਵਿਚਾਰ ਪੱਛਮੀ ਵਿਚਾਰਕਾਂ ਨਾਲ ਮਿਲਦੇ ਹਨ। ਕੌਟਲਿਆ ਨੇ ਕਦੇ ਵੀ ਰਾਜ ਨੂੰ ਇਕ ਬੁਰਾਈ ਜਾਂ ਪੁਲਿਸ ਰਾਜ ਨਹੀਂ ਸਮਝਿਆ। ਉਸ ਦੇ ਵਿਚਾਰ ਅਨੁਸਾਰ ਰਾਜ ਲੋਕਾਂ ਦੀ ਸੁਰੱਖਿਆ ਤੇ ਖੁਸ਼ਹਾਲੀ ਲਈ ਹੋਂਦ ਵਿਚ ਆਉਂਦਾ ਹੈ। ਕੌਟਲਿਆ ਅਨੁਸਾਰ ਰਾਜ ਦਾ ਸੰਬੰਧ ਮਨੁੱਖ ਦੇ ਜੀਵਨ ਦੇ ਸਾਰੇ ਪੱਖਾਂ ਨਾਲ ਹੈ ਅਤੇ ਉਹ ਸਿਰਫ ਵਿਅਕਤੀ ਦੇ ਇਸ ਜੀਵਨ ਨੂੰ ਬਿਹਤਰ ਬਣਾਉਣ ਲਈ ਹੀ ਕਾਰਜ ਨਹੀਂ ਕਰਦਾ, ਸਗੋਂ ਅਗਲੇ ਜੀਵਨ ਨਾਲ ਵੀ ਸੰਬੰਧਿਤ ਹੈ। (ਭਾਵ ਮੌਤ ਤੋਂ ਬਾਅਦ ਦਾ ਜੀਵਨ ਸੰਵਾਰਨ ਲਈ ਵੀ ਕਾਰਜ ਕਰਦਾ ਹੈ।) ਕੌਟਲਿਆ ਅਨੁਸਾਰ ਰਾਜ ਦੇ ਹੇਠ ਲਿਖੇ ਕਾਰਜ ਹਨ :

## ਰਾਜਨੀਤਿਕ ਕਾਰਜ :

ਰਾਜਨੀਤਿਕ ਕਾਰਜ ਤੋਂ ਭਾਵ ਅੰਦਰੂਨੀ ਸੁਰੱਖਿਆ ਅਤੇ ਬਾਹਰਲੇ ਹਮਲਿਆਂ ਤੋਂ ਰਾਜ ਅਤੇ ਲੋਕਾਂ ਦੀ ਰੱਖਿਆ ਕਰਨਾ। ਜਨਤਾ ਦੀ ਸੁਰੱਖਿਆ ਕੌਟਲਿਆ ਅਨੁਸਾਰ ਰਾਜ ਦਾ ਪਹਿਲਾ ਤੇ ਜ਼ਰੂਰੀ ਕਾਰਜ ਹੈ ਕਿਉਂਕਿ ਰਾਜ ਦੀ ਹੋਂਦ ਹੀ ਇਹ ਕਾਰਜ ਕਰਨ ਲਈ ਹੋਈ ਹੈ। ਸੋ ਰਾਜ ਦਾ ਇਹ ਮੁੱਖ ਫਰਜ਼ ਹੈ ਕਿ ਉਹ ਲੋਕਾਂ ਦੀ ਹਰ ਪ੍ਰਕਾਰ ਦੇ ਸੰਕਟਾਂ 'ਚੋਂ ਰੱਖਿਆ ਕਰੇ। ਆਪਣੇ ਗ੍ਰੰਥਾਂ ਦੇ ਤੀਜੇ ਅਧਿਆਇ ਵਿਚ ਕੌਟਲਿਆ ਨੇ ਵਿਸਥਾਰ ਸਹਿਤ ਉਹਨਾਂ ਸੰਕਟਾਂ ਦੀ ਚਰਚਾ ਕੀਤੀ ਹੈ ਜੋ ਕਿਸੇ ਰਾਜ ਉੱਤੇ ਆ ਸਕਦੇ ਹਨ ਅਤੇ ਉਹਨਾਂ ਤੋਂ ਬਚਣ ਦੇ ਉਪਾਅ ਵੀ ਦੱਸਦੇ ਹਨ। ਇਸ ਦੇ ਨਾਲ ਹੀ ਉਸ ਨੇ ਫੌਜ ਤੇ ਜਾਸੂਸੀ ਪ੍ਰਣਾਲੀ ਨੂੰ ਸੰਗਠਿਤ ਕਰਨ ਦੇ ਢੰਗਾਂ ਦੀ ਵੀ ਵਿਸਥਾਰ ਸਹਿਤ ਚਰਚਾ ਕੀਤੀ ਹੈ।

ਕੌਟਲਿਆ ਅਨੁਸਾਰ ਬਾਹਰੀ ਹਮਲਿਆਂ ਅਤੇ ਅੰਦਰੂਨੀ ਗੜਬੜ ਤੇ ਅਵਿਵਸਥਾ ਤੋਂ ਸੁਰੱਖਿਆ ਪ੍ਰਦਾਨ ਕਰਨ ਦੇ ਨਾਲ ਨਾਲ ਰਾਜ ਦੇ ਕੁੱਝ ਸਮਾਜਿਕ ਅਤੇ ਸੰਸਕ੍ਰਿਤਕ ਕਾਰਜ ਵੀ ਹਨ। ਆਮ ਕਾਨੂੰਨ (Common Law) ਜਾਂ ਰੀਤੀ ਰਿਵਾਜਾਂ ਤੇ ਆਧਾਰਿਤ ਕਾਨੂੰਨ ਬਰਕਰਾਰ ਰੱਖਣ ਨੂੰ ਕੌਟਲਿਆ ਰਾਜ ਦਾ ਮੁੱਖ ਕਰਤੱਵ ਮੰਨਦਾ ਹੈ। ਉਸ ਦਾ ਮੱਤ ਹੈ ਕਿ ਜੇਤੂ ਰਾਜੇ ਨੂੰ ਨਾ ਕੇਵਲ ਜਿੱਤੇ ਹੋਏ ਰਾਜ ਦੇ ਰੀਤੀ ਰਿਵਾਜਾਂ ਦਾ ਪੂਰਾ ਸਨਮਾਨ ਕਰਨਾ ਚਾਹੀਦਾ ਹੈ ਸਗੋਂ ਉਹਨਾਂ ਦੀ ਬੋਲੀ, ਲਿਬਾਸ, ਰਹੁ-ਰੀਤਾਂ ਅਤੇ ਜੀਵਨ ਢੰਗ ਅਪਨਾਉਣਾ ਚਾਹੀਦਾ ਹੈ ਤਾਂ ਜੋ ਉਹ ਲੋਕਾਂ ਦਾ ਵਿਸ਼ਵਾਸ ਤੇ ਆਦਰ ਜਿੱਤ ਸਕੇ। ਉਸ ਅਨੁਸਾਰ ਨਿਆਂ ਦੀ ਸਹੀ ਵਿਵਸਥਾ ਦੁਆਰਾ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਕਿਉਂਕਿ ਰਾਜਿਆਂ ਦਾ ਮੁੱਖ ਕਰਤੱਵ ਹੈ, ਇਸ ਲਈ ਇਹ ਫਰਜ਼ ਨਿਭਾਉਣ ਰਾਹੀਂ ਉਸ ਨੂੰ ਸਵਰਗ ਪ੍ਰਾਪਤ ਹੁੰਦਾ ਹੈ। ਜਿਹੜਾ ਰਾਜਾ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਨਹੀਂ ਕਰਦਾ ਅਤੇ ਸਮਾਜਿਕ ਵਿਵਸਥਾ ਭੰਗ ਕਰਦਾ ਹੈ, ਉਹ ਆਪਣੀ ਸ਼ਾਹੀ ਸ਼ਕਤੀ ਦਾ ਦੁਰਉਪਯੋਗ ਕਰਦਾ ਹੈ। ਧਰਮ ਦੀ ਰੱਖਿਆ ਕਰਨਾ ਅਤੇ ਸਮਾਜਿਕ ਵਿਵਸਥਾ ਪ੍ਰਦਾਨ ਕਰਨਾ ਰਾਜੇ ਦੇ ਮੁੱਖ ਕਾਰਜ ਹਨ।

ਕੌਟਲਿਆ ਨੇ ਇਹ ਵੀ ਕਿਹਾ ਹੈ ਕਿ ਰਾਜੇ ਨੂੰ ਗਰੀਬਾਂ ਨੂੰ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ। ਗਰਭਵਤੀ ਔਰਤਾਂ, ਅਨਾਥ, ਬੁੱਢੇ ਅਤੇ ਕਮਜ਼ੋਰ ਮਾਵਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਉਸ ਨੂੰ ਔਰਤ ਦੀ ਮਰਿਆਦਾ ਦੀ ਰੱਖਿਆ ਵੀ ਕਰਨੀ ਚਾਹੀਦੀ ਹੈ। ਕਮਜ਼ੋਰ, ਅਣਵਿਆਹੀਆਂ ਲੜਕੀਆਂ ਦੀ

ਸੁਰੱਖਿਆ ਕਰਨੀ ਚਾਹੀਦੀ ਹੈ। ਉਸ ਦੀ ਸ਼ਾਦੀ ਤੇ ਤਲਾਕ ਦੇ ਕਾਨੂੰਨ ਵੀ ਬਣਾਉਣੇ ਚਾਹੀਦੇ ਹਨ। ਰਾਜੇ ਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਪਤੀ ਅਤੇ ਪਤਨੀ, ਪਿਤਾ ਪੁੱਤਰ, ਭਰਾ ਅਤੇ ਭੈਣ, ਚਾਚਾ ਅਤੇ ਭਤੀਜਾ, ਅਧਿਆਪਕ ਅਤੇ ਵਿਦਿਆਰਥੀ ਇਕ ਦੂਜੇ ਪ੍ਰਤੀ ਵਫਾਦਾਰ ਰਹਿਣ ਤੇ ਇਕ ਦੂਜੇ ਨੂੰ ਧੋਖਾ ਨਾ ਦੇਣ।

ਕੌਟਲਿਆ ਨੇ ਇਹ ਵੀ ਕਿਹਾ ਹੈ ਕਿ ਰਾਜ ਨੂੰ ਜੂਆ ਘਰਾਂ ਦੀ ਭਲੀ ਭਾਂਤ ਨਿਗਰਾਨੀ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਲਾਭ ਵਿਚ ਰਾਜ ਦਾ ਹਿੱਸਾ ਵੀ ਹੋਣਾ ਚਾਹੀਦਾ ਹੈ। ਉਸ ਨੂੰ ਨੱਚਣ ਵਾਲੀਆਂ ਲੜਕੀਆਂ ਅਤੇ ਨਾਚ ਘਰਾਂ ਨੂੰ ਵੀ ਕੰਟਰੋਲ ਕਰਨਾ ਚਾਹੀਦਾ ਹੈ। ਉਸ ਅਨੁਸਾਰ ਖਤਰਨਾਕ ਬੀਮਾਰੀਆਂ ਦੇ ਸਾਰੇ ਕੇਸ ਰਾਜੇ ਕੋਲ ਦਰਜ ਕਰਵਾਉਣਾ ਡਾਕਟਰਾਂ ਦੀ ਜ਼ਿੰਮੇਵਾਰੀ ਸੀ।

**ਕਰ ਲਗਾਉਣਾ :** ਰਾਜ ਦੀ ਤੀਜਾ ਮੁੱਖ ਕੰਮ ਕਰ ਲਗਾਉਣਾ ਹੈ। ਕੌਟਲਿਆ ਨੇ ਰਾਜ ਦੇ ਤੱਤਾਂ ਵਿਚ ਖਜ਼ਾਨੇ ਦੀ ਮਹੱਤਤਾ ਦਾ ਉਲੇਖ ਵੀ ਕੀਤਾ ਹੈ। ਰਾਜੇ ਦਾ ਇਹ ਫਰਜ਼ ਹੈ ਕਿ ਖਜ਼ਾਨੇ ਨੂੰ ਹਮੇਸ਼ਾ ਭਰਿਆ ਰੱਖੇ। ਰਾਜ ਨੂੰ ਸਿਰਫ ਕਾਨੂੰਨੀ ਤਰੀਕਿਆਂ ਨਾਲ ਹੀ ਕਰ ਇੱਕਠੇ ਕਰਨੇ ਚਾਹੀਦੇ ਹਨ। ਕੌਟਲਿਆ ਨੇ ਕਿਹਾ ਹੈ ਕਿ ਰਾਜ ਨੂੰ ਠੀਕ ਉਸੇ ਤਰ੍ਹਾਂ ਕਰ ਉਗਰਾਹੁਣੇ ਚਾਹੀਦੇ ਹਨ, ਜਿਵੇਂ ਮਾਲੀ ਪੇੜਾਂ ਤੋਂ ਪੱਕੇ ਫੱਲ ਇੱਕਠੇ ਕਰਦਾ ਹੈ। ਰਾਜੇ ਨੂੰ ਕਦੇ ਵੀ ਸਮਾਜ ਦੇ ਕਮਜ਼ੋਰ ਤਬਕੇ ਤੇ ਕਰ ਨਹੀਂ ਲਗਾਉਣੇ ਚਾਹੀਦੇ ਕਿਉਂਕਿ ਇਸ ਤਰ੍ਹਾਂ ਬਗਾਵਤ ਹੋਣ ਦਾ ਖਤਰਾ ਹੋ ਸਕਦਾ ਹੈ।

**ਨਿਆਂਇਕ ਕੰਮ :** ਕੌਟਲਿਆ ਦੇ ਕਾਲ ਤੱਕ ਕਾਨੂੰਨ ਲਾਗੂ ਕਰਨਾ ਅਤੇ ਸ਼ਾਹੀ ਹੁਕਮ ਜਾਰੀ ਕਰਨਾ ਰਾਜ ਦਾ ਮਹੱਤਵਪੂਰਨ ਕੰਮ ਬਣ ਚੁੱਕਾ ਸੀ। ਇਸ ਤਰ੍ਹਾਂ ਚਾਰ ਪ੍ਰਕਾਰ ਦੇ ਕਾਨੂੰਨਾਂ ਵਿਚ ਕੌਟਲਿਆ ਨੇ ਰਾਜ ਸ਼ਾਸਨਾਂ ਜਾਂ ਰਾਜੇ ਦੇ ਹੁਕਮਾਂ ਨੂੰ ਵੀ ਸ਼ਾਮਿਲ ਕੀਤਾ ਹੈ। ਸ਼ਾਹੀ ਹੁਕਮ ਜਾਂ ਰਾਜ ਸ਼ਾਸਨ ਸਾਰੇ ਕਾਨੂੰਨਾਂ ਤੋਂ ਉੱਪਰ ਹੁੰਦੇ ਹਨ। ਕੌਟਲਿਆ ਨੇ ਨਿਰਪੱਖ ਨਿਆਂ ਦਾ ਸਮਰਥਨ ਕੀਤਾ ਹੈ। ਇਹ ਰਾਜੇ ਦੀ ਹੀ ਸ਼ਕਤੀ ਹੈ ਤੇ ਉਹ ਉਸ ਦਾ ਪ੍ਰਯੋਗ ਕਰ ਸਕਦਾ ਹੈ। ਰਾਜੇ ਨੂੰ ਆਪਣੀ ਇਸ ਸ਼ਕਤੀ ਦਾ ਪ੍ਰਯੋਗ ਨਿਰਪੱਖ ਢੰਗ ਨਾਲ ਤੇ ਅਪਰਾਧ ਦੀ ਮਾਤਰਾ ਤੇ ਪ੍ਰਕ੍ਰਿਤੀ ਨੂੰ ਧਿਆਨ ਵਿਚ ਰੱਖ ਕੇ ਹੀ ਕਰਨਾ ਚਾਹੀਦਾ ਹੈ। ਅਧਿਕਾਰ ਦੀ ਵਰਤੋਂ ਰਾਜੇ ਨੂੰ ਆਪਣੇ ਪੁੱਤਰ ਦੇ ਦੁਸ਼ਮਣ ਦੋਹਾਂ ਉੱਤੇ ਹੀ ਸਮਾਨ ਢੰਗ ਨਾਲ ਕਰਨੀ ਚਾਹੀਦੀ ਹੈ। ਜੇਕਰ ਉਸ ਦਾ ਆਪਣਾ ਪੁੱਤਰ ਜਾਂ ਕੋਈ ਦੁਸ਼ਮਣ ਗਲਤੀ ਕਰੇ ਉਸ ਨੂੰ ਸਜ਼ਾ ਦੇ ਸਕਦਾ ਹੈ। ਕੌਟਲਿਆ ਨਿਆਂ ਨੂੰ ਫਜ਼ੂਲ ਲਟਕਾਉਣ ਦੇ ਵੀ ਖਿਲਾਫ ਹੈ। ਜੇਕਰ ਨਿਆਂਧੀਸ਼ ਆਪਣਾ ਫਰਜ਼ ਠੀਕ ਤਰ੍ਹਾਂ ਨਾ ਨਿਭਾਉਣ ਤਾਂ ਉਨ੍ਹਾਂ ਵਾਸਤੇ ਸਜ਼ਾ ਨਿਰਧਾਰਿਤ ਕੀਤੀ ਜਾਵੇ।

**ਸਿੱਖਿਆ ਪ੍ਰਦਾਨ ਕਰਨਾ :** ਕੌਟਲਿਆ ਨੇ ਭਾਵੇਂ ਵਿੱਦਿਆ ਪ੍ਰਦਾਨ ਕਰਨਾ ਅਤੇ ਵਿਦਿਅਕ ਸੰਸਥਾਵਾਂ ਖੋਲ੍ਹਣਾ ਰਾਜ ਦਾ ਲਾਜ਼ਮੀ ਕਾਰਜ ਨਹੀਂ ਮੰਨਿਆ ਪਰ ਇਹ ਜ਼ਰੂਰ ਕਿਹਾ ਹੈ ਕਿ ਇਨ੍ਹਾਂ ਸੰਸਥਾਵਾਂ ਨੂੰ ਆਰਥਿਕ ਸਹਾਇਤਾ ਮਿਲਣੀ ਚਾਹੀਦੀ ਹੈ ਅਤੇ ਪੁਸਤਕਾਲਯ ਵੀ ਹੋਣੇ ਚਾਹੀਦੇ ਹਨ। ਜਿਥੇ ਪੁਰਾਣੇ ਗ੍ਰੰਥ ਅਤੇ ਹਸਤਲਿਪੀਆਂ ਸਾਂਭੀਆਂ ਹੋਣੀਆਂ ਚਾਹੀਦੀਆਂ ਹਨ। ਕਿਸੇ ਖਾਸ ਕਿਸਮ ਦੀ ਵਿੱਦਿਆ ਤੇ ਜ਼ੋਰ ਕੌਟਲਿਆ ਰਾਜ ਦਾ ਕਾਰਜ ਨਹੀਂ ਮੰਨਦਾ। ਉਸ ਦਾ ਮੱਤ ਹੈ ਕਿ ਸਾਰੀਆਂ ਵਿਦਿਅਕ ਸੰਸਥਾਵਾਂ ਨੂੰ ਆਪਣੀ ਵਿਚਾਰਧਾਰਾ ਵਿਚ ਸਿੱਖਿਆ ਦੇਣੀ ਚਾਹੀਦੀ ਹੈ, ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਉਨ੍ਹਾਂ ਦੀ ਆਰਥਿਕ ਸਹਾਇਤਾ ਮਿਲਦੀ ਹੈ ਕਿ ਨਹੀਂ।

**ਆਰਥਿਕ ਕੰਮ :** ਕੌਟਲਿਆ ਨਾ ਤਾਂ ਉਦਾਰਵਾਦੀ ਰਾਜ ਦਾ ਸਮਰਥਕ ਸੀ ਜਿਸ ਅਧੀਨ ਸਾਰੀਆਂ ਸੰਸਥਾਵਾਂ ਦੀ ਸੁਤੰਤਰਤਾ ਤੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਨਾ ਹੀ ਸਮਾਜਵਾਦੀ ਰਾਜ ਦਾ ਜਿਸ ਵਿਚ ਸਾਰੀਆਂ ਸੰਸਥਾਵਾਂ ਰਾਜ ਦੇ ਅਧੀਨ ਹੁੰਦੀਆਂ ਹਨ, ਉਸ ਨੇ ਮਿਸ਼ਰਤ ਆਰਥਿਕਤਾ ਦਾ ਸਮਰਥਨ ਕੀਤਾ।

ਰਾਜ ਸਾਰਿਆਂ ਦੀ ਆਰਥਿਕ ਭਲਾਈ ਲਈ ਯਤਨ ਕਰਦਾ ਹੈ। ਰਾਜ ਦਾ ਫਰਜ਼ ਹੈ ਕਿ ਉਹ ਖੇਤੀਬਾੜੀ ਦੇ ਖੇਤਰ ਵਿਚ ਉੱਨਤੀ ਲਿਆਏ। ਉਸ ਉੱਤੇ ਖੇਤੀਬਾੜੀ ਦੀ ਪੈਦਾਵਾਰ ਦੀ ਠੀਕ ਵੰਡ ਕਰਨ ਦਾ ਜ਼ਿੰਮਾ ਹੁੰਦਾ ਹੈ। ਖੇਤੀਬਾੜੀ ਦਾ ਇਕ ਸੁਪਰਿਨਟੈਂਡੈਂਟ ਹੁੰਦਾ ਸੀ ਜੋ ਖੇਤੀਬਾੜੀ ਦੇ ਖੇਤਰ ਵਿਚ ਵਿਕਾਸ ਲਈ ਯਤਨ ਕਰਦਾ ਸੀ। ਉਸ ਦਾ ਕਰਤੱਵ ਸੀ ਕਿ ਉਹ ਧਰਤੀ ਨੂੰ ਏਨਾ ਉਪਜਾਊ ਬਣਾਉਣ ਦਾ ਯਤਨ ਕਰੇ ਕਿ ਨਾ ਸਿਰਫ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਹੋ ਸਕਣ ਸਗੋਂ ਸੰਕਟ ਲਈ ਵੀ ਯੋਗ ਪ੍ਰਬੰਧ ਹੋਵੇ।

ਰਾਜ ਵਪਾਰ ਅਤੇ ਉਦਯੋਗ ਦਾ ਸੰਗਠਨ ਵੀ ਕਰਦਾ ਸੀ। ਸਾਰਾ ਵਪਾਰ ਰਾਜ ਦੇ ਕੰਟਰੋਲ ਵਿਚ ਸੀ। ਪਾਕ ਅਧਿਅਕਸ਼ ਨਾਮ ਦਾ ਅਫਸਰ ਸਾਰੇ ਵਪਾਰ ਦਾ ਇੰਚਾਰਜ ਸੀ। ਉਸ ਦਾ ਕੰਮ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਨੂੰ ਨਿਯੰਤ੍ਰਿਤ ਰੱਖਣਾ ਅਤੇ ਉਨ੍ਹਾਂ ਨੂੰ ਵਧਣ ਨਾ ਦੇਣਾ ਸੀ। ਇਹ ਦੇਸ਼ ਦੀਆਂ ਚੀਜ਼ਾਂ ਦੇ ਨਿਰਯਾਤ ਦੀ ਵਿਵਥਾ ਵੀ ਕਰਦਾ ਸੀ। ਇਕ ਹੋਰ ਅਫਸਰ ਸਮਰਥ ਅਧਿਅਕਸ਼ ਸੀ ਜੋ ਗ੍ਰਾਹਕ ਦੇ ਹਿੱਤਾਂ ਦਾ ਧਿਆਨ ਰੱਖਦਾ ਸੀ ਅਤੇ ਇਹ ਵੀ ਦੇਖਦਾ ਸੀ ਕਿ ਗ੍ਰਾਹਕ ਨੂੰ ਦੁਕਾਨਦਾਰ ਕਿਤੇ ਲੁੱਟ ਤਾਂ ਨਹੀਂ ਰਿਹਾ। ਸਿੱਖਿਆ ਦਾ ਅਫਸਰ ਕਰੰਸੀ ਦੀ ਦੇਖਭਾਲ ਕਰਦਾ ਸੀ।

ਕੌਟਲਿਆ ਨੇ ਖਾਣਾਂ ਦੀ ਮਹੱਤਤਾ ਉੱਤੇ ਵੀ ਜ਼ੋਰ ਦਿੱਤਾ। ਖਾਣਾਂ ਦੇ ਡਾਇਰੈਕਟਰ ਨੂੰ ਆਕਾਰ ਅਧਿਅਕਸ਼ ਕਹਿੰਦੇ ਸਨ। ਉਹ ਇਸ ਗੱਲ ਦੀ ਜਾਂਚ ਪੜਤਾਲ ਕਰਦਾ ਸੀ ਕਿ ਧਰਤੀ ਦੇ ਕਿਸੇ ਭਾਗ ਵਿਚ ਕਿਹੜੇ ਕਿਹੜੇ ਖਣਿਜ ਮਿਲ ਸਕਦੇ ਹਨ, ਕਿਥੇ ਨਵੀਆਂ ਖਾਣਾਂ ਖੋਦੀਆਂ ਜਾ ਸਕਦੀਆਂ ਹਨ ਅਤੇ ਕਿਹੜੀਆਂ ਕਿਹੜੀਆਂ ਖਾਣਾਂ ਬੰਦ ਕਰਨੀਆਂ ਚਾਹੀਦੀਆਂ ਹਨ। ਭਾਵੇਂ ਖਾਣਾਂ ਰਾਜ ਦੀ ਸੰਪਤੀ ਸਨ ਪਰ ਫਿਰ ਵੀ ਉਨ੍ਹਾਂ ਸਾਰੀਆਂ ਤੋਂ ਸਿਰਫ ਰਾਜ ਦਾ ਕੰਟਰੋਲ ਨਹੀਂ ਹੁੰਦਾ ਸੀ। ਕੌਟਲਿਆ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਖਾਣਾਂ ਦਾ ਕੰਮ ਬਹੁਤ ਮਹਿੰਗਾ ਪੈਂਦਾ ਸੀ, ਉਹਨਾਂ ਨੂੰ ਕਿਰਾਏ ਤੇ ਦੇ ਦੇਣਾ ਚਾਹੀਦਾ ਹੈ। ਲੋਹਾ ਅਧਿਅਕਸ਼, ਖਾਣ ਅਧਿਅਕਸ਼, ਸ਼ੋਵਾਰਮੁਦ ਅਧਿਅਕਸ਼ ਆਦਿ ਵੱਖ ਵੱਖ ਧਾਤੂਆਂ ਤੋਂ ਬਣੀਆਂ ਚੀਜ਼ਾਂ ਅਤੇ ਉਨ੍ਹਾਂ ਦੀ ਵਿਕਰੀ ਦੀ ਦੇਖਭਾਲ ਕਰਦੇ ਸਨ। ਸੂਤਰ ਅਧਿਅਕਸ਼ ਕਪੜਾ ਉਦਯੋਗ ਦੀ ਦੇਖਰੇਖ ਕਰਦਾ ਸੀ ਜੋ ਕਿ ਵੈਸੇ ਰਾਜ ਦੇ ਅਧੀਨ ਨਹੀਂ ਸੀ।

ਕੌਟਲਿਆ ਨੇ ਨਿਜੀ ਉਦਯੋਗ ਵਾਸਤੇ ਵੀ ਬਹੁਤ ਕੁੱਝ ਛੱਡ ਦਿੱਤਾ ਸੀ। ਹਸਤ ਸ਼ਿਲਪ ਨਿਜੀ ਉਦਯੋਗ ਅਧੀਨ ਸੀ ਪਰ ਰਾਜ ਦਾ ਸ਼ਿਲਪੀਆਂ ਦੇ ਕੰਮ ਤੇ ਕੰਟਰੋਲ ਸੀ। ਵਪਾਰ ਵਿਚ ਹੇਰਾਫੇਰੀ ਨੂੰ ਕੌਟਲਿਆ ਨੇ ਬੜੀ ਸਖਤ ਸਜ਼ਾ ਦੱਸੀ।

ਉਪਰ ਦਿੱਤੇ ਗਏ ਰਾਜ ਦੇ ਸਾਰੇ ਕੰਮਾਂ ਦਾ ਉਦੇਸ਼ ਲੋਕਾਂ ਦੀ ਭਲਾਈ ਸੀ। ਇਕ ਜਗ੍ਹਾ ਕੌਟਲਿਆ ਲਿਖਦਾ ਹੈ ਕਿ ''ਲੋਕਾਂ ਦੀ ਖੁਸ਼ੀ ਵਿਚ ਹੀ ਖੁਸ਼ੀ ਹੈ। ਉਨ੍ਹਾਂ ਦੀ ਭਲਾਈ ਵਿਚ ਹੀ ਰਾਜੇ ਦੀ ਭਲਾਈ ਹੈ। ਰਾਜਾ ਉਸ ਕਾਰਜ ਨੂੰ ਮਹੱਤਵਪੂਰਣ ਸਮਝੇਗਾ ਜਿਸ ਰਾਹੀਂ ਪਰਜਾ ਨੂੰ ਖੁਸ਼ੀ ਮਿਲਦੀ ਹੈ, ਨਾ ਕਿ ਅਜਿਹੇ ਕਾਰਜ ਨੂੰ ਜਿਸ ਰਾਹੀਂ ਖੁਦ ਉਸ ਨੂੰ ਖੁਸ਼ੀ ਮਿਲਦੀ ਹੈ।'' ਉਹ ਇਹ ਵੀ ਲਿਖਦਾ ਹੈ ਕਿ ਤਾਕਤ ਹੀ ਸ਼ਕਤੀ ਹੈ ਅਤੇ ਖੁਸ਼ੀ ਹੀ ਇਸ ਦਾ ਉਦੇਸ਼ ਹੈ। ਦੂਸਰੇ ਸ਼ਬਦਾਂ ਵਿਚ ਰਾਜੇ ਕੋਲ ਸ਼ਕਤੀ ਹੈ, ਪਰ ਇਸ ਦਾ ਪ੍ਰਯੋਗ ਉਹ ਲੋਕਾਂ ਦੀ ਭਲਾਈ ਵਾਸਤੇ ਕਰੇਗਾ।

ਰਾਜੇ ਦੇ ਕੰਮ ਦਾ ਦਾਇਰਾ ਬਹੁਤ ਵੱਡਾ ਹੈ। ਇਸ ਵਿਚ ਮਨੁੱਖ ਦੀ ਹਰ ਕ੍ਰਿਆ ਸ਼ਾਮਲ ਹੈ। ਰਾਜੇ ਦਾ ਫਰਜ਼ ਹੈ ਕਿ ਉਹ ਲੋਕਾਂ ਨੂੰ ਖੁਸ਼ੀ ਪ੍ਰਦਾਨ ਕਰੇ ਅਤੇ ਖਜ਼ਾਨੇ ਨੂੰ ਭਰਿਆ ਰੱਖੇ। ਇਸ ਵਿਚ ਹਸਤ ਸ਼ਿਲਪੀਆਂ ਅਤੇ ਵਪਾਰੀਆਂ ਦਾ ਵੀ ਖਿਆਲ ਰੱਖਿਆ ਗਿਆ ਹੈ। ਗ੍ਰਾਹਕ ਅਤੇ ਦੁਕਾਨਦਾਰ ਦੇ ਹਿੱਤ ਵੀ ਇਸ ਵਿਚ ਸ਼ਾਮਲ ਹਨ, ਕੌਟਲਿਆ ਦਾ ਰਾਜ ਇਕ ਕਲਿਆਣਕਾਰੀ ਰਾਜ ਹੈ।

**ਸਾਰ:**

(1) ਕੌਟਲਿਆ ਨੇ ਰਾਜ ਦੀ ਕੋਈ ਖਾਸ ਪਰਿਭਾਸ਼ਾ ਨਹੀਂ ਦਿੱਤੀ। ਉਸ ਨੇ ਸਿਰਫ ਉਸ ਦੇ ਤੱਤਾਂ ਦਾ ਹੀ ਵਰਣਨ ਕੀਤਾ ਹੈ।

(2) ਰਾਜ ਦੇ ਸੱਤ ਤੱਤ ਹਨ : ਸਵਾਮੀ, ਅਮਾਤਿਆ, ਜਨਪਦ, ਦੁਰਗ, ਕੋਸ਼, ਦੰਡ ਅਤੇ ਮਿੱਤਰ।

(3) ਕੌਟਲਿਆ ਦਾ ਰਾਜ ਸੰਬੰਧੀ ਵਿਚਾਰ ਪੱਛਮੀ ਵਿਚਾਰਾਂ ਦਾ ਸੁਧਰਿਆ ਰੂਪ ਹੈ ਜਿਨ੍ਹਾਂ ਨੇ ਰਾਜ ਦੇ ਚਾਰ ਤੱਤ ਦੱਸੇ ਹਨ।

(4) ਕੌਟਲਿਆ ਨੇ ਰਾਜ ਦੀ ਉਤਪੱਤੀ ਦੇ ਮਸਲੇ ਨੂੰ ਗਹਿਰਾਈ ਨਾਲ ਨਹੀਂ ਜਾਂਚਿਆ। ਉਸ ਦੇ ਅਰਥ ਸ਼ਾਸਤਰ ਵਿਚ ਹਵਾਲੇ ਹੀ ਮਿਲਦੇ ਹਨ।

(5) ਕੌਟਲਿਆ ਦੇ ਸਮਾਜਿਕ ਸਮਝੌਤੇ ਦੇ ਵਿਚਾਰ ਦੀ ਪੱਛਮੀ ਵਿਚਾਰਾਂ ਨਾਲ ਘੱਟ ਸਮਾਨਤਾ ਹੈ।

(6) ਕੌਟਲਿਆ ਰਾਜ ਅੰਗਿਕ ਸਿੱਧਾਂਤ ਦਾ ਸਮਰਥਕ ਹੈ। ਰਾਜ ਦੇ ਤੱਤ ਅੰਗਾਂ ਵਾਂਗ ਹਨ। ਸਵਾਮੀ ਸਭ ਤੋਂ ਮਹੱਤਵਪੂਰਨ ਅੰਗ ਹੈ। ਰਾਜ ਦੀ ਭਲਾਈ ਵਾਸਤੇ ਹਰ ਇਕ ਅੰਗ ਆਪਣਾ ਆਪਣਾ ਕੰਮ ਕਰਦਾ ਹੈ ਪਰ ਹਰ ਇਕ ਅੰਗ ਦੂਜੇ ਤੇ ਨਿਰਭਰ ਵੀ ਰਹਿੰਦਾ ਹੈ।

(7) ਕੌਟਲਿਆ ਦੇ ਰਾਜ ਨੂੰ ਬਹੁਤ ਸਾਰੇ ਕਾਰਜ ਕਰਨੇ ਪੈਂਦੇ ਹਨ। ਇਸ ਦਾ ਮੁੱਖ ਕੰਮ ਲੋਕਾਂ ਦਾ ਕਲਿਆਣ ਹੈ।

ਪਾਠ ਨੰਬਰ : 2.2

# ਕੌਟਲਿਆ ਦੇ ਰਾਜਤੰਤਰ ਅਤੇ ਮੰਤਰੀ ਪਰਿਸ਼ਦ ਪ੍ਰਤੀ ਵਿਚਾਰ

ਇਸ ਪਾਠ ਵਿਚ ਕੌਟਲਿਆ ਦੇ ਰਾਜਤੰਤਰ ਅਤੇ ਮੰਤਰੀ ਪਰਿਸ਼ਦ ਪ੍ਰਤੀ ਵਿਚਾਰਾਂ ਦਾ ਅਧਿਐਨ ਕਰਾਂਗੇ।

## ਰਾਜਤੰਤਰ

ਆਪਣੀ ਨੌਵੀਂ ਕਿਤਾਬ ਦੇ ਪਹਿਲੇ ਪਾਠ ਵਿਚ ਕੌਟਲਿਆ ਉਨ੍ਹਾਂ ਰਾਜਨੀਤਿਕ ਪ੍ਰਣਾਲੀਆਂ ਦਾ ਉਲੇਖ ਕਰਦਾ ਹੈ ਜਿਹਨਾਂ ਅਧੀਨ ਲਿਛੇਵ (Lichchhave), ਵਰਿਜਕਾਸ (Vrijkas), ਮਲਕਾਸ (Mallaks), ਮਦਰਕਾਸ (Mardraks), ਕੁਕਰਾਸ (Kukras) ਅਤੇ ਦੂਸਰੇ ਰਹਿੰਦੇ ਸਨ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਉਸ ਨੂੰ ਗੈਰ-ਰਾਜਤੰਤਰਿਕ ਸੰਵਿਧਾਨਾਂ ਦੀ ਹੋਂਦ ਦਾ ਪਤਾ ਸੀ, ਪਰ ਉਸ ਨੂੰ ਦੂਜੀਆਂ ਰਾਜਨੀਤਿਕ ਪ੍ਰਣਾਲੀਆਂ ਦੇ ਮੁਕਾਬਲੇ ਵਿਚ ਰਾਜਤੰਤਰ ਜ਼ਿਆਦਾ ਪਸੰਦ ਸੀ ਇਸੇ ਲਈ ਹੀ ਉਸ ਨੇ ਅਰਥ ਸ਼ਾਸਤਰ ਵਿਚ ਰਾਜਤੰਤਰ ਦੇ ਹੀ ਵੱਖ ਵੱਖ ਪਹਿਲੂਆਂ ਤੇ ਚਰਚਾ ਕੀਤੀ ਅਤੇ ਰਾਜੇ ਨੂੰ ਸਲਾਹ ਦਿੱਤੀ ਹੈ ਕਿ ਉਹ ਕਿਵੇਂ ਆਪਣੇ ਰਾਜ ਨੂੰ ਮਜ਼ਬੂਤ ਬਣਾ ਸਕਦਾ ਹੈ। ਇਹ ਉਸ ਦੀ ਮਾਨਤਾ ਹੈ ਕਿ ਰਾਜਤੰਤਰ, ਗਣਤੰਤਰ, ਕੁਲੀਨਤੰਤਰ ਅਤੇ ਹੋਰ ਸ਼ਾਸ਼ਨ ਪ੍ਰਣਾਲੀਆਂ ਤੋਂ ਵਧੀਆ ਹੈ, ਪਰ ਕਿਵੇਂ? ਇਹ ਉਸ ਨੇ ਸਾਬਿਤ ਕਰਨ ਦਾ ਯਤਨ ਨਹੀਂ ਕੀਤਾ। ਉਸ ਨੇ ਇਹ ਵੀ ਵਿਚਾਰ ਦਿੱਤਾ ਕਿ ਰਾਜ ਬਾਕੀ ਸਾਰੀਆਂ ਮਾਨਵ ਸੰਸਥਾਵਾਂ ਤੋਂ ਉੱਪਰ ਹੈ ਅਤੇ ਉਸ ਦਾ ਮੁੱਖ ਕੰਮ ਲੋਕਾਂ ਦੀ ਰੱਖਿਆ ਅਤੇ ਭਲਾਈ ਕਰਨਾ ਹੈ। ਇਸ ਸੰਬੰਧ ਵਿਚ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਰਾਮਾਇਣ, ਮਹਾਂਭਾਰਤ, ਸ਼ੁਕਰ ਨੀਤੀ ਅਤੇ ਮਾਨਵ ਧਰਮ ਸ਼ਾਸਤਰ ਆਦਿ ਸਾਰਿਆਂ ਵਿਚ ਹੀ ਰਾਜਤੰਤਰ ਦੇ ਗੁਣ ਗਾਏ ਗਏ ਹਨ। ਇੰਞ ਲੱਗਦਾ ਹੈ ਕਿ ਪ੍ਰਾਚੀਨ ਹਿੰਦੂਆਂ ਵਾਸਤੇ ਰਾਜਤੰਤਰ ਮੁੱਖ ਆਕਰਸ਼ਣ ਸੀ।

ਕੌਟਲਿਆ ਦੇ ਰਾਜਤੰਤਰ ਪ੍ਰਤੀ ਵਿਚਾਰ ਧਰਮ ਸ਼ਾਸਤਰ ਵਿਚਾਰਧਾਰਾ ਦੇ ਸਮਰਥਕਾਂ ਮਨੂੰ ਅਤੇ ਵਿਆਸ ਦੇ ਵਿਚਾਰਾਂ ਤੋਂ ਭਿੰਨ ਹਨ। ਉਸ ਨੇ ਰਾਜਤੰਤਰ ਦੀ ਸੰਸਥਾ ਨੂੰ ਦੈਵੀ ਮੰਨਣ ਤੋਂ ਇਨਕਾਰ ਕੀਤਾ ਹੈ। ਉਹ ਇਸ ਨੂੰ ਧਰਮ ਨਿਰਪੱਖ ਤੇ ਮਨੁੱਖਾਂ ਦੁਆਰਾ ਬਣਾਈ ਸੰਸਥਾ ਮੰਨਦਾ ਹੈ। ਉਹ ਇਸ ਵਿਚਾਰ ਨਾਲ ਵੀ ਸਹਿਮਤ ਨਹੀਂ ਹੈ ਕਿ ਰਾਜਾ ਮਨੁੱਖੀ ਰੂਪ ਵਿਚ ਇਕ ਦੈਵੀ ਸ਼ਕਤੀ ਹੈ। ਉਸ ਦੇ ਅਨੁਸਾਰ ਰਾਜਾ ਇਕ ਮਨੁੱਖੀ ਸੰਸਥਾ ਹੈ ਅਤੇ ਲੋਕਾਂ ਦੀ ਸੇਵਾ ਵਾਸਤੇ ਹੋਂਦ ਵਿਚ ਆਇਆ ਹੈ। ਲੋਕ ਰਾਜੇ ਨੂੰ ਕਰ ਅਦਾ ਕਰਦੇ ਹਨ ਅਤੇ ਉਸ ਦੇ ਆਦੇਸ਼ ਦੀ ਪਾਲਣਾ ਕਰਦੇ ਹਨ, ਪਰ ਇਸ ਕਰਕੇ ਨਹੀਂ ਕਿ ਉਨ੍ਹਾਂ ਨੂੰ ਸਵਰਗ ਦੀ ਪ੍ਰਾਪਤੀ ਹੋਵੇਗੀ ਸਗੋਂ ਇਸ ਕਰਕੇ ਅਜਿਹਾ ਕਰਨ ਨਾਲ ਉਨ੍ਹਾਂ ਨੂੰ ਸੁਰੱਖਿਆ ਪ੍ਰਾਪਤ ਹੁੰਦੀ ਹੈ। ਅਤੇ ਉਨ੍ਹਾਂ ਦੇ ਸਾਹਮਣੇ ਉਨੱਤੀ ਦਾ ਰਸਤਾ ਖੁੱਲ੍ਹਦਾ ਹੈ। ਆਪਣੀ ਪਹਿਲੀ ਕਿਤਾਬ ਦੇ ਉਨ੍ਹੀਵੇ (XIX) ਪਾਠ ਵਿਚ ਕੌਟਲਿਆ ਨੇ ਇਹ ਵੀ ਦੱਸਿਆ ਹੈ, ''ਰਾਜੇ ਨੂੰ ਉਹੀ ਕਾਰਜ ਕਰਨੇ ਚਾਹੀਦੇ ਹਨ ਜਿਹਨਾਂ ਨਾਲ ਜਨਤਾ ਨੂੰ ਖੁਸ਼ੀ ਤੇ ਸੁਖ ਪ੍ਰਾਪਤ ਹੋਵੇ ਨਾ ਕਿ ਉਹ ਜਿਨ੍ਹਾਂ ਰਾਹੀਂ ਉਹ ਆਪ ਸੁਖੀ ਤੇ ਖੁਸ਼ ਹੋਵੇ।'' ਸੰਖੇਪ ਵਿਚ ਅਸੀਂ ਇੰਞ ਕਹਿ ਸਕਦੇ ਹਾਂ ਕਿ ਜਨਤਾ ਤੇ ਰਾਜਾ ਵਿਚਕਾਰ ਸੰਬੰਧਾਂ ਤੇ ਹਿੱਤਾਂ ਦੀ ਸਾਂਝ ਦਰਸਾਉਣ ਲਈ ਕੌਟਲਿਆ ਨੇ ਅਗਲੇ ਜਨਮ ਵਿਚ ਪੁੰਨ ਜਾਂ ਪਾਪ ਦੇ ਤੌਰ ਤੇ ਮਿਲਣ ਵਾਲੇ

ਸਵਰਗ ਜਾਂ ਨਰਕ ਦਾ ਸਹਾਰਾ ਨਹੀਂ ਲਿਆ, ਜੋ ਆਮ ਤੌਰ ਤੇ ਧਰਮ ਸ਼ਾਸਤਰ ਦੇ ਵਿਚਾਰਕਾਂ ਦੁਆਰਾ ਲਿਆ ਜਾਂਦਾ ਹੈ। ਸਗੋਂ ਉਸ ਦੇ ਮਤ ਅਨੁਸਾਰ ਭਵਿੱਖ ਵਿਚ ਰਾਜਾ ਬਣਨ ਵਾਲੇ ਰਾਜ ਕੁਮਾਰ ਦੀ ਯੋਗ ਸਿਖਲਾਈ ਤੇ ਸਿੱਖਿਆ ਹੀ ਉਹ ਸਾਧਨ ਹੈ ਜਿਸ ਰਾਹੀਂ ਜਨਤਕ ਭਲਾਈ ਤੇ ਲੋਕ ਕਲਿਆਣ ਨੂੰ ਆਪਣੇ ਪਰਮ ਕਰਤੱਵ ਮੰਨ ਕੇ ਚੱਲ ਸਕਦਾ ਹੈ।

ਜਦੋਂ ਉਹ ਇਹ ਵਿਚਾਰ ਦਿੰਦਾ ਹੈ ਕਿ ਚੰਗਾ ਸ਼ਾਸ਼ਕ ਬਣਨ ਵਾਸਤੇ ਉਸ ਨੂੰ ਖਾਸ ਪ੍ਰਕਾਰ ਦੀ ਵਿੱਦਿਆ ਪ੍ਰਾਪਤੀ ਕਰਨੀ ਚਾਹੀਦੀ ਹੈ ਤਾਂ ਕੌਟਲਿਆ ਦੀ ਤੁਲਨਾ ਪਲੈਟੋ ਨਾਲ ਕੀਤੀ ਜਾ ਸਕਦੀ ਹੈ। ਬਲਕਿ ਉਹ ਪਲੈਟੋ ਤੋਂ ਵੀ ਵਧੇਰੇ ਯਥਾਰਥਵਾਦੀ ਅਤੇ ਵਿਵਹਾਰਕ ਹੈ ਕਿਉਂਕਿ ਉਹ ਰਾਜੇ ਨੂੰ ਛੇ ਬੁਰਾਈਆਂ ਤੋਂ ਜਾਣੂ ਕਰਵਾਉਂਦਾ ਹੈ ਜਿਵੇਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਅਤੇ ਜ਼ਿਆਦਾ ਖੁਸ਼ੀ ਆਦਿ, ਜੋ ਕਿ ਰਾਜੇ ਦੀਆਂ ਸਦੀਵੀ ਦੁਸ਼ਮਣ ਹਨ। ਕੌਟਲਿਆ ਦਾ ਮਤ ਹੈ ਕਿ ਇਹ ਬੁਰਾਈਆਂ ਰਾਜੇ ਨੂੰ ਸਵੈ-ਵਿਨਾਸ਼ ਦੇ ਰਸਤੇ ਲੈ ਜਾਂਦੀਆਂ ਹਨ। ਕੌਟਲਿਆ ਨੇ ਕਈ ਐਸੇ ਉਦਾਹਰਣ ਦਿੱਤੇ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਜਦੋਂ ਵੀ ਰਾਜੇ ਨੇ ਆਪਣੀਆਂ ਭਾਵਨਾਵਾਂ ਤੇ ਕਾਬੂ ਨਹੀਂ ਪਾਇਆ, ਉਸ ਨੂੰ ਦੁੱਖ ਹੀ ਪ੍ਰਾਪਤ ਹੋਇਆ ਹੈ। ਅਗਰ ਕੋਈ ਰਾਜਾ ਆਪਣੇ ਰਾਜ ਸੁਰੱਖਿਅਤ ਰੱਖਣਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਆਪ ਨੂੰ ਕਾਬੂ ਪਾਉਣਾ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਅਨੁਸ਼ਾਸਨ ਵਿਚ ਰੱਖਣਾ ਚਾਹੀਦਾ ਹੈ। ਰਾਜੇ ਦੀ ਵਿੱਦਿਆ ਸੰਬੰਧੀ ਕੌਟਲਿਆ ਨੇ ਇਸ ਨੂੰ 'ਵਿਨਯ' ਆਖਿਆ ਹੈ। 'ਵਿਨਯ' ਵਿਚ ਸਵੈ ਨਿਯੰਤਰਣ ਸਵੈ-ਸੰਸਕ੍ਰਿਤੀ ਅਤੇ ਸਵੈ-ਸਿਲਖਾਈ ਸ਼ਾਮਿਲ ਹੈ। ਇਹ ਵਿਦਿਆ ਉਸ ਨੂੰ ਆਪਣੇ ਅਧਿਆਪਕ ਅਤੇ ਉਨ੍ਹਾਂ ਲੋਕਾਂ ਦੀ ਸੰਗਤ ਵਿਚ ਰਹਿ ਕੇ ਮਿਲਦੀ ਹੈ ਜੋ ਚੰਗੀ ਸੂਝ ਬੂਝ ਵਾਲੇ ਹੋਣ। ਇਸ ਲਈ ਪ੍ਰਾਚੀਨ ਭਾਰਤੀ ਵਿਚਾਰਕ ਕੌਟਲਿਆ ਅਤੇ ਯੂਨਾਨੀ ਵਿਚਾਰਕ ਪਲੈਟੋ ਵਿਚ ਬਹੁਤ ਸਮਾਨਤਾ ਹੈ ਕਿਉਂਕਿ ਉਹ ਦੋਵੇਂ ਹੀ ਇਹ ਕਹਿੰਦੇ ਹਨ ਕਿ ਰਾਜੇ ਵਾਸਤੇ ਖਾਸ ਪ੍ਰਕਾਰ ਦੀ ਸਿੱਖਿਆ ਹੋਣੀ ਚਾਹੀਦੀ ਹੈ। ਕੌਟਲਿਆ ਦੇ ਵਿਚਾਰ ਅਨੁਸਾਰ ਰਾਜੇ ਨੂੰ ਵੇਦਾਂ, ਅਨਵਿਕਸ਼ਕੀ ਜਾਂ ਦਰਸ਼ਨ ਅਤੇ ਵਰਤਾ ਜਾਂ ਅਰਥ ਸ਼ਾਸਤਰ ਦੀ ਵਿੱਦਿਆ ਪ੍ਰਾਪਤ ਹੋਣੀ ਚਾਹੀਦੀ ਹੈ। ਧਰਮ ਸ਼ਾਸਤਰ ਅਤੇ ਅਰਥ ਸ਼ਾਸਤਰ ਵਿਚਾਰਧਾਰਾਵਾਂ (Schools) ਦੀ ਜਾਣਕਾਰੀ ਵੀ ਇਕ ਸ਼ਾਸ਼ਕ ਲਈ ਓਨੀ ਹੀ ਮਹੱਤਵਪੂਰਨ ਹੈ। ਜਦੋਂ ਇਹੋ ਜਿਹਾ ਸਵੈ ਅਨੁਸ਼ਾਸਿਤ ਅਤੇ ਪੜ੍ਹਿਆ ਲਿਖਿਆ ਰਾਜਾ ਗੱਦੀ ਤੇ ਬੈਠਦਾ ਹੈ ਤਾਂ ਚੰਗੀ ਸਰਕਾਰ ਅਤੇ ਲੋਕ ਕਲਿਆਣ ਆਪਣੇ ਆਪ ਹੀ ਸੰਭਵ ਹੋ ਜਾਂਦੇ ਹਨ। ਰਾਜਨੀਤਿਕ ਢਾਂਚੇ ਵਿਚ ਕੌਟਲਿਆ ਨੇ ਰਾਜ ਨੂੰ ਸਭ ਤੋਂ ਉੱਚ ਸਥਾਨ ਦਿੱਤਾ ਹੈ। ਉਹ ਇਕ ਐਸਾ ਬਿੰਦੂ ਹੈ, ਜਿਸ ਦੇ ਚਾਰੇ ਪਾਸੇ ਸਾਰਾ ਰਾਜ ਪ੍ਰਬੰਧ ਘੁੰਮਦਾ ਹੈ। ਰਾਜ ਪ੍ਰਬੰਧ ਦੀ ਸਫਲਤਾ ਅਤੇ ਅਸਫਲਤਾ ਰਾਜੇ ਦੀ ਸੂਝ ਬੂਝ, ਯੋਗਤਾ ਅਤੇ ਚਰਿੱਤਰ ਤੇ ਨਿਰਭਰ ਕਰਦੀ ਹੈ। ਇਸੇ ਲਈ ਕੌਟਲਿਆ ਕਹਿੰਦਾ ਹੈ ਕਿ ਆਣ ਵਾਲੀਆਂ ਸਾਰੀਆਂ ਆਫਤਾਂ ਤੇ ਬਿਪਤਾਵਾਂ ਵਿਚੋਂ ਰਾਜਾ ਤੇ ਆਣ ਵਾਲੀ ਬਿਪਤਾ ਸਭ ਤੋਂ ਬੁਰੀ ਹੈ ਕਿਉਂਕਿ ਇਸ ਦਾ ਰਾਜ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ। ਇਹ ਵਿਚਾਰ ਭਾਰਦਵਾਜ ਤੋਂ ਵੱਖ ਹਨ ਜੋ ਮੰਤਰੀ ਪਰਿਸ਼ਦ ਤੇ ਆਏ ਸੰਕਟ ਨੂੰ ਵਧੇਰੇ ਬੁਰਾ ਮੰਨਦਾ ਹੈ। ਕੌਟਲਿਆ ਆਪਣੀ ਅੱਠਵੀਂ ਕਿਤਾਬ ਦੇ ਪਹਿਲੇ ਪਾਠ ਵਿਚ ਲਿਖਦਾ ਹੈ ਕਿ ਅਗਰ ਰਾਜਾ ਮੁਸੀਬਤ ਵਿਚ ਹੋਵੇ ਅਤੇ ਮੰਤਰੀ, ਲੋਕ, ਫੌਜ, ਖਜ਼ਾਨਾ ਵੀ ਮੁਸੀਬਤ ਵਿਚ ਹੋਣ ਤਾਂ ਅਹਿਮੀਅਤ ਪਹਿਲੇਭਾਵ ਰਾਜੇ ਨੂੰ ਹੀ ਦਿੱਤੀ ਜਾਣੀ ਚਾਹੀਦੀ ਹੈ।

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਕੌਟਲਿਆ ਨੇ ਪ੍ਰਬੰਧਕੀ ਢਾਂਚੇ ਵਿਚ ਰਾਜੇ ਨੂੰ ਸਭ ਤੋਂ ਉਪਰਲਾ ਦਰਜਾ ਦਿੱਤਾ। ਉਹ ਸਿਰਫ ਇਕ ਲੀਵਰ ਹੀ ਨਹੀਂ ਸਗੋਂ ਇਕ ਮੋਟਰ ਫੋਰਸ ਵੀ ਹੈ। ਉਹ ਸਾਰੀ ਸਰਕਾਰੀ ਮਸ਼ੀਨਰੀ ਨੂੰ ਕੰਟਰੋਲ ਕਰਦਾ ਹੈ। ਇਹ ਤੋਂ ਸਪਸ਼ੱਟ ਹੁੰਦਾ ਹੈ ਕਿ ਸਾਡੇ ਇਸ ਰਾਜਨੀਤਿਕ

ਦਾਰਸ਼ਨਿਕ ਨੇ ਰਾਜ ਉੱਤੇ ਕਿਸੇ ਤਰ੍ਹਾਂ ਦਾ ਕਾਨੂੰਨੀ ਜਾਂ ਸੰਵਿਧਾਨਿਕ ਬੰਧਨ ਲਾਗੂ ਕਰਨ ਦਾ ਵਿਚਾਰ ਨਹੀਂ ਕੀਤਾ। ਕੌਟਲਿਆ ਦਾ ਰਾਜਾ ਅਸੀਮਿਤ ਹੈ। ਉਹ ਬਰਤਾਨਵੀਂ ਅਤੇ ਜਾਪਾਨੀ ਰਾਜਤੰਤਰ ਦੀ ਤਰ੍ਹਾਂ ਸੀਮਿਤ ਨਹੀਂ, ਸਗੋਂ ਇਕ ਅਜਿਹਾ ਤਾਨਾਸ਼ਾਹ ਹੈ ਜਿਸ ਉੱਤੇ ਕਿਸੇ ਪ੍ਰਕਾਰ ਦਾ ਵੀ ਬੰਧਨ ਨਹੀਂ। ਪਰ ਕੌਟਲਿਆ ਰਾਜ ਉੱਤੇ ਸਭ ਤੋਂ ਪ੍ਰਭਾਵਸ਼ਾਲੀ ਬੰਧਨ ਪਾਉਂਦਾ ਹੈ। ਜਿਸ ਨੂੰ ਧਰਮ ਕਿਹਾ ਗਿਆ ਹੈ। ਰਾਜੇ ਦੀ ਸਾਰੀ ਵਿੱਦਿਆ ਅਤੇ ਸਾਰਾ ਟਾਈਮ ਟੇਬਲ ਇਸ ਤਰੀਕੇ ਨਾਲ ਨਿਸ਼ਚਿਤ ਕੀਤਾ ਗਿਆ ਹੈ ਕਿ ਉਸ ਨਾਲ ਧਰਮ ਦੀ ਸੁਰੱਖਿਆ ਹੋ ਸਕੇ। ਆਪਦੀ ਪਹਿਲੀ ਕਿਤਾਬ ਦੇ ਤੀਸਰੇ ਪਾਠ ਵਿਚ ਉਸ ਨੇ ਦੱਸਿਆ ਹੈ ਕਿ ਰਾਜੇ ਦਾ ਇਹ ਕਰਤੱਵ ਹੈ ਕਿ ਉਹ ਪਰਜਾ ਨੂੰ ਕਦੇ ਵੀ ਧਰਮ ਦੇ ਰਸਤੋਂ ਤੋਂ ਨਾ ਹਟਣ ਦੇਵੇ। ਉਸ ਨੇ ਇਹ ਵੀ ਖਿਆਲ ਕਰਨਾ ਹੁੰਦਾ ਹੈ ਕਿ ਲੋਕ ਵੇਦਾਂ ਦੁਆਰਾ ਦੱਸੇ ਆਦੇਸ਼ਾਂ ਅਨੁਸਾਰ ਚਲਣ ਤਾਂ ਰਾਜ ਸਦਾ ਉੱਨਤੀ ਕਰੇਗਾ ਅਤੇ ਇਸ ਦਾ ਕਦੇ ਵੀ ਵਿਨਾਸ਼ ਨਹੀਂ ਹੋਵੇਗਾ।

ਜਨਤਾ ਦੀ ਸਲਾਹ ਕੌਟਲਿਆ ਦੇ ਅਨੁਸਾਰ ਰਾਜੇ ਉੱਤੇ ਦੂਸਰਾ ਬੰਧਨ ਹੈ ਜਨਤਾ ਆਪਣੇ ਵਿਚਾਰ ਕਿਸ ਰੂਪ ਵਿਚ ਤੇ ਕਿਸ ਤਰ੍ਹਾਂ ਪ੍ਰਗਟ ਕਰੇਗੀ। ਇਸ ਬਾਰੇ ਕੁੱਝ ਵੀ ਸਾਫ ਸਾਫ ਨਹੀਂ ਦੱਸਿਆ ਗਿਆ। ਲੇਕਿਨ ਰਾਜੇ ਲਈ ਉਸ ਦਾ ਆਦਰ ਕਰਨਾ ਜ਼ਰੂਰੀ ਹੈ। ਕੌਟਲਿਆ ਦੇ ਜਨਤਾ ਦੇ ਰੋਲ ਬਾਰੇ ਵਿਚਾਰਾਂ ਦਾ ਅਨੁਮਾਨ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਉਸ ਅਨੁਸਾਰ ਜਦੋਂ ਰਾਜਾ ਅਨਿਆਈ ਹੋ ਜਾਵੇ ਤਾਂ ਲੋਕ ਅੰਦੋਲਨ ਕਰ ਸਕਦੇ ਹਨ ਅਤੇ ਉਸ ਨੂੰ ਹਟਾ ਸਕਦੇ ਹਨ। ਇਥੋਂ ਤੱਕ ਕਿ ਉਸ ਦੀ ਜਾਨ ਵੀ ਲੈ ਸਕਦੇ ਹਨ।

## ਕੌਟਲਿਆ ਦੇ ਰਾਜ ਦੀਆਂ ਕੁੱਝ ਹੋਰ ਵਿਸ਼ੇਸ਼ਤਾਵਾਂ:

ਅਸੀਮਤ ਰਾਜਤੰਤਰ ਤੋਂ ਇਲਾਵਾ, ਜੋ ਕੌਟਲਿਆ ਦੇ ਰਾਜ ਦੀ ਮੁੱਖ ਵਿਸ਼ੇਸ਼ਤਾ ਹੈ, ਇਸ ਦੀਆਂ ਕੁੱਝ ਹੋਰ ਵੀ ਵਿਸ਼ੇਸ਼ਤਾਵਾਂ ਹਨ ਜੋ ਕਿਸੇ ਤਰ੍ਹਾਂ ਵੀ ਘੱਟ ਮਹੱਤਵਪੂਰਨ ਨਹੀਂ ਹਨ। ਉਨ੍ਹਾਂ ਵਿਚੋਂ ਇਕ ਰਾਜ ਦਾ ਲੋਕਾਂ ਦੀ ਸਮਾਜਿਕ ਭਠਲਾਈ ਪ੍ਰਤਿ ਸਮਰਪਿਤ ਹੋਣਾ ਹੈ। ਕੌਟਲਿਆ ਦਾ ਰਾਜ ਰੂਸੀ ਜ਼ਾਰ ਵਾਂਗ ਕਰ ਇੱਕਠਾ ਕਰਨ ਦੀ ਸੰਸਥਾ ਨਹੀਂ ਹੈ ਅਤੇ ਨਾ ਹੀ ਇਹ 19ਵੀਂ ਸਦੀ ਦੇ ਇੰਗਲੈਂਡ ਵਾਂਗ ਇਕ ਮੁਕਤ ਤੇ ਉਦਾਰਵਾਦੀ ਰਾਜ ਹੈ। ਇਸ ਦਾ ਮੁੱਖ ਉਦੇਸ਼ ਲੋਕਾਂ ਦੀ ਆਰਥਿਕ ਅਤੇ ਨੈਤਿਕ ਰੂਪ ਵਿਚ ਭਲਾਈ ਕਰਨਾ ਹੈ। ਇਸ ਦਾ ਕਰਤੱਵ ਸਿਰਫ ਲੋਕਾਂ ਦੀ ਬਾਹਰੀ ਹਮਲਿਆਂ ਤੋਂ ਜਾਂ ਅੰਦਰੂਨੀ ਗੜਬੜ ਤੋਂ ਸੁਰੱਖਿਆ ਕਰਨ ਨਾਲ ਹੀ ਪੂਰਾ ਨਹੀਂ ਹੋ ਜਾਂਦਾ, ਸਗੋਂ ਇਹ ਲੋਕਾਂ ਨੂੰ ਖੁਸ਼, ਖੁਸ਼ਹਾਲ ਤੇ ਸੰਤੁਸ਼ਟ ਵੀ ਰੱਖਦਾ ਹੈ। ਇਸ ਨੂੰ ਗਰੀਬ ਅਤੇ ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਕਰਨੀ ਪੈਂਦੀ ਹੈ। ਕੌਟਲਿਆ ਦੇ ਰਾਜੇ ਨੂੰ ਅਨਾਥਲਿਆ, ਵਿਧਵਾ ਘਰ, ਰਾਜ ਹਸਪਤਾਲ ਬਨਾਣੇ ਪੈਂਦੇ ਹਨ ਅਤੇ ਹੜ੍ਹ, ਸੋਕੇ ਅਤੇ ਕਾਲ ਵਰਗੀਆਂ ਪ੍ਰਾਕ੍ਰਿਤਕ ਮੁਸੀਬਤਾਂ ਤੋਂ ਬਚਾਉਣ ਲਈ ਵੀ ਉਪਾਅ ਕਰਨੇ ਪੈਂਦੇ ਹਨ। ਰਾਜੇ ਦਾ ਇਹ ਕਰਤੱਵ ਹੈ ਕਿ ਉਹ ਵਿਦਵਾਨ ਅਤੇ ਧਾਰਮਿਕ ਬੰਦਿਆਂ ਦੇ ਘਰ ਜਾ ਕੇ ਉਹਨਾਂ ਨੂੰ ਉਪਹਾਰ ਪ੍ਰਦਾਨ ਕਰੇ ਅਤੇ ਇਸ ਤਰ੍ਹਾਂ ਵਿਦਵਾਨ ਤੇ ਧਾਰਮਿਕ ਲੋਕਾਂ ਪ੍ਰਤੀ ਆਪਣਾ ਆਦਰ ਵਿਅਕਤ ਕਰੇ।

ਰਾਜੇ ਦਾ ਇਹ ਵੀ ਕਰਤੱਵ ਹੈ ਕਿ ਉਹ ਖੇਤੀਬਾੜੀ ਅਤੇ ਉਦਯੋਗ ਦੀ ਉੱਨਤੀ ਲਈ ਆਪਣਾ ਧਿਆਨ ਲਗਾਵੇ। ਉਸ ਨੂੰ ਕਿਸਾਨਾਂ ਦੀ ਪੂਰੀ ਮਦਦ ਕਰਨੀ ਚਾਹੀਦੀ ਹੈ। ਉਹਨਾਂ ਨੂੰ ਚੰਗੇ ਬੀਜ ਤੇ ਜਾਨਵਰ, ਸਿੰਚਾਈ ਤੇ ਸਾਧਨ, ਤਾਲਾਬ, ਨਹਿਰਾਂ ਅਤੇ ਖੂਹ ਉਪਲੱਬਧ ਕਰਾਉਣੇ ਚਾਹੀਦੇ ਹਨ। ਮਾਪ ਅਤੇ ਤੋਲ ਦੇ ਸਾਧਨਾਂ ਦਾ ਵੀ ਨਿਯੰਤ੍ਰਣ ਕਰਨਾ ਹੈ। ਲੋਕਾਂ ਦੀ ਸਿਹਤ ਤੇ ਸਫਾਈ ਦਾ ਧਿਆਨ, ਜਨਗਣਨਾ ਕਰਵਾਉਣਾ ਤੇ ਹੋਰ ਜਨਤਕ ਕੰਮ ਤੇ ਲੂਣ ਆਦਿ ਬਣਾਉਣ ਦੇ ਉਦਯੋਗ ਪੂਰਨ ਤੌਰ ਤੇ ਰਾਜ ਦੇ

ਅਧੀਨ ਕਰਨ ਦਾ ਸਮਰਥਕ ਹੈ।

ਕੌਟਲਿਆ ਅਨਿਯੰਤਰਿਤ ਪੂਜੀਵਾਦ ਦੀਆਂ ਬੁਰਾਂਈਆਂ ਤੋਂ ਪੂਰੀ ਤਰ੍ਹਾਂ ਜਾਣੂ ਲੱਗਦਾ ਹੈ। ਇਸੇ ਲਈ ਉਹ ਨਿੱਜੀ ਉਦਯੋਗ ਵਿਚ ਰਾਜ ਦਖਲ ਬਾਰੇ ਸਹਿਮਤ ਹੈ, ਕਿਉਂਕਿ ਇਸ ਨਾਲ ਪੂੰਜੀਵਾਦੀਆਂ ਵੱਲੋਂ ਕਾਮਿਆਂ ਦਾ ਸੋਸ਼ਣ ਰੁੱਕ ਸਕਦਾ ਹੈ। ਉਹ ਮਜ਼ਦੂਰਾਂ ਨੂੰ ਸਹੀ ਸਮੇਂ ਮਜ਼ਦੂਰੀ ਦੇਣ ਦੇ ਹੱਕ ਵਿਚ ਹੈ। ਪਰ ਉਹ ਪੂਰੀ ਤੌਰ ਤੇ ਸਮਾਜਵਾਦੀ ਨਹੀਂ ਹੈ। ਉਹ ਉਹਨਾਂ ਕਾਮਿਆਂ ਵਾਸਤੇ, ਜੋ ਆਪਣੇ ਕਰਤੱਵ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਨ ਅਤੇ ਸਹੀ ਤੋਰ ਤੇ ਉਸ ਨੂੰ ਪੂਰਾ ਨਹੀ ਕਰ ਸਕਦੇ, ਬੜੀਆਂ ਸਖਤ ਸਜ਼ਾਵਾਂ ਤਜਵੀਜ਼ ਕਰਦਾ ਹੈ।

ਕੌਟਲਿਆ ਨੇ ਨਿੱਜੀ ਉਦਯੋਗਾਂ ਨੂੰ ਪ੍ਰੋਤਸਾਹਿਤ ਕਰਨ ਦਾ ਵੀ ਸਮਰਥਨ ਕੀਤਾ ਹੈ ਅਤੇ ਨਵੇਂ ਖੁੱਲ੍ਹੇ ਉਦਯੋਗ ਨੂੰ ਕਈ ਪ੍ਰਕਾਰ ਦੀਆਂ ਰਿਆਇਤਾਂ ਦੇਣ ਦੀ ਸਿਫਾਰਿਸ਼ ਕੀਤੀ ਹੈ। ਇਸ ਲਈ ਕੌਟਲਿਆ ਦੇ ਵਿਚਾਰਾਂ ਵਿਚ ਸਾਨੂੰ ਮਿਸ਼ਰਤ ਆਰਥਿਕਤਾ ਦਾ ਸੁੰਦਰ ਸੁਮੇਲ ਮਿਲਦਾ ਹੈ।

ਪ੍ਰਾਚੀਨ ਸਮੇਂ ਵਿਚ ਸਾਂਝੇ ਪਰਿਵਾਰ ਦੀ ਪ੍ਰਣਾਲੀ ਅਨਾਥਾਂ ਨੂੰ ਆਸਰਾ ਦੇਣ, ਵਿਧਵਾਵਾਂ ਦੀ ਰੱਖਿਆ, ਗਰੀਬ ਅਤੇ ਬਜ਼ੁਰਗਾਂ ਦੀ ਦੇਖਭਾਲ ਕਰਨ ਲਈ ਇਕ ਮਹੱਤਵਪੂਰਨ ਸੰਸਥਾ ਸੀ। ਕੌਟਲਿਆ ਨੇ ਇਸ ਦੀ ਮਹੱਤਤਾ ਅਤੇ ਜ਼ਰੂਰਤ ਨੂੰ ਪਹਿਚਾਨਿਆ ਅਤੇ ਅਜਿਹੇ ਕਾਨੂੰਨ ਬਣਾਉਣ ਦੀ ਸਿਫਾਰਿਸ਼ ਕੀਤੀ ਜਿਸ ਰਾਹੀਂ ਸੰਯੁਕਤ ਪਰਿਵਾਰਾਂ ਨੂੰ ਕਮਜ਼ੋਰ ਤੇ ਗਰੀਬ ਲੋਕਾਂ ਦੀ ਰੱਖਿਆ ਕਰਨ ਲਈ ਕਿਹਾ ਜਾ ਸਕੇ। ਆਪਣੀ ਦੂਸਰੀ ਕਿਤਾਬ ਦੇ ਪਹਿਲੇ ਪਾਠ ਵਿਚ ਕੌਟਲਿਆ ਨੇ ਕਿਹਾ ਹੈ, ਉਹ ਮਨੁੱਖ ਜਿਹੜੇ ਆਪਣੀ ਜਾਂ ਆਪਣੇ ਬੱਚਿਆਂ, ਪਤਨੀ ਜਾਂ ਪਤੀ, ਮਾਤਾ ਜਾਂ ਭੈਣ ਜਾਂ ਵਿਧਵਾ ਬੇਟੀ ਦੀ ਰੱਖਿਆ ਕਰਨ ਤੋਂ ਕਤਰਾਉਂਦਾ ਹੈ ਉਹ ਸਖਤ ਜੁਰਮਾਨੇ ਦਾ ਭਾਗੀ ਹੋਵੇਗਾ। ਕਈ ਵਾਰ ਤਾਂ ਕੌਟਲਿਆ ਦੇ ਵਿਚਾਰ ਬਹੁਤ ਹੀ ਆਧੁਨਿਕ ਜਾਪਦੇ ਹਨ ਤੇ ਕਿਧਰੇ ਕਿਧਰੇ ਉਹ ਸਮੇਂ ਤੋਂ ਵੀ ਅੱਗੇ ਜਾਪਦਾ ਹੈ।

ਇਹਨਾਂ ਸਭ ਵਿਚਾਰਾਂ ਦਾ ਆਧਾਰ ਰਾਜੇ ਨੂੰ 'ਰਕਸ਼ਕ ਜਾਂ ਪਾਲਣਹਾਰ' ਮੰਨਣ ਦੀ ਕੌਟਲਿਆ ਦੀ ਧਾਰਣਾ ਹੈ। ਕੌਟਲਿਆ ਨੇ ਅਜਿਹੇ ਰਾਜਤੰਤਰ ਦੀ ਪ੍ਰੋੜ੍ਹਤਾ ਕੀਤੀ ਜਿਸ ਵਿਚ ਰਾਜਾ ਇਕ ਪਿਤਾ ਦਾ ਰੋਲ ਅਦਾ ਕਰਦਾ ਹੈ। ਅਜਿਹੇ (paternal monarchy) ਰਾਜਤੰਤਰ ਦਾ ਵਿਚਾਰ (ਜੋ ਕਿ ਪ੍ਰਾਚੀਨ ਭਾਰਤ ਵਿਚ ਮੌਜੂਦ ਸੀ) ਸਾਨੂੰ ਦੁਨੀਆਂ ਵਿਚ ਕਿਤੇ ਹੋਰ ਵੀ ਦੇਖਣ ਨੂੰ ਨਹੀਂ ਮਿਲਦਾ। ਇਸ ਸਿਲਸਿਲੇ ਵਿਚ ਇਕ ਹੋਰ ਨਾਂ ਸਾਡੇ ਖਿਆਲ ਵਿਚ ਆਉਂਦਾ ਹੈ ਉਹ ਨੌਸ਼ੇਰੇਵਾਨ ਦਾ ਹੈ, ਪਰ ਉਹ ਤਾਂ ਆਪਣੇ ਨਿਆਂ ਲਈ ਮਸ਼ਹੂਰ ਸੀ।

ਲੋਕਾਂ ਦੇ ਆਰਥਿਕ ਵਿਕਾਸ ਦੇ ਨਾਲ-ਨਾਲ ਰਾਜ ਦਾ ਇਕ ਹੋਰ ਮਹੱਤਵਪੂਰਨ ਕਰਤੱਵ ਸੀ ਦੰਡ ਦੇਣਾ ਜਾਂ ਨਿਆਂ ਪ੍ਰਦਾਨ ਕਰਨਾ। ਰਾਜੇ ਨੂੰ ਉਹਨਾਂ ਲੋਕਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਜਿਹੜੇ ਕਾਨੂੰਨ ਭੰਗ ਕਰਦੇ ਹਨ ਜਾਂ ਹੋਰ ਕੋਈ ਜ਼ੁਰਮ ਕਰਦੇ ਹਨ। ਜੇਕਰ ਗਲਤ ਕੰਮ ਕਰਨ ਵਾਲਿਆਂ ਨੂੰ ਸਜ਼ਾ ਨਹੀਂ ਦਿੱਤੀ ਜਾਵੇਗੀ ਤਾਂ ਸਮਾਜ ਵਿਚ ਅਰਾਜਕਤਾ ਫੈਲ ਜਾਵੇਗੀ। ਲੋਕਾਂ ਨੂੰ ਉਨ੍ਹਾਂ ਦੀਆਂ ਗਲਤੀਆਂ ਦੀ ਸਜ਼ਾ ਜ਼ਰੂਰੀ ਮਿਲਣੀ ਚਾਹੀਦੀ ਹੈ। ਲੋਕਾਂ ਦੇ ਨਿਯੰਤ੍ਰਣ ਰੱਖਣ ਅਤੇ ਉਨ੍ਹਾਂ ਨੂੰ ਗਲਤੀਆਂ ਕਰਨ ਤੋਂ ਰੋਕਣ ਦਾ ਰਾਜੇ ਕੋਲ ਇਸ ਤੋਂ ਵੱਡਾ ਹੋਰ ਕੋਈ ਸਾਧਨ ਨਹੀਂ ਹੈ। ਕੌਟਲਿਆ ਦੇ ਵਿਚਾਰ ਅਨੁਸਾਰ ਦਿੱਤੀ ਗਈ ਸਜ਼ਾ ਨਾ ਤਾਂ ਜ਼ਿਆਦਾ ਸਖ਼ਤ ਹੋਣੀ ਚਾਹੀਦੀ ਹੈ ਅਤੇ ਨਾ ਹੀ ਨਰਮ। ਇਹ ਵਿਚਲੇ ਦਰਜੇ ਦੀ ਹੋਣੀ ਚਾਹੀਦੀ ਹੈ। ਅਗਰ ਇਹ ਜ਼ਿਆਦਾ ਸਖ਼ਤ ਹੋਵੇਗੀ ਤਾਂ ਲੋਕਾਂ ਦੇ ਮਨ ਵਿਚ ਕ੍ਰਾਂਤੀ ਦੀ ਭਾਵਨਾ ਜਾਗ੍ਰਿਤ ਕਰ ਦੇਵੇਗੀ। ਅਗਰ ਰਾਜਾਂ ਜ਼ਿਆਦਾ ਨਰਮ ਹੋਵੇਗਾ ਤਾਂ ਸਜ਼ਾ ਦੇਣ ਦਾ ਕੋਈ ਫਾਇਦਾ ਹੀ

ਨਹੀਂ ਹੋਵੇਗਾ।

ਕੌਟਲਿਆ ਨੇ ਸਜ਼ਾ ਦੇ ਸਾਕਾਰਾਤਮਕ ਪੱਖ ਵੱਲ ਵੀ ਧਿਆਨ ਦਿਵਾਇਆ ਹੈ। ਉਸ ਨੇ ਕਿਹਾ ਹੈ ਕਿ ਜਦ ਤੱਕ ਰਾਜ ਕੋਲ ਦੰਡ ਦੀ ਛੜੀ ਜਾਂ ਸ਼ਕਤੀ ਹੋਵੇਗੀ ਤਾਂ ਚਾਰੇ ਵਰਣਾਂ ਦੇ ਲੋਕ ਜੀਵਨ ਦੇ ਚਾਰੇ ਆਸ਼ਰਮਾਂ ਦਾ ਧਰਮ ਜਾਂ ਕਰਤੱਵ ਆਪਣੇ ਆਪ ਨਿਭਾਉਂਦੇ ਜਾਣਗੇ। ਆਪਣੀ ਚੌਥੀ ਕਿਤਾਬ ਦੇ ਪਹਿਲੇ ਪਾਠ ਵਿਚ ਉਹ ਲਿਖਦਾ ਹੈ, ਜਦੋਂ ਚਾਰੇ ਵਰਗ ਆਪਣਾ ਆਪਣਾ ਧਰਮ ਆਪਣੇ ਆਪ ਨਿਭਾਉਂਦੇ ਜਾਣ ਤੇ ਰਾਜ ਵਿਚ ਵਿਕਾਸ ਤੇ ਖੁਸ਼ਹਾਲੀ, ਨਿਆਂ ਤੇ ਦੰਡ ਦੇ ਸਹੀ ਪ੍ਰਯੋਗ ਦੁਆਰਾ ਲਿਆਂਦੀ ਜਾਏ ਤੇ ਸਮਾਜ ਦੇ ਉਪਰਲੇ ਤਿੰਨ ਵਰਣ (ਬ੍ਰਾਹਮਣ, ਕਸ਼ਤਰੀ ਤੇ ਵੈਸ਼) ਆਪਣੇ ਕਰਤੱਵ ਠੀਕ ਤਰ੍ਹਾਂ ਨਿਭਾਉਣ ਤਾਂ ਸਮਝ ਲਓ ਕਿ ਰਾਜ ਸਹੀ ਅਰਥਾਂ ਵਿਚ ਸੁਖੀ ਤੇ ਖੁਸ਼ਹਾਲ ਹੈ। ਕੌਟਲਿਆ ਦੰਡ ਦੇ ਚੰਗੇ ਪੱਖ ਦੇ ਨਾਲ-ਨਾਲ ਬੁਰੇ ਪੱਖ ਤੋਂ ਵੀ ਚੰਗੀ ਤਰ੍ਹਾਂ ਜਾਣੂ ਸੀ। ਸਾਰੇ ਪ੍ਰਾਚੀਨ ਵਿਚਾਰਕਾਂ ਨੇ ਸਮਾਜਿਕ ਜੀਵਨ ਵਿਚ ਦੰਡ ਦੀ ਮਹੱਤਵਪੂਰਣ ਤੇ ਦੋਹਰੀ ਭੂਮਿਕਾ ਬਾਰੇ ਵਿਚਾਰ ਦਿੱਤੇ ਹਨ।

ਅੰਤ ਵਿਚ ਸਾਨੂੰ ਕੌਟਲਿਆ ਦੁਆਰਾ ਪ੍ਰਸਤਾਵਿਤ ਰਾਜ ਦੇ ਇਕ ਹੋਰ ਮਹੱਤਵਪੂਰਨ ਤੱਤ ਵੱਲ ਵੀ ਗੌਰ ਕਰ ਲੈਣਾ ਚਾਹੀਦਾ ਹ। ਕੌਟਲਿਆ ਦਾ ਮੱਤ ਹੈ ਕਿ ਰਾਜੇ ਨੂੰ ਸਿਰਫ ਲੋਕਾਂ ਦੀ ਸੇਵਾ ਕਰਨ ਤੇ ਉਹਨਾਂ ਦਾ ਰੱਖਿਅਕ ਤੇ ਪਾਲਣਹਾਰਾ ਬਣਨ ਅਤੇ ਸਮਾਜਿਕ ਤੇ ਨੈਤਿਕ ਢਾਂਚਾ ਕਾਇਮ ਰੱਖਣ ਲਈ ਦੰਡ ਦੀ ਨਿਆਂਪੂਰਣ ਵਰਤੋਂ ਕਰਨ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ ਹੈ। ਕੌਟਲਿਆ ਦਾ ਰਾਜਾ ਇਕ ਆਕਾਂਖੀ (ambitious) ਰਾਜਾ ਹੈ, ਉਸ ਕੋਲੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਾਮਰਾਜ ਦਾ ਸਾਰੇ ਦੇਸ਼ ਵਿਚ ਵਿਸਥਾਰ ਕਰੇਗਾ। ਪਹਾੜਾਂ ਤੋਂ ਸਮੁੰਦਰ ਤੱਕ ਅਜਿਹੇ ਰਾਜੇ ਨੂੰ ਕੌਟਲਿਆ ਵਿਜਿਗਸੂ ਜਾਂ ਚਕਰਵਰਤੀ ਵਿਜਿਗਸੂ ਕਹਿੰਦਾ ਹੈ ਪਰ ਆਪਣੇ ਰਾਜ ਦੇ ਵਿਸਥਾਰ ਦੀ ਇੱਛਾ ਕਰਦੇ ਹੋਏ ਵੀ ਰਾਜੇ ਨੂੰ ਕੁਝ ਕੁ ਮਾਨਤਾਵਾਂ ਨੂੰ ਧਿਆਨ ਵਿਚ ਰੱਖਣਾ ਲਾਜ਼ਮੀ ਹੈ। ਉਸ ਨੂੰ ਆਪਣੇ ਅਧੀਨ ਹੋਏ ਰਾਜਿਆਂ ਨਾਲ ਸਖ਼ਤੀ ਦਾ ਵਿਹਾਰ ਨਹੀਂ ਕਰਨਾ ਚਾਹੀਦਾ। ਨਾ ਹੀ ਅਜਿਹੇ ਰਾਜਿਆਂ ਨਾਲ ਯੁੱਧ ਕਰਨਾ ਚਾਹੀਦਾ ਹੈ, ਜੋ ਵੈਸੇ ਹੀ ਉਸ ਦੀ ਅਧੀਨਤਾ ਸਵੀਕਾਰ ਕਰ ਲੈਂਦੇ ਹਨ। ਕੌਟਲਿਆ ਅਨੁਸਾਰ ਸਾਮਰਾਜ ਦਾ ਅਰਥ ਹਾਰੇ ਹੋਏ ਰਾਜਿਆਂ ਦਾ ਇਲਾਕਾ ਖੋਹ ਲੈਣਾ ਨਹੀਂ ਸਗੋਂ ਹਾਰੇ ਹੋਏ ਰਾਜੇ ਦੁਆਰਾ ਜੇਤੂ ਦਾ ਅਜਿਹਾ ਸਾਮੰਤ ਬਣਨਾ (Feudatory vassal) ਸਵੀਕਾਰ ਕਰ ਲੈਣਾ ਹੈ ਜੋ ਕਿ ਉਸ ਨੂੰ ਕੁਝ ਨਿਸ਼ਚਤ ਧਨ ਤੇ ਹੋਰ ਸਹਾਇਤਾ ਲਗਾਨ ਵਜੋਂ ਦੇਵੇਗਾ। ਇਹੀ ਤਰੀਕਾ ਧਰਮ-ਰਾਜ ਯੁਧਿਸ਼ਟਰ ਨੇ ਅਧੀਨ ਰਾਜਿਆਂ ਦੇ ਮਾਮਲਿਆਂ ਵਿਚ ਅਤੇ ਮਹਾਰਾਜ ਰਾਮ ਨੇ ਸੁਗ੍ਰੀਵ ਤੇ ਵਿਭੀਸ਼ਣ ਨਾਲ ਅਪਣਾਇਆ ਸੀ। ਇਸ ਵਿਸ਼ੇ ਬਾਰੇ ਕੌਟਲਿਆ ਦੇ ਵਿਚਾਰ, ਸਾਮਰਾਜ ਦੇ ਸਮਰਥਕ ਪੱਛਮੀ ਵਿਚਾਰਕਾਂ ਤੋਂ ਭਿੰਨ ਹਨ।

ਰਾਜਤੰਤਰ ਬਾਰੇ ਕੌਟਲਿਆ ਦੇ ਵਿਚਾਰਾਂ ਦੀ ਚਰਚਾ ਦੇ ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਕੌਟਲਿਆ ਰਾਜੇ ਨੂੰ ਬਹੁਤ ਸਾਰੇ ਕਾਰਜ ਸੌਂਪਦਾ ਹੈ। ਰਾਜਾ ਸਾਰੇ ਪ੍ਰਸ਼ਾਸਨ ਦੇ ਧੁਰੇ ਜਾਂ ਮੋਟਰ ਸ਼ਕਤੀ ਦੇ ਸਮਾਨ ਸੀ। ਉਹ ਨਾ ਸਿਰਫ ਮੰਤਰੀਆਂ, ਸਲਾਹਕਾਰਾਂ, ਵਿਭਿੰਨ ਵਿਭਾਗਾਂ ਦੇ ਮੁੱਖੀਆਂ ਦੀ ਅਤੇ ਹੋਰ ਸੈਨਿਕ ਤੇ ਅਸੈਨਿਕ ਨਿਯੁਕਤੀਆਂ ਹੀ ਕਰਦਾ ਸੀ। ਸਗੋਂ ਨਿਆਂ ਦੇ ਸੋਮੇ ਦਾ ਕਾਰਜ ਵੀ ਨਿਭਾਉਂਦਾ ਸੀ, ਆਪਣੇ ਖਜ਼ਾਨੇ ਨੂੰ ਭਰਿਆ ਰੱਖਣ ਲਈ ਅਤੇ ਵਪਾਰ, ਖੇਤੀਬਾੜੀ ਤੇ ਉਦਯੋਗਿਕ ਵਿਕਾਸ ਲਈ ਲੋੜੀਂਦੇ ਯਤਨ ਵੀ ਕਰਦਾ ਸੀ।

ਇਹ ਵੀ ਪ੍ਰਸ਼ਨ ਉਠਦਾ ਹੈ ਕਿ ਕੀ ਰਾਜਾ ਕੋਲ ਪ੍ਰਬੰਧਕੀ, ਕਾਰਜਕਾਰੀ ਤੇ ਨਿਆਂਇਕ ਸ਼ਕਤੀਆਂ ਦੇ ਨਾਲ ਨਾਲ ਵਿਧਾਨਿਕ ਸ਼ਕਤੀਆਂ ਵੀ ਸਨ? ਇਸ ਪ੍ਰਸ਼ਨ ਦਾ ਉੱਤਰ ਦੇਂਦੇ ਸਮੇਂ ਇਹ ਸਮਝ ਲੈਣਾ

ਲਾਜ਼ਮੀ ਹੈ ਕਿ ਪ੍ਰਾਚੀਨ ਰਾਜ ਅਜੋਕੇ ਰਾਜ ਵਾਂਗ ਇਕ ਕਾਨੂੰਨੀ Legal Structure ਢਾਂਚਾ ਨਹੀਂ ਹੁੰਦਾ ਸੀ। ਲੋਕਾਂ ਦੇ ਕਲਿਆਣ ਲਈ ਕਾਰਜ ਕਰਨਾ, ਗਲਤ ਕੰਮ ਕਰਨ ਵਾਲਿਆਂ ਨੂੰ ਸਜ਼ਾ ਦੇਣਾ ਅਤੇ ਆਪਣੀ ਸ਼ਕਤੀ ਤੇ ਇਲਾਕਾ ਵਧਾਉਣਾ, ਉਦੋਂ ਦੇ ਰਾਜ ਦੇ ਮੁੱਖ ਕਾਰਜ ਹੁੰਦੇ ਸਨ, ਕਾਨੂੰਨ ਬਣਾਉਣਾ ਨਹੀਂ। ਕਾਨੂੰਨ ਦੇ ਮੁੱਖ ਸਰੋਤ ਸਰੁਤੀ (Shruti), ਸਮ੍ਰਿਤੀ (Smriti), ਨਿਆਂਇ (Nyaya) ਸਦਾਕਾਰ (Sadacar) ਅਤੇ ਇਹਨਾਂ ਸਭ ਦਾ ਮੁੱਖ ਸਰੋਤ ਪੁਰਾਣੇ ਧਾਰਮਿਕ ਗ੍ਰੰਥ ਸਨ। ਇਸ ਦੇ ਨਾਲ ਹੀ ਰੀਤੀ ਰਿਵਾਜ ਜਾਂ Customs ਵੀ ਕਾਨੂੰਨ ਦਾ ਮੁੱਖ ਸੋਮਾ ਸਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪ੍ਰਾਚੀਨ ਕਾਲ ਵਿਚ ਰਾਜੇ ਦੀਆਂ ਵਿਧਾਨਿਕ ਸ਼ਕਤੀਆਂ ਬਹੁਤ ਹੀ ਸੀਮਿਤ ਸਨ। ਉਸ ਦਾ ਮੁੱਖ ਕੰਮ ਕਾਨੂੰਨਾਂ ਨੂੰ ਲਾਗੂ ਕਰਨਾ ਸੀ, ਕਾਨੂੰਨ ਬਣਾਉਣਾ ਨਹੀਂ। ਹਾਂ, ਉਸ ਦੁਆਰਾ ਜਾਰੀ ਕੀਤੇ ਗਏ ਹੁਕਮਾਂ ਨੂੰ ਜ਼ਰੂਰ ਕਾਨੂੰਨੀ ਮਾਨਤਾ ਪ੍ਰਾਪਤ ਸੀ ਅਤੇ ਇਹ ਕਾਨੂੰਨਾਂ ਵਾਂਗ ਹੀ ਅਦਾਲਤਾਂ ਦੁਆਰਾ ਲਾਗੂ ਕੀਤੇ ਜਾਂਦੇ ਸਨ।

ਇਸ ਸੰਬੰਧ ਵਿਚ ਇਕ ਹੋਰ ਨੁਕਤਾ ਗੌਰ ਕਰਨ ਦੇ ਕਾਬਿਲ ਹੈ ਕਿ ਕੌਟਲਿਆ ਦਾ ਮੱਤ ਹੈ ਕਿ ਜੇ ਕਰ ਕੋਈ ਧਾਰਮਿਕ ਕਾਨੂੰਨ ਕਿਸੇ ਪ੍ਰਥਾ ਨਾਲ ਮੇਲ ਨਹੀਂ ਖਾਂਦਾ ਤਾਂ ਉਸ ਨੂੰ ਪ੍ਰਥਾ ਤੋਂ ਵਧੇਰੇ ਅਹਿਮੀਅਦ ਦੇਣੀ ਚਾਹੀਦੀ ਹੈ। ਪਰ ਜੇਕਰ ਉਹ (ਧਾਰਮਿਕ ਕਾਨੂੰਨ) ਭਾਵ ਵਿਵੇਕ (Reason) ਨਾਲ ਟੱਕਰ ਖਾਂਦਾ ਹੈ ਤਾਂ ਤਰਕ ਜਾਂ ਵਿਵੇਕ ਨੂੰ ਵਧੇਰੇ ਮਹੱਤਤਾ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਤਰਕ ਜਾਂ ਵਿਵੇਕ ਨੂੰ ਧਾਰਮਿਕ ਕਾਨੂੰਨ ਤੋਂ ਉੱਪਰ ਰੱਖ ਕੇ ਕੌਟਲਿਆ ਨੇ ਇਕ ਕ੍ਰਾਂਤੀਕਾਰੀ ਬਦਲਾਵ ਲੈ ਆਂਦਾ। ਕਾਨੂੰਨੀ ਵਿਵਸਥਾ ਦੀ ਇਹ ਇਕ ਬਹੁਤ ਵੱਡੀ ਦੇਣ ਹੈ।

**ਗਣਤੰਤਰ ਪ੍ਰਤੀ ਵਿਚਾਰ :**

ਪਾਠ ਦੇ ਸ਼ੁਰੂ ਵਿਚ ਅਸੀਂ ਇਹ ਵੇਖਿਆ ਸੀ ਕਿ ਕੌਟਲਿਆ ਨੂੰ ਗੈਰ-ਰਾਜਤੰਤਰੀ ਸਰਕਾਰਾਂ ਬਾਰੇ ਵੀ ਪਿੱਛੇ ਮੁੜਨਾ ਪਿਆ, ਜਦੋਂ ਭਾਰਤ ਵਿਚ ਮੌਜੂਦ ਗਣਤੰਤਰੀ ਰਾਜਾਂ ਦੀਆਂ ਫੌਜਾਂ ਨੇ ਉਹਨਾਂ ਨਾਲ ਕਰੜੀ ਟੱਕਰ ਲਈ। ਪਰ ਕੌਟਲਿਆ ਗਣਤੰਤਰਾਂ ਬਾਰੇ ਲਗਭਗ ਚੁੱਪ ਹੀ ਹੈ। ਅਰਥ ਸ਼ਾਸਤਰ ਦੀ ਗਿਆਰਵੀਂ ਕਿਤਾਬ ਵਿਚ ਉਸ ਨੇ ਗਣਤੰਤਰਾਂ ਬਾਰੇ ਬਹੁਤ ਸੰਖੇਪ ਹਵਾਲਾ ਦਿੱਤਾ ਹੈ। ਇੱਥੇ ਉਸ ਨੇ ਦੋ ਪ੍ਰਕਾਰ ਦੇ ਗਣਤੰਤਰਾਂ ਵਿਚ ਉਦੋਂ ਦੇ ਲੋਕਾਂ ਦੇ ਕਾਰ ਵਿਹਾਰ (occupation) ਦੇ ਅਧਾਰ ਤੇ ਫਰਕ ਕਰਦੇ ਹੋਏ ਕਿਹਾ ਹੈ ਕਿ ਇਕ ਵਿਚ ਤਾਂ ਲੋਕ ਖੇਤੀਬਾੜੀ, ਵਪਾਰ ਰਾਹੀਂ ਤੇ ਸੈਨਿਕ ਬਣ ਕੇ ਗੁਜ਼ਾਰਾ ਕਰਦੇ ਸਨ ਜਦ ਕਿ ਦੂਜੇ ਵਿਚ 'ਰਾਜੇ' ਦਾ ਅਹੁਦਾ ਧਾਰਨ ਕਰਕੇ। ਇਹ ਸ਼ਾਇਦ ਲਿਛਵੀ ਤੇ ਪੰਚਾਲੀ ਗਣਤੰਤਰਾਂ ਦਾ ਹਵਾਲਾ ਹੈ, ਜਿਹਨਾਂ ਵਿਚ ਆਮ ਸਭਾ ਦੇ ਸਾਰੇ ਮੈਂਬਰਾਂ ਨੂੰ 'ਰਾਜਾ' ਕਿਹਾ ਜਾਂਦਾ ਹੈ। ਪਰ ਏਨੀ ਕੁ ਜਾਣਕਾਰੀ ਖਾਸ ਮਹੱਤਵਪੂਰਨ ਨਹੀਂ ਹੈ।

ਅਜੋਕੇ ਸਮੇਂ ਵਿਚ ਗਣਤੰਤਰ ਅਤੇ ਰਾਜਤੰਤਰ ਵਿਚ ਮੁੱਖ ਅੰਤਰ ਇਹ ਹੈ ਕਿ ਰਾਜਤੰਤਰ ਪ੍ਰਣਾਲੀ ਸ਼ਕਤੀ ਇਕ ਵਿਅਕਤੀ ਦੇ ਹੱਥ ਵਿਚ ਕੇਂਦਰਿਤ ਰਹਿੰਦੀ ਹੈ, ਪਰ ਗਣਤੰਤਰ ਵਿਚ ਇਹ ਕਈ ਵਿਅਕਤੀਆਂ ਦੇ ਹੱਕਾਂ ਵਿਚ ਹੁੰਦੀ ਹੈ। ਉਨ੍ਹਾਂ ਦੀ ਇਕ ਕੇਂਦਰੀ ਅਸੈਂਬਲੀ ਹੁੰਦੀ ਹੈ। ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਸਾਰੀ ਸ਼ਕਤੀ ਲੋਕਾਂ ਦੇ ਹੱਥਾਂ ਵਿਚ ਹੈ। ਅਜੋਕੇ ਯੁੱਗ ਵਿਚ ਲੋਕਤੰਤਰ ਅਤੇ ਗਣਤੰਤਰ ਤੋਂ ਭਾਵ ਸਿਰਫ ਇਹ ਸੀ ਕਿ ਰਾਜਨੀਤਿਕ ਸੱਤਾ ਇਕ ਵਿਅਕਤੀ ਵਿਚ ਨਹੀਂ ਸਗੋਂ ਅਨੇਕਾਂ ਲੋਕਾਂ ਦੇ ਸਮੂਹ ਵਿਚ ਨਿਹਿਤ ਸੀ, ਪਰ ਇਸ ਤੋਂ ਇਹ ਸਮਝ ਲੈਣਾ ਕਿ ਇਹ ਸੰਸਥਾ ਕਿਸੇ ਪ੍ਰਕਾਰ ਦੇ ਲੋਕਤੰਤਰ ਦੀ ਸੂਚਕ ਸੀ, ਗਲਤ ਹੈ।

ਪ੍ਰਾਚੀਨ ਭਾਰਤੀ ਗਣਤੰਤਰੀ ਪ੍ਰਣਾਲੀ ਵਿਚ ਰਾਜਨੀਤਿਕ ਸ਼ਕਤੀ ਕਈ ਸਾਰੇ ਲੋਕਾਂ ਕੋਲ ਹੁੰਦੀ ਸੀ।

ਉਦਾਹਰਣ ਦੇ ਤੌਰ ਤੇ 'ਯੌਧੇ ਆਸ' ਨਾਮੀ ਗਣਤੰਤਰ ਦੀ ਆਮ ਸਭਾ ਵਿਚ 500 ਮੈਂਬਰ ਸਨ ਤੇ ਲਿਛਾਵੀ ਦੇ ਵਿਚ 707 ਜਿਵੇਂ ਕਿ ਇਸ ਸੰਖਿਆ ਤੋਂ ਹੀ ਸਪੱਸ਼ਟ ਹੈ ਕਿ ਇਹ ਗਣਤੰਤਰ ਵਿਚ ਅਲਪਤੰਤਰ ਜਾਂ ਕੁਲੀਨਤੰਤਰ ਦਾ ਹੀ ਰੂਪ ਸਨ, ਇਹਨਾਂ ਵਿਚ ਰਾਜਨੀਤਿਕ ਸ਼ਕਤੀ ਕੁੱਝ ਉਪਰਲੇ ਲੋਕਾਂ ਤੱਕ ਹੀ ਸੀਮਤ ਰਹਿੰਦੀ ਸੀ ਅਤੇ ਆਮ ਲੋਕਾਂ ਤੱਕ ਨਹੀਂ ਸੀ ਪਹੁੰਚਦੀ ਕਿਉਂਕਿ ਇੱਥੇ ਬਹੁਤ ਸਾਰਿਆਂ ਦਾ ਸ਼ਾਸਨ ਸੀ, ਇਸ ਲਈ ਇਹਨਾਂ ਨੂੰ 'ਸੰਘ ਰਾਜ' ਵੀ ਕਿਹਾ ਜਾਂਦਾ ਸੀ, ਜਦਕਿ ਰਾਜਤੰਤਰ ਵਿਚ ਕੇਵਲ ਇਕ ਵਿਅਕਤੀ ਦਾ ਸ਼ਾਸਨ ਹੁੰਦਾ ਹੈ। ਇਸ ਸੰਬੰਧ ਵਿਚ ਇਕ ਹੋਰ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਕੇਂਦਰੀ ਅਸੈਂਬਲੀ ਅਜੋਕੀ ਭਾਰਤੀ ਲੋਕ ਸਭਾ ਜਾਂ ਇੰਗਲੈਂਡ ਦੇ ਹਾਊਸ ਆਫ ਕਾਮਨਜ਼ ਵਾਂਗ ਪ੍ਰਤਿਨਿਧੀ ਸਭਾ (representative) ਨਹੀਂ ਸੀ ਕਿਉਂਕਿ ਪੁਰਾਣੇ ਸਮੇਂ ਵਿਚ ਚੋਣਾਂ ਨਹੀਂ ਸਨ ਹੁੰਦੀਆਂ। ਜਾਪਦਾ ਹੈ ਕਿ ਉੱਘੇ ਪਰਿਵਾਰਾਂ ਦੇ ਮੁੱਖੀ ਤੇ ਵੱਡੀ ਉਮਰ ਦੇ ਵਿਅਕਤੀ ਹੀ ਕੇਂਦਰੀ ਸਭਾ ਦੇ ਮੈਬਰ ਹੁੰਦੇ ਸਨ। ਸਮੇਂ ਦੇ ਨਾਲ-ਨਾਲ ਇਸ ਸਭਾ ਦਾ ਆਕਾਰ ਵੀ ਵੱਧਦਾ ਗਿਆ। ਉਹਨਾਂ ਗਣਤੰਤਰਾਂ ਵਿਚ ਜਿੱਥੇ ਪਹਿਲਾਂ 'ਕਸ਼ਤਰੀ' ਰਾਜ ਕਰਦੇ ਸਨ ਬਾਅਦ ਵਿਚ ਗੈਰ ਕਸ਼ਤਰੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ। ਪਹਿਲਾਂ ਪਹਿਲਾਂ ਮੂਲ ਨਿਵਾਸੀਆਂ ਤੇ ਬਾਹਰੋਂ ਆ ਕੇ ਵੱਸੇ ਲੋਕਾਂ ਵਿਚ ਵੀ ਅੰਤਰ ਕੀਤਾ ਗਿਆ ਜੋ ਕਿ ਬਾਅਦ ਵਿਚ ਤਿਆਗ ਦਿੱਤਾ ਗਿਆ। (ਪਹਿਲਿਆਂ ਨੂੰ 'ਰਾਕਜ' ਤੇ ਬਾਅਦ ਵਾਲਿਆਂ ਨੂੰ 'ਮਾਲਵਾ' ਤੇ 'ਕਸੂਦਰਕਾ' ਆਖਦੇ ਸਨ, ਜਦ ਕਿ ਬਾਕੀਆਂ ਨੇ 'ਮਾਲਵਾਯਾ' ਤੇ 'ਕਸੂਦਰਕਾਯਾ' ਨੂੰ ਲੋਕਾਂ ਵਿਚ ਕੀਤੇ ਗਏ ਇਸ ਅੰਤਰ ਤੋਂ ਇਹਨਾਂ ਕਬਾਇਲੀ ਗਣਤੰਤਰਾਂ (Tribal Republic) ਦੇ ਕੁਲੀਨ ਤੰਤਰੀ ਸਰੂਪ ਦੀ ਇਕ ਝਲਕ ਮਿਲਦੀ ਹੈ। ਨਿਮਨ ਵਰਗ ਦੇ ਲੋਕਾਂ ਨੂੰ ਆਮ ਸਭਾ ਵਿਚ ਕੋਈ ਪ੍ਰਤਿਨਿੱਧਤਾ ਨਹੀਂ ਸੀ ਦਿੱਤੀ ਜਾਂਦੀ ਅਤੇ ਨਾ ਹੀ ਉਹਨਾਂ ਦਾ ਰਾਜਨੀਤਿਕ ਸ਼ਕਤੀ ਵਿਚ ਹੀ ਕੋਈ ਹਿੱਸਾ ਸੀ।

ਹਰ ਗਣਤੰਤਰ ਵਿਚ ਕੇਂਦਰੀ ਜਾਂ ਆਮ ਸਭਾ ਕੋਲ ਉੱਚ ਸ਼ਕਤੀ ਸੀ। ਚਾਹੇ ਉਹ ਛੋਟੀ ਹੋਵੇ ਅਤੇ ਚਾਹੇ ਵੱਡੀ ਇਹ ਸ਼ਾਂਤੀ ਅਤੇ ਲੜਾਈ ਦੇ ਮਸਲੇ ਹੱਲ ਕਰਦੀ ਸੀ ਅਤੇ ਰਾਜ ਦੇ ਵਿਦੇਸ਼ੀ ਸੰਬੰਧ ਵੀ ਦੇਖਦੀ ਸੀ। ਇਹ ਵਿਦੇਸ਼ੀ ਰਾਜਦੂਤਾਂ ਨੂੰ ਮਿਲਦੀ ਸੀ ਅਤੇ ਉਨ੍ਹਾਂ ਦੀ ਸਲਾਹ ਉੱਤੇ ਵਿਚਾਰ ਕਰਦੀ ਸੀ। ਇੰਨੀ ਵੱਡੀ ਕੇਂਦਰੀ ਸ਼ਕਤੀ ਸਭਾ ਦੇ ਨਾਲ-ਨਾਲ ਕੋਈ ਕਾਰਜਕਾਰੀ ਸੰਸਥਾ ਹੋਣੀ ਵੀ ਜ਼ਰੂਰੀ ਸੀ। ਇਹ ਕਿਹਾ ਗਿਆ ਹੈ ਕਿ ਕਸੂਦਰਕ ਸਭਾ ਵਿਚ 105 ਉੱਚ ਮੈਬਰਾਂ ਨੂੰ ਸਿਕੰਦਰ ਦੀ ਲੜਾਈ ਅਤੇ ਸ਼ਾਂਤੀ ਦੀਆਂ ਨੀਤੀਆਂ ਦੀ ਵਿਵੇਚਨਾ ਕਰਨ ਲਈ ਨਿਯੁਕਤ ਕੀਤਾ ਗਿਆ ਸੀ। ਸਾਰੀ ਸਭਾ ਇਕ ਹਾਲ ਵਿਚ ਕਈ ਹੋਰ ਮਸਲਿਆਂ ਵਾਸਤੇ ਇਕੱਠੀ ਹੁੰਦੀ ਸੀ। ਇਸ ਵਿਚ ਇਕ ਪ੍ਰਮੁੱਖ ਵਿਅਕਤੀ ਲਿਛਵੀਆਂ ਨੂੰ ਭਾਸ਼ਨ ਦੇਂਦਾ ਸੀ। ਕਈ ਤਰ੍ਹਾਂ ਦੇ ਆਯੋਜਨ ਵੀ ਇਸੇ ਹਾਲ ਵਿਚ ਕੀਤੇ ਜਾਂਦੇ ਸਨ। ਵਾਸੂਦੇਵ ਆਯੋਜਨ ਨੂੰ ਸੰਗਠਿਤ ਕੀਤੀ ਗਈ ਪਾਰਟੀ ਨੂੰ ਵਾਸੂਦੇਵ ਵਰਗ ਕਿਹਾ ਜਾਂਦਾ ਸੀ ਅਤੇ ਅਰਕੂਰ ਵੱਲੋਂ ਕੀਤੇ ਗਏ ਪੁਖਸ਼ਿਆ ਆਖਿਆ ਜਾਂਦਾ ਸੀ। ਇਹ ਤੱਥ ਇਸ ਗੱਲ ਦਾ ਸਬੂਤ ਹੈ ਕਿ ਦਲ ਪ੍ਰਣਾਲੀ ਵੀ ਕਿਸੇ ਨਾ ਕਿਸੇ ਸਰੂਪ ਵਿਚ ਮੌਜੂਦ ਸੀ। ਇਹ ਗੱਲ ਦਾ ਜ਼ਿਕਰ ਬਿਲਕੁਲ ਵੀ ਨਹੀਂ ਕੀਤਾ ਗਿਆ ਕਿ ਉਹ ਸਭਾਵਾਂ ਆਪਣਾ ਕਾਰਜਕ੍ਰਮ ਕਿਵੇਂ ਚਲਾਉਂਦੀਆਂ ਸਨ।

ਗਣਤੰਤਰ ਦੀ ਕਾਰਜਕਾਰੀ ਸੱਤਾ ਕੇਂਦਰੀ ਸਭਾ ਵੱਲੋਂ ਚੁਣੇ ਗਏ ਪ੍ਰਧਾਨ ਦੇ ਹੱਥਾਂ ਵਿੱਚ ਹੁੰਦੀ ਸੀ। ਕਈਆਂ ਵਿਚ ਉਸ ਨੂੰ ਰਾਜਨ ਵੀ ਕਿਹਾ ਜਾਂਦਾ ਸੀ। ਕੌਟਲਿਆ ਇਸ ਪ੍ਰਕਾਰ ਦੇ ਗਣਤੰਤਰ ਨੂੰ 'ਰਾਜਸਵੀ ਸੰਘ' ਵੀ ਕਹਿੰਦਾ ਹੈ। ਕਈ ਮਾਮਲਿਆਂ ਵਿਚ ਪ੍ਰਧਾਨ ਦੀ ਸਹਾਇਤਾ ਸਭਾ ਵੱਲੋਂ ਚੁਣੀ ਗਈ ਕਾਰਜਕਾਰੀ ਪਰਿਸ਼ਦ ਕਰਦੀ ਸੀ। ਮਾਲਾ (mala) ਵਿਚ ਇਹ ਚਾਰ ਵਿਅਕਤੀਆਂ ਦੀ ਹੁੰਦੀ ਸੀ। ਲਿਛਵੀ ਅਤੇ

ਵਿਦੇਹਾਸ ਵਿਚ ਇਹ 18 ਮੈਂਬਰਾਂ ਦੀ ਹੁੰਦੀ ਸੀ।

ਰਾਜਾ ਅਤੇ ਸਮਰਾਟ ਉਨ੍ਹਾਂ ਮੈਬਰਾਂ ਨਾਲ ਸੰਬੰਧ ਰੱਖਦੇ ਸਨ ਜਿਹੜੇ ਖੁਸ਼ਹਾਲ, ਚੰਗੇ ਸ਼ਾਸਨ ਪ੍ਰਬੰਧ ਵਾਲੇ ਅਤੇ ਫੌਜੀ ਤੌਰ ਤੇ ਮਜ਼ਬੂਤ ਹੁੰਦੇ ਸਨ। ਉਨ੍ਹਾਂ ਦੇ ਨਾਗਰਿਕ ਅਨੁਸ਼ਾਸ਼ਿਤ, ਸੂਝ-ਬੂਝ ਵਾਲੇ ਅਤੇ ਨੈਤਿਕ ਹੁੰਦੇ ਸਨ। ਇਹਨਾਂ ਗਣਤੰਤਰਾਂ ਵਿਚ ਸਥਾਈ ਫੌਜੀ ਸੇਵਾਵਾਂ ਦੀ ਵਿਵਸਥਾ ਨਹੀਂ ਸੀ। ਹਰ ਨਾਗਰਿਕ ਸਮਰਥ ਸੈਨਿਕ ਸੀ ਅਤੇ ਲੋੜ ਪੈਣ ਤੇ ਲੜ ਸਕਦਾ ਸੀ। ਉਹ ਸੈਨਿਕ ਅਤੇ ਵਪਾਰੀ ਦੋਵੇਂ ਪ੍ਰਕਾਰ ਦੇ ਗੁਣ ਰੱਖਦੇ ਸੀ। ਅੰਦਰੂਨੀ ਝਗੜਿਆਂ ਕਾਰਨ ਹੀ ਉਨ੍ਹਾਂ ਦਾ ਪਤਨ ਹੋਇਆ। ਅਰਥ ਸ਼ਾਸਤਰ ਅਤੇ ਮਹਾਂਭਾਰਤ ਦੋਹਾਂ ਦੀ ਹੀ ਵਿਚਾਰਧਾਰਾ ਅਨੁਸਾਰ ਵਿਕੇਂਦਰੀਕਰਣ ਨਾਲ ਹੀ ਗਣਤੰਤਰ ਦਾ ਪਤਨ ਹੋਇਆ। ਗਣਤੰਤਰਾਂ ਦਾ ਪਤਨ ਇਸ ਕਰਕੇ ਵੀ ਹੋਇਆ ਕਿਉਂਕਿ ਲੋਕਾਂ ਵਿਚ ਧਨ ਸੂਝ-ਬੂਝ ਪੱਖੋਂ ਬਹੁਤ ਸੀ ਅਤੇ ਲੋਕ ਸਵਾਰਥੀ ਸਨ। ਦੂਸਰਾ ਕਾਰਨ ਇਹ ਵੀ ਸੀ ਕਿ ਉਹ ਗੋਪਨੀਯਤਾ ਨੂੰ ਕਾਇਮ ਨਾ ਰੱਖ ਸਕੇ ਸਨ। ਪਰਿਵਾਰਕ ਝਗੜੇ ਤੇ ਦਲਬੰਦੀ ਦੀ ਭਾਵਨਾ ਵੀ ਝਗੜਿਆਂ ਦਾ ਕਾਰਣ ਬਣੀ।

ਇੱਥੇ ਇਹ ਵੀ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਸਮਾਂ ਪਾ ਕੇ ਇਹਨਾਂ ਗਣਤੰਤਰਾਂ ਨੇ ਉਹੀ ਅਹੁਦੇ ਤੇ ਨਾਂ ਰੱਖ ਲਏ ਜਿਹੜੇ ਆਮ ਤੌਰ ਤੇ ਰਾਜਤੰਤਰਾਂ ਵਿਚ ਮੌਜੂਦ ਹੁੰਦੇ ਸਨ। ਉਹਨਾਂ ਆਪਣੇ ਲੀਡਰਾਂ ਨੂੰ ਰਾਜਨ ਕਹਿਣਾ ਸ਼ੁਰੂ ਕਰ ਦਿੱਤਾ। ਕੁਝ ਕੁ ਵਿਚ ਤਾਂ ਇਹ ਨੇਤਾ ਵੀ ਪੈਤ੍ਰਿਕ (hereditary) ਆਧਾਰ ਤੇ ਬਣਾਏ ਜਾਣ ਲੱਗ ਪਏ। ਵਿਭਾਜਿਤ ਭਾਰਤ ਦੀ ਸਿਕੰਦਰ ਨੂੰ ਕਰਾਰੀ ਹਾਰ ਦੇ ਸਕਣ ਦੀ ਅਸਮਰਥਾ ਨੇ ਇਕ ਮਜ਼ਬੂਤ ਤੇ ਅਵਿਭਾਜਿਤ ਦੇਸ਼ ਦੀ ਲੋੜ ਨੂੰ ਜ਼ਰੂਰਤ ਤੇ ਬਲ ਦਿੱਤਾ। ਰਾਜਤੰਤਰ ਦੇ ਵਿਸਥਾਰ ਤੇ ਗਣਤੰਤਰੀ ਪ੍ਰਣਾਲੀ ਦੇ ਪਤਨ ਦਾ ਕਾਰਨ ਇਹੋ ਹੀ ਤੱਥ ਸੀ।

## ਮੰਤਰੀ ਪਰਿਸ਼ਦ :

ਭਾਵੇਂ ਕੌਟਲਿਆ ਨੇ ਸਾਰੀ ਸ਼ਕਤੀ ਰਾਜੇ ਵਿਚ ਹੀ ਕੇਂਦਰਿਤ ਕੀਤੀ ਹੈ ਅਤੇ ਉਸ ਉੱਤੇ ਹੀ ਲੋਕਾਂ ਦੀ ਭਲਾਈ ਦੀ ਜ਼ਿੰਮੇਵਾਰੀ ਪਾਈ ਹੈ, ਪਰ ਫਿਰ ਵੀ ਉਹ ਨਹੀਂ ਸੀ ਚਾਹੁੰਦਾ ਕਿ ਰਾਜ ਦਾ ਸਾਰਾ ਭਾਰ ਰਾਜੇ ਉੱਤੇ ਪਾ ਦਿੱਤਾ ਜਾਵੇ। ਉਹ ਰਾਜੇ ਦੀ ਸਹਾਇਤਾ ਲਈ ਮੰਤਰੀਆਂ ਅਤੇ ਪ੍ਰਬੰਧਕੀ ਅਫਸਰਾਂ ਦਾ ਵਿਚਾਰ ਦਿੰਦਾ ਹੈ। ਅੱਜ ਕੱਲ੍ਹ ਦੇ ਰਾਜ ਵਿਚ ਇਹ ਅਫਸਰਾਂ ਦੀ ਗਿਣਤੀ ਕਰੋੜਾ ਵਿਚ ਹੈ, ਕੌਟਲਿਆ ਦੇ ਰਾਜ ਵਿਚ ਵੀ ਇਹ ਗਿਣਤੀ ਕਾਫੀ ਸੀ ਕਿਉਂਕਿ ਇਹ ਇਕ ਕਲਿਆਣਕਾਰੀ ਰਾਜ ਸੀ। ਕੌਟਲਿਆ ਦੇ ਅਨੁਸਾਰ ਪ੍ਰਭੂਸੱਤਾ ਸਹਾਇਤਾ ਨਾਲ ਹੀ ਸੰਭਵ ਹੈ। ਇਸ ਲਈ ਰਾਜੇ ਨੂੰ ਮੰਤਰੀਆਂ ਦੀ ਨਿਯੁਕਤੀ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਵਿਚਾਰ ਸੁਣ ਕੇ ਹੀ ਸੰਭਵ ਹੈ। ਇਸ ਲਈ ਰਾਜੇ ਨੂੰ ਮੰਤਰੀਆਂ dh fB: ësh eoBh ukj hd h j ?n s/ TËQd/ ft uo ; D B/ ukj hd/ j B. (Chapter VII Book I, Article 13) ਮੰਤਰੀਆਂ ਦੇ ਵਿਚਾਰਾਂ ਅਤੇ ਸਹਾਇਤਾ ਨਾਲ ਹੀ ਰਾਜਾ ਚੰਗੀ ਤਰ੍ਹਾਂ ਰਾਜ ਦੀ ਦੇਖਭਾਲ ਕਰ ਸਕਦਾ ਹੈ।

ਮੰਤਰੀ ਮੰਡਲ ਦੇ ਮੰਤਰੀਆਂ ਦੀ ਗਿਣਤੀ ਬਾਰੇ ਕੌਟਲਿਆ ਚੁੱਪ ਹੈ, ਪਰ ਉਸ ਨੇ ਉਨ੍ਹਾਂ ਦੀਆਂ ਯੋਗਤਾਵਾਂ ਦਾ ਵਿਸਥਾਰ ਨਾਲ ਵਰਨਣ ਕੀਤਾ ਹੈ। ਰਾਜ ਦੀ ਲੋੜ ਮੁਤਾਬਿਕ ਹੀ ਮੰਤਰੀਆਂ ਦੀ ਗਿਣਤੀ ਹੋਣੀ ਚਾਹੀਦੀ ਹੈ। ਛੋਟੇ ਰਾਜ ਵਾਸਤੇ ਛੋਟੀ ਪਰਿਸ਼ਦ ਚਾਹੀਦੀ ਹੈ ਅਤੇ ਵੱਡੇ ਰਾਜ ਵਾਸਤੇ ਵੱਡੀ ਪਰਿਸ਼ਦ। ਕੌਟਲਿਆ ਉਸ ਦੇ ਸੰਗਠਨ ਦੇ ਢੰਗ ਬਾਰੇ ਵੀ ਚੁੱਪ ਹੈ। ਪਰ ਭੀਸ਼ਮ ਨੇ ਇਹ ਵਿਚਾਰ ਦਿੱਤਾ ਸੀ ਕਿ ਮੰਤਰੀ ਪਰਿਸ਼ਦ ਦੇ 37 ਮੈਬਰ ਹੋਣੇ ਚਾਹੀਦੇ ਹਨ। ਜਿਸ ਵਿਚ ਚਾਰ ਗਿਆਨੀ ਬ੍ਰਾਹਮਣ, 8 ਸੂਰਵੀਰ ਕਸ਼ੱਤਰੀ ਅਤੇ 21 ਅਮੀਰ ਵੈਸ਼ ਅਤੇ 4 ਸ਼ੂਦਰ ਹੋਣੇ ਚਾਹੀਦੇ ਹਨ। ਇਹ ਗੱਲ ਧਿਆਨ ਯੋਗ ਹੈ ਕਿ ਚਾਰੇ ਵਰਣਾਂ ਨੂੰ ਮੰਤਰੀ ਮੰਡਲਾਂ ਵਿਚ ਪ੍ਰਤੀਨਿੱਧਤਾ ਦਿੱਤੀ ਗਈ ਹੈ।

ਉਸ ਵੇਲੇ ਦਾ ਰਾਜਾ ਆਪਣੇ ਮੰਤਰੀ ਮੰਡਲ ਦੇ ਮੰਤਰੀਆਂ ਦੀ ਚੋਣ ਲਈ ਸੁਤੰਤਰ ਹੁੰਦੀ ਸੀ। ਅੱਜ ਕੱਲ੍ਹ ਦਾ ਪ੍ਰਧਾਨ ਮੰਤਰੀ ਸੁਤੰਤਰ ਨਹੀਂ ਹੁੰਦਾ। ਉਹ ਕੁੱਝ ਬੰਦੇ ਸ਼ਾਹੀ ਖਾਨਦਾਨ ਤੇ ਕੁੱਝ ਆਪਣੇ ਦੋਸਤਾਂ ਮਿੱਤਰਾਂ ਵਿਚੋਂ ਚੁਣਦਾ ਸੀ। ਇਹ ਜ਼ਰੂਰੀ ਨਹੀਂ ਸੀ ਕਿ ਮੰਤਰੀਆਂ ਨੂੰ ਜਨਤਾ ਦਾ ਸਮਰਥਨ ਪ੍ਰਾਪਤ ਹੋਵੇ। ਕੌਟਲਿਆ ਦੇ ਵਿਚਾਰ ਅਨੁਸਾਰ ਮੰਤਰੀ ਉਸ ਦੇਸ਼ ਦਾ ਰਹਿਣ ਵਾਲਾ ਹੋਣਾ ਚਾਹੀਦਾ ਹੈ। ਉਹ ਚੰਗੇ ਪਰਿਵਾਰ ਨਾਲ ਸੰਬੰਧ ਰੱਖਦਾ ਹੋਵੇ, ਕਲਾ ਕੌਸ਼ਲ, ਦੂਰ ਦਰਸ਼ੀ, ਨਿੱਡਰ ਅਤੇ ਚੰਗੀ ਸੂਝ ਬੂਝ ਵਾਲਾ ਹੋਣਾ ਚਾਹੀਦਾ ਹੈ। ਉਸ ਨੂੰ ਸ਼ਰਾਬ, ਪੈਸੇ ਅਤੇ ਔਰਤ ਦਾ ਲਾਲਚ ਨਹੀਂ ਹੋਣਾ ਚਾਹੀਦਾ। ਮੌਜੂਦਾ ਸਮੇ ਵਿਚ ਮੰਤਰੀਆਂ ਦੀ ਨੈਤਿਕਤਾ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਮੰਤਰੀਆਂ ਦੀ ਚੋਣ ਵੇਲੇ ਜ਼ਿਆਦਾ ਅਹਿਮੀਅਤ ਮੰਤਰੀਆਂ ਦੇ ਪਰਿਵਾਰਾਂ ਦੇ ਬੱਚਿਆਂ ਨੂੰ ਹੀ ਦਿੱਤੀ ਜਾਂਦੀ ਸੀ।

ਰਾਜ ਵਾਸਤੇ ਆਪਣੇ ਮੰਤਰੀਆਂ ਦੀ ਸਲਾਹ ਲੈਣੀ ਜ਼ਰੂਰੀ ਹੁੰਦੀ ਸੀ। ਇਹ ਉਸ ਦੀ ਮਰਜ਼ੀ ਸੀ ਕਿ ਉਹ ਇਕ ਦੋ ਦੀ ਸਲਾਹ ਹੀ ਲਵੇ ਜਾਂ ਵੱਧ ਦੀ। ਉਹ ਆਪਣੀ ਮਰਜ਼ੀ ਨਾਲ ਇੱਕਠ ਵਿਚ ਜਾਂ ਵਿਅਕਤੀਗਤ ਤੋਰ ਤੇ ਉਨ੍ਹਾਂ ਦੀ ਸਲਾਹ ਲੈ ਸਕਦਾ ਸੀ। ਰਾਜੇ ਨੂੰ ਆਪਣੇ ਮੰਤਰੀਆਂ ਦੀ ਸਲਾਹ ਮੰਨਣੀ ਜ਼ਰੂਰੀ ਸੀ ਜਾਂ ਨਹੀਂ? ਇਸ ਬਾਰੇ ਵੀ ਵੱਖ ਵੱਖ ਮੱਤ ਹਨ। ਕੁੱਝ ਵਿਚਾਰਕ ਕਹਿੰਦੇ ਹਨ ਕਿ ਮੰਤਰੀਆਂ ਦੀ ਸਲਾਹ ਮੰਨ ਵੀ ਸਕਦਾ ਸੀ ਅਤੇ ਠੁਕਰਾ ਵੀ ਸਕਦਾ ਸੀ। ਕੌਟਲਿਆ ਦਾ ਮੱਤ ਹੈ ਕਿ ਆਮ ਤੌਰ ਤੇ ਰਾਜੇ ਨੂੰ ਮੰਤਰੀਆਂ ਦੀ ਸਲਾਹ ਮੰਨ ਹੀ ਲੈਣੀ ਚਾਹੀਦੀ ਹੈ ਭਾਵੇਂ ਹਾਲਾਤ ਦੀ ਲੋੜ ਅਨੁਸਾਰ ਉਹ ਕੋਈ ਹੋਰ ਢੰਗ ਵੀ ਅਪਣਾ ਸਕਦਾ ਸੀ। ਮੰਤਰੀ ਰਾਜ ਸੰਬੰਧੀ ਨੀਤੀਆਂ ਨੂੰ ਦੇਖਦੇ ਅਤੇ ਲਾਗੂ ਕਰਦੇ ਸਨ। ਹਰ ਮੰਤਰੀ ਆਪਣੇ ਆਪਣੇ ਵਿਭਾਗ ਦਾ ਮੁੱਖੀਆ ਹੁੰਦਾ ਸੀ। ਕਦੇ ਕਦੇ ਇਕ ਮੰਤਰੀ ਨੂੰ ਦੋ ਵਿਭਾਗ ਵੀ ਦਿੱਤੇ ਜਾਂਦੇ ਸਨ, ਪਰ ਇਹ ਪ੍ਰਥਾ ਆਮ ਨਹੀਂ ਸੀ। ਪੁਰੋਹਿਤ ਮੰਤਰੀ ਪਰਿਸ਼ਦ ਦਾ ਮਹੱਤਵਪੂਰਣ ਮੈਬਰ ਹੁੰਦਾ ਸੀ। ਮੰਤਰੀ ਰਾਜ ਦੇ ਅਧੀਨ ਸਨ ਅਤੇ ਉਹ ਰਾਜੇ ਦੀ ਖੁਸ਼ੀ ਪ੍ਰਯੰਤ ਹੀ ਆਪਣੇ ਅਹੁਦੇ ਉੱਪਰ ਰਹਿੰਦੇ ਸਨ। ਜਿਸ ਮੰਤਰੀ ਨਾਲ ਰਾਜਾ ਨਾਖੁਸ਼ ਹੋਵੇ, ਉਸ ਨੂੰ ਉਹ ਪਦ ਤੋਂ ਹਟਾ ਵੀ ਸਕਦਾ ਸੀ।

ਅੰਤ ਵਿਚ ਇਸ ਜ਼ਰੂਰੀ ਤੱਥ ਵੱਲ ਧਿਆਨ ਦੇਣਾ ਜ਼ਰੂਰੀ ਹੈ ਕਿ ਮੰਤਰੀ ਮੰਡਲ ਵਿਚ ਹੋਏ ਵਿਚਾਰ ਵਟਾਂਦਰੇ ਤੇ ਸਲਾਹ ਮਸ਼ਵਰੇ ਨੂੰ ਗੋਪਨੀਯ (secret) ਰੱਖਣ ਵੱਲ ਖਾਸ ਧਿਆਨ ਦਿੱਤਾ ਜਾਂਦਾ ਸੀ। ਕੌਟਲਿਆ ਇਹ ਵਿਚਾਰ ਦਿੰਦਾ ਹੈ ਕਿ ਜਿੱਥੇ ਰਾਜਾ ਆਪਣੇ ਮੰਤਰੀਆਂ ਦੀ ਬੈਠਕ ਬੁਲਾਉਂਦਾ ਸੀ ਉਥੇ ਚਿੜੀ ਵੀ ਫੜਕਣੀ ਨਹੀਂ ਚਾਹੀਦੀ, ਵਿਅਕਤੀਆਂ ਦੀ ਤਾਂ ਗੱਲ ਹੀ ਦੂਰ ਹੈ। ਇਹ ਸਭ ਕੁੱਝ ਗੋਪਨੀਅਤਾ ਨੂੰ ਕਾਇਮ ਰੱਖਣ ਲਈ ਕੀਤਾ ਜਾਂਦਾ ਸੀ। ਗੋਪਨੀਅਤਾ ਦੇ ਮੰਤਵ ਲਈ ਹੀ inner cabinet ਦਾ ਵਿਚਾਰ ਵਿਕਸਿਤ ਹੋਇਆ।

ਪੁਰਾਣੇ ਮੰਤਰੀ ਮੰਡਲ ਅਤੇ ਅੱਜ ਕੱਲ੍ਹ ਦੇ ਮੰਤਰੀ ਮੰਡਲ ਵਿਚ ਇਕ ਹੋਰ ਗਹਿਰਾ ਅੰਤਰ ਹੈ। ਅੱਜ ਕੱਲ੍ਹ ਦੇ ਮੰਤਰੀ ਮੰਡਲ ਲੋਕਾਂ ਵੱਲੋਂ ਚੁਣੀ ਸੰਸਦ ਦੇ ਪ੍ਰਤੀ ਉੱਤਰਦਾਈ ਹੁੰਦੇ ਸਨ, ਪਰ ਉਸ ਵੇਲੇ ਮੰਤਰੀ ਮੰਡਲ ਲੋਕਾਂ ਪ੍ਰਤੀ ਉੱਤਰਦਾਈ ਨਹੀਂ ਸੀ, ਉਹ ਸਿਰਫ ਰਾਜੇ ਪ੍ਰਤੀ ਉੱਤਰਦਾਈ ਹੁੰਦੇ ਸਨ। ਅੱਜ ਕੱਲ੍ਹ ਦੇ ਉਲਟ ਉਸ ਵੇਲੇ ਮੰਤਰੀਆਂ ਦੇ ਨੈਤਿਕ ਗੁਣਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਸੀ ਅਤੇ ਨੈਤਿਕ ਮੁੱਲਾਂ ਨੂੰ ਵਧੇਰੇ ਮਾਨਤਾ ਦਿੱਤੀ ਜਾਂਦੀ ਸੀ।

ਪਾਠ ਨੰਬਰ : 2.3 ਲੇਖਕ : ਡਾ. ਲਖਵਿੰਦਰ ਸਿੰਘ ਸਿੱਧੂ

# ਕੌਟਲਿਆ ਦੇ ਜਾਸੂਸ ਪ੍ਰਣਾਲੀ ਅਤੇ ਦਾਸ-ਪ੍ਰਥਾ ਬਾਰੇ ਵਿਚਾਰ
# (Kautilya's views regarding Espionage and Slavery)

ਕੌਟਲਿਆ ਪ੍ਰਾਚੀਨ ਭਾਰਤ ਦਾ ਮਹਾਨ ਨੀਤੀਵਾਨ ਅਤੇ ਪ੍ਰਸ਼ਾਸ਼ਨਿਕ ਹੋਇਆ ਹੈ। ਉਸ ਨੂੰ ਚਾਣਕਿਆ ਅਤੇ 'ਵਿਸ਼ਨੂਗੁਪਤ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਕੌਟਲਿਆ ਨਾਮ ਉਸ ਦੇ ਗੋਤ (ਗੋਤਰ) "ਕੋਟਲਾ" ਕਰਕੇ ਪਿਆ। ਉਸ ਦੇ ਮਾਂ ਬਾਪ ਉਸ ਨੂੰ ਵਿਸ਼ਨੂਗੁਪਤ ਕਹਿ ਕੇ ਬੁਲਾਉਂਦੇ ਸਨ। ਉਸ ਦਾ ਜਨਮ 375 ਈ.ਪੂ. ਵਿਚ ਮਗਧ ਰਾਜ ਦੇ ਆਰਿਆਵਰਤ ਸਥਾਨ ਤੇ ਹੋਇਆ ਸੀ। ਉਹ ਜਾਤ ਦਾ ਬ੍ਰਹਾਮਣ ਸੀ। ਪਾਟਲੀਪੁੱਤਰ ਦੇ ਨੰਦ ਵੰਸ਼ ਦੇ ਰਾਜਾ ਨੇ ਇਕ ਵਾਰ ਕੌਟਲਿਆ ਨੂੰ ਬੇਇਜ਼ਤ ਕੀਤਾ ਸੀ। ਇਸ ਗੱਲ ਦਾ ਬਦਲਾ ਲੈਣ ਲਈ ਕੌਟਲਿਆ ਨੇ ਚੰਦਰਗੁਪਤ ਨੂੰ ਰਾਜਗੱਦੀ ਤੇ ਬਿਠਾਉਣ ਲਈ ਅਹਿਮ ਮਦਦ ਅਤੇ ਯੋਗ ਸੇਧ ਦਿੱਤੀ।322 ਈ.ਪੂ. ਵਿੱਚ ਧਨਾਯ ਨੰਦ', ਜੋ ਕਿ ਨੰਦ ਵੰਸ਼ ਦਾ ਆਖ਼ਰੀ ਰਾਜਾ ਸੀ, ਮਾਰਿਆ ਗਿਆ ਅਤੇ ਇਸ ਤਰ੍ਹਾਂ 321 ਈ.ਪੂ. ਵਿਚ ਚੰਦਰਗੁਪਤ ਨੇ ਆਪਣੇ ਰਾਜਨੀਤਿਕ ਗੁਰੂ ਕੌਟਲਿਆ ਦੀ ਮਦਦ ਨਾਲ ਨੰਦਾ ਵੰਸ਼ ਦੀ ਕਬਰ ਤੇ ਮੌਰਿਆ ਵੰਸ਼ ਦੀ ਸਥਾਪਨਾ ਕੀਤੀ। ਕੌਟਲਿਆ ਨੂੰ ਮੌਰਿਆ ਰਾਜ ਦਾ ਮੁੱਖ ਮੰਤਰੀ ਨਿਯੁਕਤ ਕੀਤਾ ਗਿਆ। ਉਸ ਸਮੇਂ ਭਾਰਤ ਛੋਟੇ ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ। ਕੌਟਲਿਆ ਦੀ ਕੂਟਨੀਤਿਕ ਸਿਖਲਾਈ ਅਤੇ ਪ੍ਰਸ਼ਾਸ਼ਨ ਦੀ ਡੂੰਘੀ ਸੋਝੀ ਦੇ ਅਧਾਰ ਤੇ ਚੰਦਰਗੁਪਤ ਨੇ ਇਨ੍ਹਾਂ ਛੋਟੇ-ਛੋਟੇ ਰਾਜਾਂ ਨੂੰ ਆਪਣੇ ਰਾਜ ਵਿਚ ਮਿਲਾ ਕੇ ਇਕ ਮਹਾਨ ਭਾਰਤੀ ਸਾਮਰਾਜ ਦੀ ਸਥਾਪਨਾ ਕੀਤੀ। ਕੌਟਲਿਆ ਦੀ ਪੁਸਤਕ 'ਅਰਥ ਸ਼ਾਸਤਰ' (Arthsastra) ਵਿਚ ਉਸ ਦੇ ਰਾਜਨੀਤਿਕ ਹੁਨਰ ਬਾਰੇ ਵਿਚ ਜਾਣ ਚੁੱਕੇ ਹੋ। ਹੁਣ ਅਸੀਂ ਕੌਟਲਿਆ ਦੀ ਜਾਸੂਸ ਪ੍ਰਣਾਲੀ ਅਤੇ ਉਸ ਦੇ ਸਮੇਂ ਵਿਚ ਪ੍ਰਚਲਿਤ ਦਾਸ-ਪ੍ਰਥਾ ਦਾ ਅਧਿਐਨ ਕਰਾਂਗੇ।

## ਕੌਟਲਿਆ ਦੇ ਜਾਸੂਸ ਪ੍ਰਣਾਲੀ ਬਾਰੇ ਵਿਚਾਰ (Kautilya's views about Espionage)

ਪ੍ਰਾਚੀਨ ਭਾਰਤ ਵਿਚ ਰਾਜ ਦੀ ਬਾਹਰੀ ਅਤੇ ਅੰਦਰੂਨੀ ਨੀਤੀ ਬਣਾਉਣ ਅਤੇ ਲਾਗੂ ਕਰਨ ਵਿਚ ਜਾਸੂਸ ਵੱਡਮੁਲੀ ਜਾਣਕਾਰੀ ਪ੍ਰਦਾਨ ਕਰਦੇ ਸਨ। ਉਹ ਰਾਜਨੀਤੀ ਦਾ ਅਨਿੱਖੜਵਾਂ ਅੰਗ ਸਨ। ਜੇ ਦੂਤਾਂ ਨੂੰ ਰਾਜੇ ਦੀ ਜ਼ੁਬਾਨ ਕਿਹਾ ਜਾਂਦਾ ਸੀ ਤਾਂ ਜਾਸੂਸਾਂ ਨੂੰ ਉਸ ਦੀਆਂ (ਰਾਜੇ ਦੀਆਂ) ਅੱਖਾਂ ਕਿਹਾ ਜਾਂਦਾ ਸੀ। ਭਾਵ ਜਾਸੂਸਾਂ ਦੀ ਭੂਮਿਕਾ ਵੀ ਓਨੀ ਹੀ ਮਹੱਤਵਪੂਰਨ ਸੀ ਜਿੰਨੀ ਕਿ ਰਾਜਦੂਤਾਂ ਦੀ ਸੀ। ਪ੍ਰਾਚੀਨ ਭਾਰਤੀ ਵਿਦਵਾਨ ਵੀ ਜਾਸੂਸਾਂ ਦੀ ਭੂਮਿਕਾ ਅਤੇ ਉਨ੍ਹਾਂ ਦੇ ਮਹੱਤਵ ਬਾਰੇ ਜਾਣੂ (ਸੁਚੇਤ) ਸਨ। ਰਿਗਵੇਦ, ਅਥਰਵੇਦ, ਰਮਾਇਣ ਅਤੇ ਮਹਾਂਭਾਰਤ ਵਿਚ ਵੀ ਜਾਸੂਸਾਂ ਬਾਰੇ ਵਿਸਥਾਰਪੂਰਵਕ ਵਰਣਨ ਮਿਲਦਾ ਹੈ। ਕੌਟਲਿਆ ਨੇ ਆਪਣੀ ਪ੍ਰਸ਼ਾਸ਼ਨਿਕ ਨੀਤੀ ਵਿਚ ਜਾਸੂਸ ਪ੍ਰਣਾਲੀ ਨੂੰ ਬਹੁਤ ਮਹੱਤਤਾ ਦਿੱਤੀ ਹੈ। ਉਹ ਚਾਹੁੰਦਾ ਸੀ ਕਿ ਰਾਜਾ ਸਮਾਜ ਦੇ ਹਰ ਖੇਤਰ ਵਿਚ ਆਪਣੇ ਗੁਪਤ ਪ੍ਰਤੀਨਿਧ ਨਿਯੁਕਤ ਕਰੇ। ਕੌਟਲਿਆ ਦੇ ਜਾਸੂਸੀ ਪ੍ਰਬੰਧ (ਪ੍ਰਣਾਲੀ) ਜਾਂ ਵਿਵਸਥਾ ਤੇ ਜ਼ਿਆਦਾ ਧਿਆਨ ਦੇਣ ਕਰਕੇ ਮੌਰੀਆ ਸਾਮਰਾਜ ਆਪਣੇ ਜਾਸੂਸਾਂ ਲਈ ਵੀ ਜਾਣਿਆ ਜਾਂਦਾ ਸੀ। ਇੱਥੋਂ ਤੱਕ ਕਿ ਮੈਗਸਥਨੀਜ਼ ਨੇ ਵੀ ਆਪਣੀ ਪੁਸਤਕ ਵਿਚ ਜਾਸੂਸਾਂ ਨੂੰ ਇਕ ਵੱਖਰੀ ਸ਼੍ਰੇਣੀ ਦਾ ਦਰਜਾ ਦਿੱਤਾ। ਇਹ ਜਾਸੂਸ ਸ਼ਹਿਰਾਂ, ਫ਼ੌਜ ਅਤੇ ਰਾਜ ਦੇ ਹੋਰ ਹਿੱਸਿਆ ਤੱਕ ਫੈਲੇ ਸਨ। ਉਹ ਆਪਣੇ ਇਲਾਕਿਆਂ ਦੀ ਸਾਰੀ ਜਾਣਕਾਰੀ

ਰਾਜੇ ਜਾਂ ਦੰਡ ਅਧਿਕਾਰੀ ਨੂੰ ਦਿੰਦੇ ਸਨ। ਅਰਥ-ਸ਼ਾਸਤਰ ਵਿਚ ਜਾਸੂਸੀ ਪ੍ਰਬੰਧ (ਵਿਭਾਗ) ਨੂੰ ਸਰਕਾਰ ਦਾ ਸਥਾਈ ਅੰਗ ਕਿਹਾ ਗਿਆ ਹੈ।

ਅਰਥ ਸ਼ਾਸਤਰ ਦੇ ਅਧਿਆਇ 11 ਅਤੇ 12 ਜਿਨ੍ਹਾਂ ਦਾ ਸਿਰਲੇਖ "ਜਾਸੂਸਾਂ ਦੀ ਸੰਸਥਾ" (The Institution of Spies) ਹੈ, ਵਿਚ ਕੌਟਲਿਆ ਨੇ ਜਾਸੂਸਾਂ ਦੀ ਮਹੱਤਤਾ, ਉਹਨਾਂ ਦੀਆਂ ਕਿਸਮਾਂ ਅਤੇ ਉਨ੍ਹਾਂ ਦੀ ਬਹੁਮੁੱਲੀ ਬਾਹਰੀ ਅਤੇ ਅੰਦਰੂਨੀ ਗੁਪਤ ਸੂਚਨਾਵਾਂ ਦੇਣ ਦੀ ਭੂਮਿਕਾ ਦਾ ਵਰਨਣ ਕੀਤਾ ਹੈ। ਉਸ ਨੇ ਰਾਜਾਂ ਦੀ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਅਤੇ ਹੋਰ ਰਾਜਾਂ ਨਾਲ ਸੰਬੰਧ ਵਧਾਉਣ ਲਈ ਬਹੁਤ ਸੁਚੱਜੇ ਢੰਗ ਨਾਲ ਗੁੰਝਲਦਾਰ ਪਰ ਸੰਗਠਨਾਤਮਕ ਜਾਸੂਸ ਪ੍ਰਣਾਲੀ ਦੀ ਵਿਵਸਥਾ ਕੀਤੀ। ਇਹ ਜਾਸੂਸ ਰਾਜ ਦੇ ਸਾਰੇ ਹਿੱਸਿਆਂ ਵਿਚੋਂ ਜਾਣਕਾਰੀ ਇਕੱਤਰ ਕਰਕੇ ਸੰਬੰਧਿਤ ਅਧਿਕਾਰੀਆਂ ਤੱਕ ਪਹੁੰਚਾਉਂਦੇ ਸਨ। ਇਸ ਨਾਲ ਆਵਾਜਾਈ ਅਤੇ ਸੰਚਾਰ ਸਾਧਨਾਂ ਦੀ ਕਮੀ ਦੀ ਕਾਫ਼ੀ ਹੱਦ ਤੱਕ ਭਰਪਾਈ (ਪੂਰਤੀ) ਹੋ ਜਾਂਦੀ ਸੀ। ਇਹ ਜਾਸੂਸੀ ਪ੍ਰਬੰਧ ਮੌਰੀਆ ਸਾਮਰਾਜ ਦੀ ਸੁਰੱਖਿਆ ਅਤੇ ਸਥਿਰਤਾ ਬਣਾਈ ਰੱਖਣ ਵਿਚ ਬਹੁਤ ਸਹਾਈ ਸਿੱਧ ਹੋਇਆ। ਜਾਸੂਸ, ਰਾਜ ਦੇ ਅਧਿਕਾਰੀਆਂ ਦੀ ਵਫ਼ਾਦਾਰੀ, ਬਗਾਵਤ ਅਤੇ ਅਪਰਾਧਾਂ ਦੀ ਰੋਕਥਾਮ, ਰਾਜੇ ਬਾਰੇ ਲੋਕਾਂ ਦੀ ਰਾਇ ਅਤੇ ਹੋਰ ਅਨੇਕਾਂ ਮਸਲਿਆਂ ਬਾਰੇ ਸੂਚਨਾਵਾਂ ਇਕੱਤਰ ਕਰਦੇ ਸਨ। ਕੌਟਲਿਆ ਅਨੁਸਾਰ ਰਾਜੇ ਨੂੰ ਬਾਹਰੀ ਰਾਜਾਂ ਵਿਚ ਵੀ, ਜਾਸੂਸਾਂ ਨੂੰ ਉੱਥੋਂ ਦੇ ਹਾਲਾਤ, ਫ਼ੌਜ ਦੀ ਤਾਕਤ ਅਤੇ ਹੋਰ ਜਾਣਕਾਰੀ ਹਾਸਲ ਕਰਨ ਲਈ ਭੇਜਣਾ ਚਾਹੀਦਾ ਹੈ। ਇਹ ਜਾਸੂਸ ਬਾਹਰੀ ਰਾਜੇ ਦਾ ਵਿਸ਼ਵਾਸ਼ ਜਿੱਤਣ ਤੋਂ ਬਾਅਦ ਆਪਣੇ ਰਾਜੇ ਨੂੰ ਢੁਕਵੀਂ ਜਾਣਕਾਰੀ ਦਿੰਦੇ ਸਨ, ਪਰ ਕੌਟਲਿਆ ਰਾਜੇ ਨੂੰ ਇਹਨਾਂ ਜਾਸੂਸਾਂ ਤੇ ਅੰਨ੍ਹਾ ਵਿਸ਼ਵਾਸ ਨਾ ਕਰਨ ਦੀ ਚਿਤਾਵਨੀ ਦਿੰਦਾ ਹੈ ਅਤੇ ਇਹਨਾਂ ਜਾਸੂਸਾਂ ਉੱਪਰ ਹੋਰ ਜਾਸੂਸ ਲਾਉਣ ਲਈ ਸਲਾਹ ਦਿੰਦਾ ਹੈ ਤਾਂ ਜੋ ਵਿਸ਼ਵਾਸਯੋਗ ਜਾਣਕਾਰੀ ਹਾਸਲ ਕੀਤੀ ਜਾ ਸਕੇ।

ਕੌਟਲਿਆ ਅਨੁਸਾਰ ਜਾਸੂਸਾਂ ਦੀ ਚੋਣ ਸਮੇਂ ਜਾਤ, ਨਸਲ ਜਾਂ ਲਿੰਗ ਆਦਿ ਦਾ ਭੇਦਭਾਵ ਨਹੀਂ ਰੱਖਣਾ ਚਾਹੀਦਾ। ਸਗੋਂ ਸਮਾਜ ਦੀਆਂ ਵੱਖ ਵੱਖ ਸ਼੍ਰੇਣੀਆਂ ਵਿਚੋਂ ਜਾਸੂਸ ਚੁਣਨੇ ਚਾਹੀਦੇ ਹਨ। ਰਾਜੇ ਨੂੰ ਜਾਸੂਸਾਂ ਦੇ ਚਰਿੱਤਰ ਅਤੇ ਯੋਗਤਾ ਬਾਰੇ ਪੂਰੀ ਤਰ੍ਹਾਂ ਵਿਸ਼ਵਾਸ ਹੋਣ ਤੋਂ ਬਾਅਦ ਹੀ ਉਹਨਾਂ ਦੀ ਨਿਯੁਕਤੀ ਕਰਨੀ ਚਾਹੀਦੀ ਹੈ। ਕੌਟਲਿਆ ਅਨੁਸਾਰ ਜਾਸੂਸ ਨਿਪੁੰਨ, ਤੇਜ਼, ਗਿਆਨਵਾਨ ਅਤੇ ਪ੍ਰਭਾਵਸ਼ਾਲੀ ਹੋਣੇ ਚਾਹੀਦੇ ਹਨ। ਜਿਥੇ ਕੁਸ਼ਲ ਜਾਸੂਸਾਂ ਲਈ ਵੱਡੇ ਇਨਾਮ ਦਿੱਤੇ ਜਾਂਦੇ ਸਨ ਉਥੇ ਬੇਈਮਾਨ ਜਾਸੂਸਾਂ ਨੂੰ ਸਖ਼ਤ ਸਜਾਵਾਂ ਦੀ ਵਿਵਸਥਾ ਸੀ।

## ਜਾਸੂਸਾਂ ਦੀਆਂ ਕਿਸਮਾਂ (Kinds of Spies)

ਅਰਥ ਸ਼ਾਸਤਰ ਵਿਚ ਕੌਟਲਿਆ ਨੇ ਜਾਸੂਸਾਂ ਦੀਆਂ ਨੌਂ ਕਿਸਮਾਂ ਦਾ ਵਰਣਨ ਕੀਤਾ ਹੈ। ਉਸ ਨੇ ਅਰਥ ਸ਼ਾਸਤਰ ਵਿਚ ਕਿਹਾ ਹੈ ਕਿ ਜਾਸੂਸ ਰਾਜੇ ਦੇ ਮਾਣ ਅਤੇ ਧਨ ਨੂੰ ਮਾਣਦੇ ਹਨ ਅਤੇ ਇਹ ਰਾਜੇ ਦੇ ਕਰਮਚਾਰੀਆਂ ਨੂੰ ਰਾਜੇ ਪ੍ਰਤੀ ਵਿਸ਼ਵਾਸਯੋਗ ਹੋਣ ਅਤੇ ਉਨ੍ਹਾਂ ਨੂੰ ਇਮਾਨਦਾਰ ਅਤੇ ਚਰਿੱਤਰਵਾਨ ਬਣੇ ਰਹਿਣ ਲਈ ਸਹਾਇਕ ਸਿੱਧ ਹੁੰਦੇ ਹਨ। ਅਰਥ ਸ਼ਾਸਤਰ ਦੇ ਭਾਗ XII ਵਿਚ ਕੌਟਲਿਆ ਨੇ ਗੁਪਤ ਜਾਸੂਸ ਪ੍ਰਣਾਲੀ ਦੀ ਲੋੜ ਤੇ ਜ਼ੋਰ ਦਿੱਤਾ ਹੈ। ਕੌਟਲਿਆ ਦੁਆਰਾ ਦਿੱਤੀਆਂ ਗਈਆਂ ਜਾਸੂਸਾਂ ਦੀਆਂ ਨੌਂ ਕਿਸਮਾਂ ਦਾ ਸੰਖੇਪ ਵਰਨਣ ਹੇਠ ਲਿਖੇ ਅਨੁਸਾਰ ਹੈ –

**(ੳ) ਫਰੇਬੀ-ਅਨੁਯਾਈ (Kaptika-Chhatra) –** ਫਰੇਬੀ-ਅਨੁਯਾਈ ਜਾਸੂਸ ਦੂਜਿਆਂ ਦੇ ਦਿਮਾਗ ਨੂੰ ਪੜ੍ਹਨ (ਅੰਦਾਜ਼ਾ ਲਾਉਣ) ਵਿਚ ਬਹੁਤ ਮਾਹਿਰ ਹੁੰਦੇ ਹਨ। ਇਹਨਾਂ ਦੀ ਨਿਯੁਕਤੀ ਸਨਮਾਨ ਜਾਂ ਤਨਖ਼ਾਹ ਦੇ ਆਧਾਰ ਤੇ ਹੁੰਦੀ ਹੈ। ਸ਼ਾਮਾਸ਼ਾਸਤਰੀ ਅਨੁਸਾਰ ਇਸ ਕਿਸਮ ਦੇ ਜਾਸੂਸ ਨੂੰ ਸਨਮਾਨ ਅਤੇ ਪੈਸੇ ਨਾਲ ਉਤਸ਼ਾਹਿਤ ਕਰਦੇ ਸਮੇਂ ਮੰਤਰੀ ਉਹਨਾਂ ਨੂੰ ਕਹਿੰਦਾ ਹੈ, "ਦੂਜਿਆਂ ਵਿਚ ਤੁਹਾਡੇ ਦੁਆਰਾ ਲੱਭੀਆਂ ਗਈਆਂ ਦੁਸ਼ਟਤਾਵਾਂ ਦੀ ਜਾਣਕਾਰੀ ਤੁਸੀਂ ਸਾਨੂੰ ਦੇਵੋਗੇ, ਇਸ ਲਈ ਤੁਹਾਨੂੰ ਰਾਜੇ ਦੀ ਅਤੇ ਮੇਰੀ ਸਹੁੰ ਹੈ।"[1] ਇਸ ਤਰ੍ਹਾਂ ਇਨ੍ਹਾਂ ਜਾਸੂਸਾਂ ਦਾ ਮੁੱਖ ਕੰਮ ਬੁਰੇ ਅਤੇ ਦੁਸ਼ਟ ਵਿਵਹਾਰ ਦੇ ਲੋਕਾਂ ਬਾਰੇ ਰਾਜੇ ਅਤੇ ਮੰਤਰੀਆਂ ਨੂੰ

ਜਾਣਕਾਰੀ ਦੇਣਾ ਸੀ।

**(ਅ) ਇਕਾਂਤਵਾਸੀ ਜਾਂ ਵੈਰਾਗੀ (Udasthita) –** ਇਹ ਜਾਸੂਸ ਸਾਧੂ–ਸੰਤਾਂ ਦੇ ਭੇਸ ਵਿਚ ਹੁੰਦੇ ਸਨ। ਇਹਨਾਂ ਜਾਸੂਸਾਂ ਨੂੰ ਧਨ ਅਤੇ ਕਾਫੀ ਸਾਰੇ ਚੇਲੇ ਦਿੱਤੇ ਜਾਂਦੇ ਸਨ। ਇਹ ਆਪਣੇ ਚੇਲਿਆਂ ਨੂੰ ਯੋਗ ਅਗਵਾਈ ਦਿੰਦੇ ਸਨ ਅਤੇ ਆਪਣੇ ਕੁਝ ਚੇਲਿਆਂ ਨੂੰ ਜਾਸੂਸ ਦੇ ਤੌਰ ਤੇ ਭੇਜਦੇ ਸਨ। ਇਹਨਾਂ ਦਾ ਮੁੱਖ ਕੰਮ ਰਾਜੇ ਦੀ ਸੰਪੱਤੀ ਸੰਬੰਧੀ ਅਪਰਾਧਾਂ ਦੀ ਛਾਣਬੀਣ ਕਰਨਾ ਅਤੇ ਢੁਕਵੀਂ ਜਾਣਕਾਰੀ ਨੂੰ ਮੁਹੱਈਆ ਕਰਵਾਉਣਾ ਸੀ।

**(ੲ) ਗ੍ਰਹਿਸਥ (Grihapatika)–** ਗ੍ਰਹਿਸਥ ਜਾਸੂਸ ਕਿਸਾਨਾਂ ਦੀ ਤਰ੍ਹਾਂ ਹੁੰਦੇ ਸਨ ਇਹ ਉੱਚ ਚਰਿੱਤਰਵਾਨ ਅਤੇ ਦੂਰ ਅੰਦੇਸ਼ੀ ਹੁੰਦੇ ਸਨ ਪਰ ਇਹ ਆਪਣਾ ਕਿੱਤਾ ਛੱਡ ਚੁੱਕੇ ਹੁੰਦੇ ਸਨ। ਇਹ ਆਪਣੇ ਨਾਲ ਕੁਝ ਹੋਰ ਵਿਅਕਤੀ ਮਿਲਾ ਕੇ ਖੇਤੀ–ਬਾੜੀ ਕਰਦੇ ਸਨ ਅਤੇ ਉਹਨਾਂ ਦਾ ਵਿਸ਼ਵਾਸ ਜਿੱਤਣ ਤੋਂ ਬਾਅਦ ਇਹ ਉਹਨਾਂ ਵਿਅਕਤੀਆਂ ਨੂੰ ਜਾਸੂਸੀ ਕਰਨ ਲਈ ਭੇਜਦੇ ਸਨ।

**(ਸ) ਵਪਾਰੀ ਜਾਸੂਸ (Vaidehaka)–** ਗ੍ਰਹਿਸਥ ਜਾਸੂਸਾਂ ਦੀ ਤਰ੍ਹਾਂ ਹੀ ਵਪਾਰੀ ਜਾਸੂਸ ਵੀ ਦੂਰ ਅੰਦੇਸ਼ੀ ਅਤੇ ਉੱਚ–ਚਰਿੱਤਰ ਦੇ ਮਾਲਕ ਹੁੰਦੇ ਸਨ। ਵਪਾਰੀ ਜਾਸੂਸ ਵੀ ਇਹਨਾਂ ਨੂੰ ਅਲਾਟ ਹੋਈਆਂ ਜ਼ਮੀਨਾਂ ਤੇ ਵਪਾਰਕ ਗਤੀਵਿਧੀਆਂ ਲਈ ਉਤਪਾਦਨ ਕਰਦੇ ਸਨ। ਇਹ ਆਪਣੇ ਨਾਲ ਕੁਝ ਹੋਰ ਵਿਅਕਤੀ ਜੋੜ ਲੈਂਦੇ ਸਨ ਜੋ ਬਾਅਦ ਵਿਚ ਇਹਨਾਂ ਲਈ ਜਾਸੂਸੀ ਦਾ ਕੰਮ ਕਰਦੇ ਸਨ।

**(ਹ) ਤਪੱਸਵੀ (Tapasa)–** ਤਪੱਸਵੀ ਜਾਸੂਸ ਗੰਜੇ ਹੁੰਦੇ ਸਨ ਅਤੇ ਆਪਣੀ ਤਪੱਸਿਆ ਦੇ ਦਿਖਾਵੇ ਨਾਲ ਲੋਕਾਂ ਵਿਚ ਵਿਚਰਦੇ ਸਨ। ਇਹਨਾਂ ਤਪੱਸਵੀ ਜਾਸੂਸਾਂ ਕੋਲ ਕਾਫੀ ਸਾਰੇ ਚੇਲੇ ਹੁੰਦੇ ਸਨ ਜੋ ਲੋਕਾਂ ਵਿਚ ਇਹਨਾਂ ਦੀ ਮਹਿਮਾ ਦਾ ਪ੍ਰਚਾਰ ਕਰਦੇ ਸਨ, ਕਿ ਤਪੱਸਵੀ ਮਹਾਰਾਜ ਮਹੀਨੇ ਦੇ ਅੱਧ ਵਿਚ ਸਿਰਫ ਥੋੜ੍ਹੀ ਜਿਹੀ ਸਬ਼ਜੀ ਅਤੇ ਘਾਹ ਖਾ ਕੇ ਹੀ ਗੁਜ਼ਾਰਾ ਕਰਦੇ ਹਨ ਪਰ ਗੁਪਤ ਤੌਰ ਤੇ ਇਹਨਾਂ ਨੂੰ ਖਾਣਾ ਮਿਲਦਾ ਰਹਿੰਦਾ ਸੀ। ਇਹ ਭਵਿੱਖ ਸੰਬੰਧੀ ਆਪਣੀਆਂ ਕਿਆਸਰਾਈਆਂ ਲਾਉਂਦੇ ਰਹਿੰਦੇ ਸਨ। ਇੱਥੋਂ ਤੱਕ ਕਿ ਇਹ ਰਾਜਨੀਤਿਕ ਗਤੀਵਿਧੀਆਂ ਬਾਰੇ ਵੀ ਲੋਕਾਂ ਤੱਕ ਆਪਣੇ ਵਿਚਾਰ ਜਾਂ ਭਵਿੱਖਬਾਣੀਆਂ ਪਹੁੰਚਾਉਂਦੇ ਸਨ। ਇਹਨਾਂ ਦੇ ਚੇਲੇ ਇਹਨਾਂ ਵਿਚ ਅਲੌਕਿਕ ਸ਼ਕਤੀਆਂ ਹੋਣ ਦਾ ਪ੍ਰਚਾਰ ਕਰਦੇ ਸਨ। ਇਹ ਰਾਜੇ ਦੇ ਖਿਲਾਫ਼ ਪ੍ਰਚਾਰ ਕਰਨ ਵਾਲਿਆਂ ਨੂੰ ਗੁਪਤ ਸਜ਼ਾਵਾਂ ਵੀ ਦਿੰਦੇ ਸਨ। ਇਹ ਰਾਜੇ ਵਿਰੁੱਧ ਅਸੰਤੁਸ਼ਟ ਬਗਾਵਤ ਕਰਨ ਵਾਲਿਆਂ ਨੂੰ ਧਨ ਦਾ ਲਾਲਚ ਦੇ ਕੇ ਰੋਕਣ ਦੀ ਕੋਸ਼ਿਸ਼ ਕਰਦੇ ਸਨ ਅਤੇ ਬਿਨਾਂ ਕਾਰਨ ਬਗ਼ਾਵਤਕਾਰਾਂ ਅਤੇ ਕਾਨੂੰਨ ਵਿਰੋਧੀਆਂ ਨੂੰ ਸਜ਼ਾ ਦਿੰਦੇ ਸਨ।

**(ਕ) ਸਹਿਪਾਠੀ ਜਾਂ ਸਹਿਯੋਗੀ ਜਾਸੂਸ (Sastri)–** ਸਹਿਪਾਠੀ ਜਾਂ ਸਹਿਯੋਗੀ ਜਾਸੂਸ ਅਜਿਹੇ ਅਨਾਥ ਹਨ ਜਿਹਨਾਂ ਦੀ ਪਾਲਣਾ ਪੋਸ਼ਣਾ ਰਾਜ ਨੇ ਕਰਨੀ ਹੈ ਅਤੇ ਜਿਹਨਾਂ ਨੂੰ ਵੱਖ–ਵੱਖ ਸ਼ਾਸਤਰਾਂ ਦੇ ਗਿਆਨ ਲਈ ਇਕੱਠਿਆਂ ਪੜ੍ਹਾਇਆ ਜਾਂਦਾ ਹੈ ਜਾਂ ਇਹ ਅਜਿਹੇ ਜਾਸੂਸ ਹੁੰਦੇ ਹਨ ਜੋ ਆਪਸ ਵਿਚ ਮੇਲ–ਜੋਲ ਰਾਹੀਂ ਸਿੱਖਿਆ ਹਾਸਿਲ ਕਰਦੇ ਹਨ।

**(ਖ) ਜੋਸ਼ੀਲਾ (ਦਗਦਾ) ਜਾਸੂਸ (Tikshna)–** ਇਹ ਜਾਸੂਸ ਬਹੁਤ ਦਲੇਰ ਹੁੰਦੇ ਸਨ। ਇਹ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਪੈਸੇ ਦੀ ਖ਼ਾਤਿਰ ਹਾਥੀਆਂ ਅਤੇ ਸ਼ੇਰਾਂ ਨਾਲ ਲੜਨ ਨੂੰ ਵੀ ਤਿਆਰ ਰਹਿੰਦੇ ਸਨ। ਇਹਨਾਂ ਨੂੰ ਖ਼ਾਸ ਤੌਰ ਤੇ ਰਾਜੇ ਦੇ ਨਜ਼ਦੀਕੀ ਅਧਿਕਾਰੀਆਂ ਦਾ ਚਾਲ ਚਲਣ ਜਾਨਣ ਲਈ ਨਿਯੁਕਤ ਕੀਤਾ ਜਾਂਦਾ ਸੀ।

**ਗ) ਜ਼ਹਿਰ ਦੇਣ ਵਾਲੇ ਜਾਸੂਸ (Rasada)–** ਇਹ ਜਾਸੂਸ ਬਹੁਤ ਹੀ ਜ਼ਾਲਮ ਅਤੇ ਨਿਰਦਈ ਕਿਸਮ ਦੇ ਹੁੰਦੇ ਸਨ ਇੱਥੋਂ ਤੱਕ ਕਿ ਇਹਨਾਂ ਨੂੰ ਆਪਣੀ ਔਲਾਦ ਤੱਕ ਦਾ ਵੀ ਫਿਕਰ ਨਹੀਂ ਹੁੰਦਾ ਸੀ। ਇਹ ਜਾਸੂਸ ਖਾਣਾ ਬਣਾਉਣ ਵਾਲੇ, ਬਿਸਤਰ ਵਿਛਾਉਣ ਵਾਲੇ, ਨਾਈ, ਗੁਸਲਖਾਨੇ ਸਾਫ਼ ਕਰਨ ਵਾਲੇ ਜਾਂ ਪਾਣੀ

ਫੜਾਉਣ ਵਾਲੇ ਦੇ ਰੂਪ ਵਿਚ ਹੁੰਦੇ ਸਨ। ਇਹ ਆਮ ਤੌਰ ਤੇ ਗੂੰਗੇ, ਬੋਲੇ ਜਾਂ ਅੰਨ੍ਹੇ ਹੋਣ ਦਾ ਦਿਖਾਵਾ ਕਰਦੇ ਸਨ। ਇਹ ਕਲਾਕਾਰ ਜਿਵੇਂ, ਨਚਾਰ, ਗਾਇਕ, ਆਦਿ ਦੇ ਰੂਪ ਵਿਚ ਵੀ ਹੁੰਦੇ ਸਨ। ਕਈ ਵਾਰ ਅਧਿਕਾਰੀਆਂ ਦਾ ਨਿੱਜੀ ਚਰਿੱਤਰ ਜਾਨਣ ਲਈ ਔਰਤਾਂ ਨੂੰ ਵੀ ਜਾਸੂਸ ਦੇ ਰੂਪ ਵਿਚ ਭੇਜਿਆ ਜਾਂਦਾ ਸੀ।

**ਘ) ਸਾਧਵੀ ਔਰਤ (Bhikshyuki)–** ਬ੍ਰਾਹਮਣ ਜਾਤ ਦੀਆਂ ਗਰੀਬ ਵਿਧਵਾ ਔਰਤਾਂ ਜੋ ਕਾਫ਼ੀ ਚਲਾਕ ਅਤੇ ਸੰਨਿਆਸੀ ਹੁੰਦੀਆਂ ਸਨ, ਨੂੰ ਸਾਧਵੀਆਂ ਦੇ ਭੇਸ ਵਿਚ ਜਾਸੂਸ ਨਿਯੁਕਤ ਕੀਤਾ ਜਾਂਦਾ ਸੀ। ਇਹ ਆਮ ਤੌਰ ਤੇ ਰਾਜੇ ਦੇ ਹਰਮ ਅਤੇ ਪ੍ਰਧਾਨ ਮੰਤਰੀ ਦੇ ਘਰ ਵਿਚ ਨਿਯੁਕਤ ਕੀਤੀਆਂ ਜਾਂਦੀਆਂ ਸਨ। ਇਨ੍ਹਾਂ ਦਾ ਮੁੱਖ ਕੰਮ ਇਹ ਦੇਖਣਾ ਹੁੰਦਾ ਸੀ ਕਿ ਰਾਜੇ ਦੇ ਮੰਤਰੀ ਅਤੇ ਹੋਰ ਅਧਿਕਾਰੀ ਔਰਤਾਂ ਦੇ ਝਾਂਸੇ ਵਿਚ ਤਾਂ ਨਹੀਂ ਆਉਂਦੇ।

ਜਿਹੜੇ ਜਾਸੂਸ ਮਾਹਿਰ, ਵਫ਼ਾਦਾਰ, ਇਮਾਨਦਾਰ, ਵਿਸ਼ਵਾਸਯੋਗ ਅਤੇ ਪੂਰੀ ਤਰ੍ਹਾਂ ਸਿਖਲਾਈ ਪ੍ਰਾਪਤ ਹੁੰਦੇ ਸਨ ਉਨ੍ਹਾਂ ਨੂੰਰਾਜੇ ਦੁਆਰਾ ਮੰਤਰੀਆਂ, ਪਾਦਰੀਆਂ, ਜੱਜਾਂ, ਸ਼ਹਿਰ ਦੇ ਸਿਪਾਹੀਆਂ, ਰਾਜੇ ਦੇ ਘਰੋਗੀ ਪ੍ਰਬੰਧਕ, ਮੁੱਖ ਕਰ ਅਧਿਕਾਰੀ, ਕਾਰੋਬਾਰੀ ਨਿਗਰਾਨ, ਕਿਲਾਬੰਦੀ ਦੇ ਅਧਿਕਾਰੀਆਂ ਸਬੰਧੀ ਗੁਪਤ ਸੂਚਨਾ ਇਕੱਠੀ ਕਰਕੇ ਰਾਜੇ ਤੱਕ ਪਹੁੰਚਾਉਣ ਲਈ ਨਿਯੁਕਤ ਕੀਤਾ ਜਾਂਦਾ ਸੀ। ਇਹ ਜਾਸੂਸ ਪ੍ਰਬੰਧ ਰਾਜ ਦੇ ਸਾਰੇ ਵਿਭਾਗਾਂ ਵਿਚ ਇਕ ਜਾਲ ਦੀ ਤਰ੍ਹਾਂ ਫੈਲਿਆ ਹੁੰਦਾ ਸੀ। ਜੇਕਰ ਕੋਈ ਵੀ ਜਾਸੂਸ ਗਲਤ ਜਾਣਕਾਰੀ ਜਾਂ ਜ਼ੁੰਮੇਵਾਰੀ ਦੀ ਕੁਤਾਹੀ ਕਰਦਾ ਫੜਿਆ ਜਾਂਦਾ ਸੀ ਤਾਂ ਉਸ ਨੂੰ ਰਾਜੇ ਦੁਆਰਾ ਸਜ਼ਾ ਦਿੱਤੀ ਜਾਂਦੀ ਸੀ।

## ਜਾਸੂਸਾਂ ਦੀ ਭੂਮਿਕਾ ਅਤੇ ਕੰਮ (Role and Functions of Spies)

ਜਾਸੂਸਾਂ ਦਾ ਸੰਬੰਧ ਅੰਦਰੂਨੀ ਅਤੇ ਬਾਹਰੀ ਦੋਵਾਂ ਤਰ੍ਹਾਂ ਦੇ ਕਾਰਜਾਂ ਨਾਲ ਸੀ। ਅੰਦਰੂਨੀ ਤੌਰ ਤੇ ਉਹਨਾਂ ਦਾ ਮੁੱਖ ਕੰਮ ਮੰਤਰੀਆਂ, ਯੁਵਰਾਜ **(Heir - Apparent)**, ਪਾਦਰੀਆਂ, ਵੱਖ–ਵੱਖ ਵਿਭਾਗਾਂ ਦੇ ਮੁੱਖੀਆਂ, ਮੁੱਖ ਕਰ ਅਧਿਕਾਰੀ, ਫੌਜ ਦੇ ਉੱਚ–ਅਧਿਕਾਰੀਆਂ, ਹਰਮ ਦੇ ਮੁੱਖੀ, ਕਿਲਿਆਂ ਦੇ ਮੁਖੀਆਂ, ਜੱਜਾਂ, ਪੁਲਿਸ ਅਧਿਕਾਰੀਆਂ ਅਤੇ ਰਾਜ ਦੇ ਹੋਰ ਉੱਚ ਅਧਿਕਾਰੀਆਂ ਦੇ ਕੰਮਾਂ ਅਤੇ ਵਿਵਹਾਰ (ਨਿੱਜੀ ਅਤੇ ਜਨਤਕ) ਉੱਪਰ ਸਖ਼ਤ ਨਿਗਰਾਨੀ ਰੱਖਣਾ ਹੁੰਦਾ ਸੀ। ਉਹਨਾਂ ਨੇ ਦੇਖਣਾ ਹੁੰਦਾ ਸੀ ਕਿ ਲੋਕ ਸੰਤੁਸ਼ਟ ਹਨ ਜਾਂ ਨਹੀਂ, ਅਤੇ ਇਸਦੀ ਜਾਣਕਾਰੀ ਰਾਜੇ ਨੂੰ ਦੇਣੀ ਹੁੰਦੀ ਸੀ। ਕੌਟਲਿਆ ਅਨੁਸਾਰ ਇਹ ਜਾਸੂਸ ਰਾਜ ਦੀ ਸ਼ਾਤੀ ਨੂੰ ਭੰਗ ਕਰਨ ਵਾਲੇ ਸਮਾਜ ਅਤੇ ਰਾਜ ਵਿਰੋਧੀ ਅਨਸਰਾਂ ਦਾ ਦਮਨ ਕਰਨ ਲਈ ਲੋੜੀਂਦੀ ਜਾਣਕਾਰੀ ਸੰਬੰਧਿਤ ਅਧਿਕਾਰੀ ਤੱਕ ਗੁਪਤ ਰੂਪ ਵਿਚ ਪਹੁੰਚਾਉਂਦੇ ਸਨ। ਡਾ. ਬੇਨੀ ਪ੍ਰਸ਼ਾਦ ਅਨੁਸਾਰ ਜਾਸੂਸ ਨਿਆਇਕ ਪ੍ਰਣਾਲੀ ਦਾ ਵੀ ਹਿੱਸਾ ਸਨ। ਉਹ ਕਹਿੰਦਾ ਹੈ, "ਜਾਸੂਸ ਅਦਾਲਤਾਂ ਵਿਚ ਚਲ ਰਹੇ ਵੱਖ–ਵੱਖ ਝਗੜਿਆਂ ਦੇ ਨਿਪਟਾਰੇ ਲਈ ਝਗੜੇ ਨਾਲ ਸੰਬੰਧਿਤ ਲੋਕਾਂ ਅਤੇ ਗਵਾਹਾਂ ਦੀ ਗੁਪਤ ਸੂਚਨਾ ਅਦਾਲਤ ਨੂੰ ਦਿੰਦੇ ਸਨ। ਜਿਸ ਦੇ ਅਧਾਰ ਤੇ ਅਦਾਲਤ ਝਗੜੇ ਦਾ ਅੰਤਿਮ ਫੈਸਲਾ ਸੁਣਾਉਂਦੀ ਸੀ।"

ਜਿੱਥੋਂ ਤੱਕ ਜਾਸੂਸਾਂ ਦੇ ਬਾਹਰੀ ਕੰਮਾਂ ਦਾ ਸੰਬੰਧ ਹੈ, ਕੌਟਲਿਆ ਨੇ ਇਸ ਲਈ ਇਕ ਗੁੰਝਲਦਾਰ ਜਾਲ ਬੁਣਿਆ ਹੈ। ਜਾਸੂਸ ਰਾਜ ਦੇ ਦੂਜੇ ਰਾਜਾਂ ਨਾਲ ਸੰਬੰਧਾਂ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਕੌਟਲਿਆ ਅੰਤਰਰਾਜੀ ਪੱਧਰ ਉੱਤੇ ਨੈਤਿਕਤਾ ਨਾਲੋਂ ਉਪਯੋਗਤਾ ਨੂੰ ਤਰਜੀਹ ਦਿੰਦਾ ਹੈ। ਇਸ ਲਈ ਜਾਸੂਸਾਂ ਨੂੰ ਦੂਸਰੇ ਰਾਜਾਂ ਵਿਚ ਭੇਜਣ ਦਾ ਮੰਤਵ ਵੱਖੋ–ਵੱਖਰਾ ਹੁੰਦਾ ਸੀ। ਉਹਨਾਂ ਨੂੰ ਦੂਜੇ ਦੁਸ਼ਮਣ ਰਾਜਾਂ ਦੇ ਲੋਕਾਂ ਵਿਚ ਮੱਤਭੇਦ ਪੈਦਾ ਕਰਨ ਲਈ ਅਤੇ ਉਹਨਾਂ ਦੇਸ਼ਾਂ ਦੀ ਅੰਦਰੂਨੀ ਵਿਵਸਥਾ ਅਤੇ ਫੌਜੀ ਸ਼ਕਤੀ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਭੇਜਿਆ ਜਾਂਦਾ ਸੀ। ਦੁਸ਼ਮਣ–ਰਾਜੇ ਨੂੰ ਮਾਰਨ ਉੱਤੇ ਵੱਖਰੇ ਤੌਰ ਤੇ ਇਨਾਮ ਦਿੱਤਾ ਜਾਂਦਾ ਸੀ। ਵਪਾਰੀਆਂ ਦੇ ਰੂਪ ਵਿਚ ਜਾਸੂਸ ਦੂਜੇ ਰਾਜਾਂ ਵਿਚ ਜ਼ਹਿਰੀਲਾ ਅਨਾਜ ਵੇਚ ਸਕਦੇ ਸਨ, ਇੱਥੋਂ ਤੱਕ ਕਿ ਧੋਖੇ ਨਾਲ ਸ਼ਾਹੀ ਪਰਿਵਾਰ ਦੇ ਮੈਂਬਰਾਂ ਦਾ ਕਤਲ ਵੀ ਕਰ ਦਿੰਦੇ ਸਨ। ਜਾਸੂਸਾਂ ਨੂੰ ਕਈ ਤਰ੍ਹਾਂ ਦੇ ਜਾਦੂਈ ਚਾਲਾਂ ਜਾਂ ਦਾਅ ਸਿਖਾਏ ਜਾਂਦੇ ਸਨ। ਜਿਸ ਨਾਲ ਜਾਸੂਸ ਵਿਰੋਧੀ ਰਾਜੇ ਅਤੇ ਉਸ

ਦੀ ਪਰਜਾ ਨੂੰ ਕਿਸੇ ਕਰਿਸ਼ਮੇ ਦੇ ਹੋਣ ਦਾ ਵਿਸ਼ਵਾਸ਼ ਦੁਆ ਦਿੰਦੇ ਸਨ। ਜਦੋਂ ਤੱਕ ਲੋਕਾਂ ਨੂੰ ਉਹਨਾਂ ਦੀ ਚਾਲ ਸਮਝ ਆਉਂਦੀ ਸੀ, ਉਦੋਂ ਤੱਕ ਉਹ ਲੋਕਾਂ ਵਿਚ ਕਾਫੀ ਮੱਤਭੇਦ ਪੈਦਾ ਕਰਨ ਵਿਚ ਕਾਮਯਾਬ ਹੋ ਜਾਂਦੇ ਸਨ।

ਕੌਟਲਿਆ ਅਨੁਸਾਰ ਦੁਸ਼ਮਣ ਦੀਆਂ ਫੌਜਾਂ ਨੂੰ ਝਾਸਾਂ ਦੇਣ ਲਈ ਝੂਠ, ਛਲ-ਕਪਟ, ਰਿਸ਼ਵਤ, ਝੂਠੇ ਵਾਅਦੇ, ਜ਼ਹਿਰ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਨੈਤਿਕ ਜਾਂ ਅਨੈਤਿਕ ਸਾਧਨਾਂ ਦੀ ਵਰਤੋਂ ਜਾਸੂਸ ਕਰ ਸਕਦੇ ਸਨ। ਜਾਸੂਸੀ ਦੇ ਲਈ ਵੇਸ਼ਵਾਵਾਂ ਦਾ ਵੀ ਉਪਯੋਗ ਕੀਤਾ ਜਾਂਦਾ ਸੀ। ਜਦੋਂ ਰਾਜਾ ਆਪਣੇ ਅੰਗ-ਰੱਖਿਅਕਾਂ ਤੋਂ ਬਿਨਾਂ ਹੁੰਦਾ ਸੀ ਤਾਂ ਇਹ ਜਾਸੂਸ-ਵੇਸਵਾਵਾਂ ਉਸ ਨੂੰ ਮਾਰ ਵੀ ਦਿੰਦੀਆਂ ਸਨ। ਇਹ ਜਾਸੂਸ ਵੇਸਵਾਵਾਂ ਫ਼ੌਜ ਦੇ ਉੱਚ ਅਧਿਕਾਰੀਆਂ ਨੂੰ ਮੋਹਿਤ ਕਰ ਲੈਂਦੀਆਂ, ਸਨ ਜਾਂ ਤਾਂ ਉਨਾਂ ਨੂੰ ਜ਼ਹਿਰ ਪਿਲਾ ਕੇ ਮਾਰ ਦਿੰਦੀਆਂ ਸਨ ਜਾਂ ਉਨਾਂ ਵਿਚ ਆਪਸੀ ਫੁੱਟ (ਮੱਤਭੇਦ) ਪੈਦਾ ਕਰ ਦਿੰਦੀਆਂ ਸਨ। ਜਾਸੂਸ ਜੋਤਿਸ਼ੀ ਦੇ ਭੇਸ ਵਿਚ ਦੂਜੇ ਰਾਜਾਂ ਦੇ ਉੱਚ ਅਧਿਕਾਰੀਆਂ ਪਾਸ ਜਾਂਦੇ ਸਨ ਅਤੇ ਆਪਣੀ ਗੱਲਬਾਤ ਦੀ ਕਲਾ ਨਾਲ ਉਨ੍ਹਾਂ ਵਿਚ ਹੋਰ ਉੱਚੀ ਪੱਦਵੀ ਉੱਪਰ ਪਹੁੰਚਣ ਦੀ ਲਾਲਸਾ ਪੈਦਾ ਕਰ ਦਿੰਦੇ ਸਨ। ਜਿਸ ਨਾਲ ਉਹ ਅਧਿਕਾਰੀ ਆਪਣੀ ਇਸ ਲਾਲਸਾ ਵਿਚ ਫਸ ਕੇ ਆਪਣੀ ਵਫ਼ਾਦਾਰੀ ਨੂੰ ਭੁੱਲ ਜਾਂਦੇ ਸਨ। ਜਾਸੂਸ ਦਾ ਇਕ ਹੋਰ ਕੰਮ ਇਹ ਵੀ ਹੁੰਦਾ ਹੈ ਕਿ ਉਹ ਆਪਣੇ ਰਾਜ ਵਿਚ ਦੂਜੇ ਰਾਜੇ ਦੁਆਰਾ ਭੇਜੇ ਗਏ ਜਾਸੂਸਾਂ ਦੀ ਇਤਲਾਹ ਆਪਣੇ ਰਾਜੇ ਨੂੰ ਦੇਵੇ।

ਕੌਟਲਿਆ ਅਨੁਸਾਰ ਪਹਿਲੇ ਪੰਜ ਤਰ੍ਹਾਂ ਦੇ ਜਾਸੂਸ, ਸੰਸਥਾ ਜਾਸੂਸ ਦੀ ਸ਼੍ਰੇਣੀ ਵਿਚ ਆਉਂਦੇ ਹਨ ਅਤੇ ਬਾਕੀ ਦੇ ਜਾਸੂਸ ਘੁੰਮਦੇ-ਫਿਰਦੇ ਜਾਸੂਸਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਪਰ ਇਸ ਵਿਚ ਇਕ ਖ਼ਾਸ ਗੱਲ ਇਹ ਹੈ ਕਿ ਇਹ ਦੋਨੋਂ ਸ਼੍ਰੇਣੀਆਂ (ਘੁੰਮਦੇ-ਫਿਰਦੇ ਅਤੇ ਸੰਸਥਾ) ਦੇ ਜਾਸੂਸ ਇਕ ਦੂਜੇ ਨੂੰ ਨਹੀਂ ਜਾਣਦੇ ਸਨ।

ਉਪਰੋਕਤ ਤੋਂ ਇਕ ਗੱਲ ਸਾਫ਼ ਹੈ ਕਿ ਕੂਟਨੀਤੀ ਵਿਚ ਅਤੇ ਜਾਸੂਸਾਂ ਲਈ ਨੈਤਿਕ ਅਤੇ ਅਨੈਤਿਕ ਸਾਧਨਾਂ ਵਿਚ ਕੋਈ ਫ਼ਰਕ ਨਹੀਂ ਸੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰਾਜਾਂ ਦੇ ਆਪਸੀ ਸੰਬੰਧਾਂ ਵਿਚ ਕੌਟਲਿਆ ਮੈਕਿਆਵਲੀ ਦਾ ਪੂਰਵਗਾਮੀ ਹੈ। ਇਕ ਦੇਸ਼ ਦੁਆਰਾ ਦੂਜੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਕਰਨਾ ਆਮ ਗੱਲ ਸੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪ੍ਰਾਚੀਨ ਭਾਰਤ ਵਿਚ, ਖ਼ਾਸ ਤੌਰ ਤੇ ਕੌਟਲਿਆ ਦੇ ਸਮੇਂ ਵਿਚ, ਕੂਟਨੀਤਿਕ ਅਤੇ ਜਾਸੂਸ ਪ੍ਰਬੰਧ ਦਾ ਬਹੁਤ ਜ਼ਿਆਦਾ ਵਿਕਾਸ ਹੋਇਆ ਹੈ। ਉਪਰੋਕਤ ਵਿਚਾਰਾਂ ਤੋਂ ਇਹ ਵੀ ਪਤਾ ਚਲਦਾ ਹੈ ਕਿ ਅਰਥ ਸ਼ਾਸਤਰ ਵਿਚ ਜਾਸੂਸੀ ਦੀ ਕਲਾ ਆਪਣੇ ਸਿਖ਼ਰ ਤੇ ਹੈ।

## ਗ਼ੁਲਾਮ ਪ੍ਰਥਾ ਸਬੰਧੀ ਕੌਟਲਿਆ ਦੇ ਵਿਚਾਰ (Kauthilya's views about Slavery)

ਗ਼ੁਲਾਮੀ ਇਕ ਅਜਿਹੀ ਪੁਰਾਣੀ ਪ੍ਰਥਾ ਹੈ ਜੋ ਕਿ ਵਧੇਰੇ ਕਰਕੇ ਲਗਭਗ ਸਾਰੀਆਂ ਪੁਰਾਣੀਆਂ ਸੱਭਿਆਤਾਵਾਂ ਵਿਚ ਪਾਈ ਜਾਂਦੀ ਸੀ। ਇਹ ਅਜਿਹੀ ਅਵਸਥਾ ਹੈ ਜਿਸ ਵਿਚ ਇਕ ਮਨੁੱਖ ਦੀ ਜ਼ਿੰਦਗੀ, ਉਸਦੀ ਸੁਤੰਤਰਤਾ ਅਤੇ ਕਿਸਮਤ ਕਿਸੇ ਦੂਸਰੇ ਵਿਅਕਤੀ ਦੀ ਨਿਰਕੁੰਸ਼ ਸ਼ਕਤੀ ਦੇ ਅਧੀਨ ਹੁੰਦੀ ਹੈ। 'ਗ਼ੁਲਾਮੀ' ਸ਼ਬਦ ਅੰਗਰੇਜ਼ੀ ਦੇ ਸ਼ਬਦ Slavery ਦਾ ਪੰਜਾਬੀ ਅਨੁਵਾਦ ਹੈ, ਜੋ ਕਿ 'Slav' ਤੋਂ ਬਣਿਆ ਹੈ ਕਿਉਂਕਿ ਸਲਾਵ ਯੂਰਪ ਵਿਚ ਅਕਸਰ ਗ਼ੁਲਾਮ ਹੋਇਆ ਕਰਦੇ ਸਨ। ਪ੍ਰਾਚੀਨ ਭਾਰਤ ਵਿਚ ਗ਼ੁਲਾਮਾਂ ਨੂੰ ਦਾਸ (Dasa) ਵਜੋਂ ਜਾਣਿਆ ਜਾਂਦਾ ਸੀ ਅਤੇ ਗ਼ੁਲਾਮੀ ਨੂੰ ਦਾਸਤਾ' ਆਖਿਆ ਜਾਂਦਾ ਸੀ। ਦਾਸ ਪ੍ਰਥਾ ਪੁਰਾਤਨ ਗਰੀਕ-ਰਾਜ ਵਿਚ ਵੀ ਪਾਈ ਜਾਂਦੀ ਸੀ। ਗਰੀਕ ਰਾਜਾਂ ਵਿਚ ਹੀ ਇਸਦੇ ਖਿਲਾਫ਼ ਪਹਿਲੀ ਆਵਾਜ਼ ਵੀ ਪੈਦਾ ਹੋਈ ਪਰ ਅਰਸਤੂ ਨੇ ਇਸ (ਗ਼ੁਲਾਮ ਪ੍ਰਥਾ) ਦੀ ਉਪਯੋਗਤਾ ਨੂੰ ਆਧਾਰ ਮੰਨ ਕੇ ਇਸ ਦੀ ਉੱਚਚਤਾ ਨੂੰ ਸਹੀ ਠਹਿਰਾਇਆ। ਅਰਸਤੂ ਅਨੁਸਾਰ ਕੁਝ ਵਿਅਕਤੀ ਕੁਦਰਤੀ ਤੌਰ ਤੇ ਹੀ ਗ਼ੁਲਾਮ ਪੈਦਾ ਹੁੰਦੇ ਹਨ। ਇਸ ਤਰ੍ਹਾਂ ਮਨੂੰ ਨੇ ਵੀ ਰੱਬੀ ਸਿਧਾਂਤ ਦੇ ਆਧਾਰ ਤੇ ਇਸ ਨੂੰ ਉੱਚਿਤ ਠਹਿਰਾਇਆ।

ਮਨੂੰ ਅਨੁਸਾਰ ਸ਼ੂਦਰ ਵਰਗ, ਜਨਮ ਤੋਂ ਹੀ ਗ਼ੁਲਾਮ ਹੈ ਅਤੇ ਇੰਨ੍ਹਾਂ ਨੂੰ ਵੇਦਾਂ ਦੇ ਅਧਿਐਨ ਦਾ ਅਧਿਕਾਰ ਨਹੀਂ ਹੈ। ਗ਼ੁਲਾਮਾਂ ਦਾ ਕੰਮ ਕੇਵਲ ਦੂਸਰੇ ਤਿੰਨ ਵਰਣਾਂ (ਵਰਗਾਂ) ਦੀ ਸੇਵਾ ਕਰਨਾ ਹੈ ਅਤੇ ਇਸ ਵਿਚ ਹੀ ਉਹਨਾਂ

ਦੀ ਮੁਕਤੀ ਹੈ। ਮਨੂੰ ਅਨੁਸਾਰ ਇਹ ਕੰਮ ਉਹਨਾਂ ਨੂੰ ਬ੍ਰਹਮਾ ਦੁਆਰਾ ਸੌਂਪਿਆ ਗਿਆ ਹੈ। ਉਸ ਨੇ ਸ਼ੂਦਰਾਂ ਦੇ ਨੀਵੇਂ ਪੱਧਰ ਨੂੰ ਅਰਸਤੂ ਦੇ ਗਰੀਕ ਗ਼ੁਲਾਮਾਂ ਨਾਲੋਂ ਵਧੇਰੇ ਜ਼ੋਰ ਨਾਲ ਉੱਚਿਤ ਠਹਿਰਾਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗ਼ੁਲਾਮ ਪ੍ਰਥਾ ਕੌਟਲਿਆ ਦੇ ਸਮੇਂ ਵਿਚ ਵੀ ਪਾਈ ਜਾਂਦੀ ਸੀ। ਕੌਟਲਿਆ ਨੇ ਮਨੁੱਖਤਾ ਦੀ ਵੰਡ ਕਦੇ ਵੀ ਅਜਿਹੇ ਭਾਗਾਂ ਵਿਚ ਨਹੀਂ ਕੀਤੀ ਜਿਸ ਅਨੁਸਾਰ ਕੁਦਰਤੀ ਤੌਰ ਤੇ ਕੁਝ ਮਨੁੱਖ ਮਾਲਕ ਹੁੰਦੇ ਹਨ ਅਤੇ ਕੁਝ ਗ਼ੁਲਾਮ। ਕੌਟਲਿਆ ਨੇ ਉਸਦੇ ਸਮੇਂ ਵਿਚ ਪਾਈ ਜਾਂਦੀ ਗ਼ੁਲਾਮ ਪ੍ਰਥਾ ਦਾ ਜ਼ਿਕਰ ਜਰੂਰ ਕੀਤਾ ਹੈ ਪਰ ਇਸ ਪ੍ਰਥਾ ਨੂੰ ਉੱਚਿਤ ਠਹਿਰਾਉਣ ਦੀ ਕੋਸ਼ਿਸ਼ ਨਹੀਂ ਕੀਤੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਵੈਦਿਕ ਕਾਲ ਤੋਂ ਪਹਿਲਾਂ ਵੀ ਭਾਰਤੀ ਸਮਾਜ ਵਿਚ ਜਾਤ ਦੇ ਆਧਾਰ ਤੇ ਬਹੁਤ ਸਾਰੀਆਂ ਅਸਮਾਨਤਾਵਾਂ ਪਾਈਆਂ ਜਾਂਦੀਆਂ ਸਨ। ਇਹ ਧਾਰਨਾ ਗਲਤ ਹੈ ਕਿ ਭਾਰਤੀ ਸਮਾਜ ਵਿਚ ਸ਼ੂਦਰ ਗ਼ੁਲਾਮ ਹੋਇਆ ਕਰਦੇ ਸਨ। ਸ਼ੂਦਰਾਂ ਨੂੰ ਕਦੇ ਵੀ ਦਾਸ ਨਹੀਂ ਮੰਨਿਆ ਗਿਆ। ਘਰੇਲੂ ਨੌਕਰੀ ਨੂੰ ਗ਼ੁਲਾਮੀ ਨਹੀਂ ਕਿਹਾ ਜਾ ਸਕਦਾ। ਦਾਸਤਾ ਦਾ ਸਬੰਧ ਕੇਵਲ ਮਲੇਸ਼ਾਂ (Mlecchas) ਨਾਲ ਸੀ। ਅਰਥਾਤ, ਕੇਵਲ ਮਲੇਸ਼ਾਂ ਨੂੰ ਹੀ ਦਾਸ ਦਾ ਗ਼ੁਲਾਮ ਸਮਝਿਆ ਜਾਂਦਾ ਸੀ। ਮਲੇਸ਼ਾਂ ਦਾ ਕੰਮ ਮੁਰਦੇ ਉਠਾਉਣਾ, ਪਸ਼ੂਆਂ ਦਾ ਗੋਹਾਂ ਕੂੜਾ ਚੁੱਕਣਾ ਅਤੇ ਗੰਦ ਮੰਦ ਸਾਫ਼ ਕਰਨਾ ਸੀ। ਇਸ ਪ੍ਰਕਾਰ ਕੇਵਲ ਮਲੇਸ਼ ਜਾਂ ਦਾਸ ਹੀ ਅਸਲ ਵਿਚ ਗ਼ੁਲਾਮਾਂ ਦੀ ਸ਼੍ਰੇਣੀ ਵਿਚ ਆਉਂਦੇ ਸਨ ਅਤੇ ਉਹ ਦਰਜੇ ਵਿਚ ਸ਼ੂਦਰਾਂ ਨਾਲੋਂ ਨੀਵੇਂ ਸਨ। ਮਲੇਸ਼ ਜਾਂ ਦਾਸਾਂ ਦੇ ਮਾਲਕ ਉਹਨਾਂ ਨੂੰ ਆਪਣੀ ਨਿੱਜੀ ਸੰਪੱਤੀ ਸਮਝਦੇ ਸਨ। ਪ੍ਰੰਤੂ, ਕੌਟਲਿਆ ਸਪੱਸ਼ਟ ਰੂਪ ਵਿਚ ਅਰਥ ਸ਼ਾਸਤਰ ਦੇ ਭਾਗ III ਅਧਿਆਇ XIII, ਜਿਸਦਾ ਸਿਰਲੇਖ "ਗ਼ੁਲਾਮਾਂ ਅਤੇ ਮਜ਼ਦੂਰਾਂ ਸੰਬੰਧੀ ਨਿਯਮ" ਹੈ, ਵਿਚ ਗ਼ੁਲਾਮਾਂ ਬਾਰੇ ਵਿਚਾਰ ਪੇਸ਼ ਕਰਦਾ ਹੈ। ਕੌਟਲਿਆ ਕਹਿੰਦਾ ਹੈ ਕਿ ਆਰੀਆ ਲੋਕਾਂ ਨੂੰ ਕਿਸੇ ਵੀ ਹਾਲਤ ਵਿਚ ਗ਼ੁਲਾਮ ਨਹੀਂ ਬਣਾਇਆ ਜਾ ਸਕਦਾ। ਇਸ ਵਿਚ ਕੋਈ ਸੰਦੇਹ ਨਹੀਂ ਕਿ ਸ਼ੂਦਰ ਵੀ ਆਰੀਅਨ ਸ਼੍ਰੇਣੀ ਵਿਚ ਸ਼ਾਮਿਲ ਸਨ।

ਪ੍ਰੰਤੂ ਗੈਰ ਆਰੀਅਨ ਮਲੇਸ਼ ਜਾਂ ਕਬੀਲੇ ਜਿੰਨਾਂ ਨੂੰ ਆਰੀਆ ਸਮਾਜ ਵਿਚ ਸ਼ਾਮਿਲ ਨਹੀਂ ਕੀਤਾ ਗਿਆ ਨਾਲ ਸਬੰਧਿਤ ਵਿਅਕਤੀ ਆਪਣੇ ਆਪ ਨੂੰ ਖੁਦ ਜਾਂ ਆਪਣੇ ਰਿਸ਼ਤੇਦਾਰਾਂ ਦੁਆਰਾ ਵੇਚ ਜਾਂ ਗਹਿਣੇ ਰੱਖ ਸਕਦਾ ਹੈ। ਕੌਟਲਿਆ ਦੇ ਆਪਣੇ ਸ਼ਬਦਾਂ ਵਿਚ – "ਜੇਕਰ ਕੋਈ ਵੀ ਵਿਅਕਤੀ ਜੋ ਜਨਮ ਤੋਂ ਗ਼ੁਲਾਮ ਨਹੀਂ ਹੈ ਅਤੇ ਆਰੀਆ ਹੈ ਅਤੇ ਉਸ ਨੂੰ ਗ਼ੁਲਾਮ ਦੇ ਤੌਰ ਤੇ ਖਰੀਦਿਆ ਜਾਂ ਵੇਚਿਆ ਜਾਂਦਾ ਹੈ ਤਾਂ ਵੇਚਣ ਵਾਲੇ ਅਤੇ ਖਰੀਦਦਾਰ ਨੂੰ ਸਜ਼ਾ ਦਿੱਤੀ ਜਾਵੇਗੀ। ਸਜ਼ਾ ਦੇ ਨਾਲ ਨਾਲ ਵਿਅਕਤੀ ਨੂੰ ਖਰੀਦੇ ਵੇਚੇ ਗਏ ਵਿਅਕਤੀ ਦੀ ਜਾਤ ਅਨੁਸਾਰ ਜੁਰਮਾਨਾ ਵੀ ਕੀਤਾ ਜਾਵੇਗਾ ਜਿਵੇਂ ਸ਼ੂਦਰ ਦੇ ਸਬੰਧ ਵਿਚ 12 ਪਨਾਂ, ਵੈਸ਼ਅ ਦੇ 24 ਪਨਾਂ, ਕਸ਼ੱਤਰੀਆ ਦੇ 36 ਪਨਾਂ, ਬ੍ਰਾਹਮਣ ਦੇ ਸਬੰਧ ਵਿਚ 48 ਪਨਾਂ।"

ਕੌਟਲਿਆ ਅਨੁਸਾਰ ਆਰੀਆ ਲੋਕਾਂ ਨੂੰ ਵੀ ਕੁਝ ਅਤਿ ਮੁਸ਼ਕਲ ਹਾਲਤਾਂ ਵਿਚ ਗ਼ੁਲਾਮ ਬਣਾਇਆ ਜਾ ਸਕਦਾ ਹੈ। ਉਸ ਅਨੁਸਾਰ "ਜੇਕਰ ਪਰਿਵਾਰਕ ਮੁਸੀਬਤਾਂ ਕਾਰਨ ਆਰਥਿਕ ਸਹਾਇਤਾ ਲੈਣ ਲਈ, ਅਦਾਲਤੀ ਹੁਕਮ ਜਾਂ ਕੋਈ ਜੁਰਮਾਨਾ ਭਰਨ ਲਈ ਜਾਂ ਘਰੇਲੂ ਸਮਾਨ ਦੀ ਕੁਰਕੀ ਦੀ ਬਹਾਲੀ ਲਈ ਆਰੀਅਨ ਦੀ ਜ਼ਿੰਦਗੀ ਗਿਰਵੀ ਹੋ ਜਾਂਦੀ ਹੈ ਤਾਂ ਉਸਦਾ ਮਾਲਕ ਉਸਨੂੰ ਜਲਦੀ ਮੁਕਤ ਕਰੇਗਾ ਅਤੇ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਜੇਕਰ ਗ਼ੁਲਾਮ ਜਵਾਨ ਜਾਂ ਪ੍ਰੋੜ ਉਮਰ ਦਾ ਹੋਵੇ ਪਰ ਉਹ ਕੰਮ ਕਰਨ ਦੇ ਯੋਗ ਹੋਵੇ।"

ਅਰਥ ਸ਼ਾਸਤਰ ਵਿਚ ਕੌਟਲਿਆ ਨੇ ਦਾਸਾਂ ਦੀਆਂ ਹੇਠ-ਲਿਖੀਆਂ ਸ਼੍ਰੇਣੀਆਂ ਦਾ ਵਰਣਨ ਕੀਤਾ ਹੈ –

(1) ਉਪਜੀਵਿਕਾ ਲਈ ਗ਼ੁਲਾਮ (Slave for maintaining his person, or slaves made for subsistence)

(2) ਸਵੈ-ਵਿਕਿਆ ਗ਼ੁਲਾਮ (Self-sold slave)

(3) ਯੁੱਧ ਦੌਰਾਨ ਬੰਦੀ ਬਣਾਏ ਗਏ ਗ਼ੁਲਾਮ (Slaves captured in war)

(4) ਖਰੀਦੇ ਗਏ ਗ਼ੁਲਾਮ (Slaves acquired by purchase)

(5) ਜੱਦੀ ਗ਼ੁਲਾਮ (Born Slaves-born in the home of the master)

(6) ਅਪਰਾਧੀ ਗ਼ੁਲਾਮ (Slaves by way of judicial punishment-physical labour as a judicial punishment)

(7) ਵਿਰਾਸਤੀ/ਉਤਰਾਧਿਕਾਰੀ ਗ਼ੁਲਾਮ (Slaves obtained by inheritance)

(8) ਤੋਹਫ਼ੇ ਵਿਚ ਦਿੱਤੇ ਗ਼ੁਲਾਮ (Slaves received as gift)

(9) ਗਿਰਵੀ ਗ਼ੁਲਾਮ (Slaves given as pledge or mortgaged)

ਕੌਟਲਿਆ ਅਨੁਸਾਰ ਚਾਰ ਵਰਣਾਂ ਵਿਚੋਂ ਕਿਸੇ ਦੇ ਵੀ ਮੈਂਬਰ ਆਪਣੀਆਂ ਮਾੜੀਆਂ ਸਮਾਜਿਕ-ਆਰਥਿਕ ਹਾਲਤਾਂ ਕਾਰਨ ਅਸਥਾਈ ਤੌਰ ਤੇ ਗ਼ੁਲਾਮ ਹੋ ਸਕਦੇ ਹਨ। ਉਸ ਅਨੁਸਾਰ ਆਪਣੀ ਸੁਰੱਖਿਆ ਕਰਨ ਨਾਲੋਂ ਵੱਡਾ ਕੋਈ ਹੋਰ ਧਰਮ ਨਹੀਂ ਹੋ ਸਕਦਾ। ਜੇਕਰ ਜੀਵਨ ਦਾ ਕੋਈ ਹੋਰ ਚਾਰਾ ਨਾ ਰਹੇ ਤਾਂ ਇਕ ਆਰੀਅਨ, ਅਤੇ ਉਸ ਦੇ ਬੱਚੇ ਵੀ, ਉਪਜੀਵਿਕਾ ਲਈ ਗ਼ੁਲਾਮ ਬਣ ਸਕਦੇ ਸਨ। ਪਰ ਇਹ ਆਪਣਾ ਕਰਜ਼ਾ, ਆਦਿ ਚੁਕਾਉਣ ਤੋਂ ਬਾਅਦ ਅਜ਼ਾਦ ਹੋ ਸਕਦੇ ਸਨ।

ਇਸੇ ਤਰ੍ਹਾਂ ਅਦਾਲਤ ਦੁਆਰਾ ਦੰਡਿਤ ਕੀਤਾ ਵਿਅਕਤੀ ਆਪਣੇ ਜ਼ੁਰਮਾਨੇ ਦੀ ਪੂਰਤੀ ਲਈ ਨਿਸ਼ਚਿਤ ਸਮੇਂ ਲਈ ਗ਼ੁਲਾਮ ਹੋ ਸਕਦਾ ਸੀ। ਕਰਜ਼ਾਈ ਵਿਅਕਤੀ ਵੀ ਆਪਣੇ ਆਪ ਨੂੰ ਕਿਸੇ ਦੂਸਰੇ ਵਿਅਕਤੀ ਦਾ ਗ਼ੁਲਾਮ ਬਣਾ ਸਕਦਾ ਸੀ। ਕੈਦੀ ਆਪਣੇ ਆਪ ਨੂੰ ਸਰੀਰਕ ਸਜ਼ਾ ਦੇ ਕੇ ਜਾਂ ਨਿਸ਼ਚਿਤ ਸਮੇਂ ਲਈ ਗ਼ੁਲਾਮ ਵਜੋਂ ਕੰਮ ਕਰਕੇ ਆਪਣੀ ਸਜ਼ਾ ਮਾਫ਼ ਕਰਵਾ ਸਕਦੇ ਸਨ। ਜੰਗੀ ਆਰੀਆ ਕੈਦੀਆਂ ਨੂੰ ਕੁਝ ਸਮੇਂ ਲਈ ਗ਼ੁਲਾਮ ਬਣਾ ਕੇ ਰੱਖਿਆ ਜਾ ਸਕਦਾ ਸੀ। ਉਹ ਇਕ ਗ਼ੁਲਾਮ ਦੀ ਕੀਮਤ ਦੇ ਅੱਧ ਦੇ ਬਰਾਬਰ ਦੀ ਅਦਾਇਗੀ ਦੇਣ ਤੋਂ ਬਾਅਦ ਆਪਣੀ ਅਜ਼ਾਦੀ ਪਹਿਲਾ ਵੀ ਪ੍ਰਾਪਤ ਕਰ ਸਕਦੇ ਸਨ।

ਕੌਟਲਿਆ ਅਨੁਸਾਰ ਜੇਕਰ ਉਪਰੋਕਤ ਕਾਰਨਾਂ ਕਰਕੇ ਕੋਈ ਆਰੀਆ ਗ਼ੁਲਾਮ ਬਣਾਇਆ ਜਾਂਦਾ ਸੀ ਤਾਂ ਉਹ ਢੁੱਕਵੀਂ ਅਦਾਇਗੀ ਕਰਨ ਤੋਂ ਬਾਅਦ ਇਕ ਅਜ਼ਾਦ ਨਾਗਰਿਕ ਬਣ ਸਕਦਾ ਸੀ। ਅਦਾਇਗੀ ਕਰਨ ਤੋਂ ਬਾਅਦ ਜੇਕਰ ਉਸਦਾ ਮਾਲਕ ਉਸ ਨੂੰ ਅਜ਼ਾਦ ਕਰਨ ਵਿਚ ਅਸਫ਼ਲ ਰਹਿੰਦਾ ਸੀ ਤਾਂ ਉਸ ਨੂੰ (ਮਾਲਕ ਨੂੰ) ਸਜ਼ਾ ਦਿੱਤੀ ਜਾਂਦੀ ਸੀ। ਦੂਸਰੇ ਪਾਸੇ ਆਪਣੀ ਇੱਛਾ ਅਨੁਸਾਰ ਹੋਇਆ ਗ਼ੁਲਾਮ ਜੇਕਰ ਦੌੜ ਜਾਂਦਾ ਸੀ ਅਤੇ ਫੜਿਆ ਜਾਂਦਾ ਸੀ ਤਾਂ ਉਸ ਨੂੰ ਹਮੇਸ਼ਾ ਲਈ ਗੁਲਾਮ ਬਣਾ ਲਿਆ ਜਾਂਦਾ ਸੀ ਕਿਸੇ ਦੂਸਰੇ ਦੁਆਰਾ ਗਿਰਵੀ ਰੱਖਿਆ ਹੋਇਆ ਗ਼ੁਲਾਮ ਹਮੇਸ਼ਾਂ ਲਈ ਗ਼ੁਲਾਮ ਹੋ ਜਾਂਦਾ ਸੀ, ਜੇਕਰ ਉਹ ਦੋ ਵਾਰ ਫਰਾਰ ਹੋ ਜਾਂਦਾ ਸੀ ਅਤੇ ਫੜਿਆ ਜਾਂਦਾ ਸੀ। ਜੇਕਰ ਅਜਿਹੇ ਗ਼ੁਲਾਮ ਕਿਸੇ ਬਾਹਰਲੇ ਦੇਸ਼ ਵੱਲ ਦੌੜਦੇ ਸਨ ਤਾਂ ਉਹ ਹਮੇਸ਼ਾਂ ਲਈ ਗ਼ੁਲਾਮ ਹੋ ਜਾਂਦੇ ਸਨ। ਉਹ ਗਹਿਣੇ ਰੱਖੇ ਵਿਅਕਤੀ ਵਜੋਂ ਮਿਲਦੇ ਆਪਣੇ ਸਾਰੇ ਅਧਿਕਾਰਾਂ ਨੂੰ ਖੋ ਬੈਠਦੇ ਸਨ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਕੌਟਲਿਆ ਦਾ ਰਾਜ ਸੰਕਲਪ ਕਲਿਆਣਕਾਰੀ ਰਾਜ ਦੀ ਧਾਰਨਾ ਨਾਲ ਮਿਲਦਾ-ਜੁਲਦਾ ਹੈ। ਕੌਟਲਿਆ ਨੇ ਗ਼ੁਲਾਮਾਂ ਦੀ ਸੁਰੱਖਿਆ ਅਤੇ ਭਲਾਈ (Welfare) ਲਈ ਕਈ ਤਰ੍ਹਾਂ ਦੇ ਕਾਨੂੰਨ ਬਣਾਏ। ਕੌਟਲਿਆ ਅਨੁਸਾਰ ਗ਼ੁਲਾਮਾਂ ਨੂੰ ਸਿਰਫ ਮਾਲਕ ਦੀ ਦਿਆ ਤੇ ਹੀ ਨਹੀਂ ਛੱਡਣਾ ਚਾਹੀਦਾ ਸਗੋਂ ਗ਼ੁਲਾਮਾਂ ਦੇ ਸਵੈਮਾਨ ਅਤੇ ਅਧਿਕਾਰਾਂ ਦੀ ਰੱਖਿਆ ਹੋਣੀ ਚਾਹੀਦੀ ਹੈ। ਇੱਥੋਂ ਤੱਕ ਕਿ ਆਰੀਆ ਮਰਦ ਅਤੇ ਇਸਤਰੀਆਂ ਦਾ ਸ਼ੋਸ਼ਣ ਅਮੀਰ ਵਿਅਕਤੀਆਂ ਦੁਆਰਾ ਕੀਤਾ ਜਾ ਸਕਦਾ ਸੀ ਅਤੇ ਉਹਨਾਂ ਨੂੰ ਘਰੇਲੂ ਕੰਮ ਕਰਨ ਲਈ ਕਿਹਾ ਜਾ ਸਕਦਾ ਸੀ। ਕੌਟਲਿਆ ਅਨੁਸਾਰ ਅਸਥਾਈ ਗ਼ੁਲਾਮ (Pledge) ਨੂੰ ਘਰੇਲੂ ਕੰਮਾਂ ਵਿਚ ਮੁਰਦਾ-ਲਾਸ਼, ਰੂੜੀ ਅਤੇ ਮਨੁੱਖੀ ਮਲ-ਤਿਆਗ ਨੂੰ ਚੁੱਕਣ ਦਾ ਕੰਮ ਨਹੀਂ ਦਿੱਤਾ ਜਾ ਸਕਦਾ ਸੀ। ਉਸ ਨੇ ਬੱਚਿਆਂ ਨੂੰ ਗ਼ੁਲਾਮ ਵਜੋਂ ਵੇਚਣ ਅਤੇ ਖਰੀਦਣ ਉੱਪਰ ਪਾਬੰਦੀ ਲਗਾ ਦਿੱਤੀ ਅਤੇ ਜੇਕਰ ਕੋਈ ਆਪਣੇ ਨਾਬਾਲਗ ਬੱਚੇ ਨੂੰ ਵੇਚਦਾ ਜਾਂ ਗਿਰਵੀ ਰੱਖਦਾ ਸੀ ਤਾਂ ਉਸ ਨੂੰ ਭਾਰੀ ਦੰਡ ਦਿੱਤੇ ਜਾਂਦੇ ਸਨ। ਕੌਟਲਿਆ ਬੱਚਿਆਂ ਦੀ ਤਰ੍ਹਾਂ ਇਸਤਰੀ ਦੀ ਭਲਾਈ ਲਈ ਬਹੁਤ ਚਿੰਤਤ ਸੀ। ਉਸ ਦੇ ਵਿਚਾਰ ਮੁਤਾਬਿਕ ਜੇਕਰ ਮਾਲਕ ਆਪਣੀ ਇਸਤਰੀ ਗ਼ੁਲਾਮ ਦੀ ਉਦਾਰਤਾ (ਇੱਜ਼ਤ) ਨੂੰ ਭੰਗ ਕਰਦਾ ਹੈ ਜਾਂ ਇਸਤਰੀ ਗ਼ੁਲਾਮ ਦੀ ਦੁਰਵਰਤੋਂ ਕਰਦਾ ਹੈ ਜਾਂ ਨਹਾਉਂਦੇ ਸਮੇਂ,

ਇਸਤਰੀ ਗ਼ੁਲਾਮ ਨੂੰਹਾਜ਼ਰ ਰਹਿਣ ਲਈ ਮਜ਼ਬੂਰ ਕਰਦਾ ਹੈ, ਤਾਂ ਮਾਲਕ ਨੂੰ ਹਰਜਾਨੇ ਵਜੋਂ ਇਸਤਰੀ ਗ਼ੁਲਾਮ ਦੀ ਕੀਮਤ ਜਿੰਨੀ ਰਕਮ ਇਸਤਰੀ ਗ਼ੁਲਾਮ ਨੂੰ ਦੇਣੀ ਪਵੇਗੀ।[8] ਇਸੇ ਤਰ੍ਹਾਂ ਹੀ ਜੇਕਰ ਨਰਸ, ਰਸੋਈਆ, ਸਹਾਇਕ ਔਰਤ ਦੀ ਉਦਾਰਤਾ ਨੂੰ ਉਸ ਦੇ ਮਾਲਕ ਦੁਆਰਾ ਭੰਗ ਕੀਤਾ ਜਾਂਦਾ ਸੀ ਤਾਂ ਉਸ ਦੇ ਬਾਅਦ ਉਹ ਉਸ ਮਾਲਕ ਤੋਂ ਸੁਤੰਤਰ ਹੋਣ ਦਾ ਅਧਿਕਾਰ ਰੱਖਦੀਆਂ ਸਨ। ਇਸ ਤੋਂ ਇਲਾਵਾ ਜਦੋਂ ਇਕ ਇਸਤਰੀ ਗ਼ੁਲਾਮ ਆਪਣੇ ਮਾਲਕ ਦੇ ਬੱਚੇ ਨੂੰ ਜਨਮ ਦੇ ਦਿੰਦੀ ਹੈ ਤਾਂ ਬੱਚਾ ਅਤੇ ਉਸ ਦੀ ਮਾਂ ਦੋਵਾਂ ਨੂੰ ਆਜ਼ਾਦ ਘੋਸ਼ਿਤ ਕੀਤਾ ਜਾਂਦਾ ਸੀ। ਜੇਕਰ ਆਪਣੇ ਜੀਵਨ ਨਿਰਬਾਹ ਲਈ ਬੱਚੇ ਦੀ ਮਾਤਾ ਆਪਣੇ ਮਾਲਕ ਕੋਲ ਹੀ ਰਹਿਣਾ ਚਾਹੁੰਦੀ ਹੈ ਤਾਂ ਉਸ ਦੇ ਭਰਾ ਅਤੇ ਭੈਣ ਨੂੰ ਆਜ਼ਾਦ ਕੀਤਾ ਜਾਂਦਾ ਸੀ। ਇਕ ਉੱਚ ਸ਼੍ਰੇਣੀ ਨਾਲ ਸੰਬੰਧਿਤ ਸਹਾਇਕ ਔਰਤ ਨੂੰ ਆਪਣੇ ਮਾਲਕ ਨੂੰ ਤਿਆਗ ਦੇਣ ਦਾ ਅਧਿਕਾਰ ਸੀ, ਜੇਕਰ ਮਾਲਕ ਉਸ ਦੀ ਉਦਾਰਤਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਦਾ ਸੀ। ਜੇ ਕਰ ਮਾਲਕ ਨਰਸ ਨਾਲ ਜਾਂ ਅਸਥਾਈ ਇਸਤਰੀ ਗ਼ੁਲਾਮ ਨਾਲ ਉਸ ਦੀ ਇੱਛਾ ਵਿਰੁੱਧ ਨਜ਼ਾਇਜ਼ ਸੰਬੰਧ ਸਥਾਪਿਤ ਕਰਦਾ ਸੀ ਤਾਂ ਉਸ ਨੂੰ ਸਜ਼ਾ ਦਿੱਤੀ ਜਾਂਦੀ ਸੀ। ਜੇਕਰ ਕੋਈ ਵਿਅਕਤੀ, ਮਰਦ ਜਾਂ ਔਰਤ ਗ਼ੁਲਾਮ ਦੀ ਬੇਟੀ, ਜੋ ਕਿ ਗ਼ੁਲਾਮ ਨਹੀਂ ਹੈ, ਨਾਲ ਬਲਾਤਕਾਰ ਕਰਦਾ ਹੈ ਜਾਂ ਕਿਸੇ ਹੋਰ ਵਿਅਕਤੀ ਨੂੰ ਅਜਿਹਾ ਕਰਨ ਵਿਚ ਸਹਾਇਤਾ ਦਿੰਦਾ ਹੈ ਤਾਂ ਉਸ ਨੂੰ ਗ਼ੁਲਾਮ ਦੇ ਖਰੀਦ-ਮੁੱਲ ਦੀ ਰਕਮ ਅਦਾ ਕਰਨ ਦੇ ਨਾਲ-ਨਾਲ ਔਰਤ ਨੂੰ ਹਰਜਾਨੇ ਦੇ ਤੌਰ ਤੇ ਕੁਝ ਰਕਮ (ਸ਼ੁਲਕ) ਦੇਣੀ ਪਵੇਗੀ ਅਤੇ ਹਰਜਾਨੇ ਦੀ ਰਕਮ ਦਾ ਦੁਗਣਾ ਸਰਕਾਰੀ ਖਜਾਨੇ ਵਿਚ ਜਮਾਂ ਕਰਵਾਉਣਾ ਪਵੇਗਾ।

ਉਪਰੋਕਤ ਵਿਚਾਰਾਂ ਤੋਂ ਸਾਨੂੰ ਇਸਤਰੀ ਗ਼ੁਲਾਮ ਦੇ ਗੌਰਵ, ਸਨਮਾਣ ਅਤੇ ਸ਼ੁਸ਼ੀਲਤਾ ਨੂੰ ਬਣਾਈ ਰੱਖਣ ਲਈ ਕੌਟਲਿਆ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ।

ਗ਼ੁਲਾਮ ਔਰਤਾਂ ਆਪਣੇ ਮਾਲਕ ਦੀ ਇੱਛਾ ਲਈ ਉਹਨਾਂ ਦੇ ਮੰਨੋਰੰਜਨ ਦਾ ਸਾਧਨ ਨਹੀਂ ਹੋ ਸਕਦੀਆਂ ਸਨ। ਉਹ ਆਪਣੇ-ਆਪ ਨੂੰ ਕੰਮ ਕਰਨ ਲਈ ਵੇਚਦੀਆਂ ਸਨ ਅਤੇ ਆਪਣੇ ਸਨਮਾਨ ਨੂੰਨਹੀਂ ਵੇਚਦੀਆਂ ਸਨ। ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਕੌਟਲਿਆ ਤੋਂ ਪਹਿਲਾਂ ਗ਼ੁਲਾਮ ਦਾ ਅਗਲਾ ਵੰਸ਼ ਵੀ ਗ਼ੁਲਾਮ ਹੀ ਹੁੰਦਾ ਸੀ। ਕੌਟਲਿਆ ਦੇ ਅਨੁਸਾਰ ਕੋਈ ਵਿਕਅਤੀ ਜੋ ਆਪਣੇ ਆਪ ਨੂੰ ਗ਼ੁਲਾਮ ਦੇ ਤੌਰ ਤੇ ਵੇਚ ਦਿੰਦਾ ਹੈ ਤਾਂ ਉਸ ਦੇ ਬੱਚਿਆਂ ਉੱਪਰ ਉਸ ਦੀ ਗ਼ੁਲਾਮੀ ਦਾ ਕੋਈ ਅਸਰ ਨਹੀਂ ਹੋਵੇਗਾ, ਉਹ ਆਰੀਆ ਹੀ ਹੋਣਗੇ। ਜਿਸਦਾ ਅਰਥ ਹੈ ਕਿ ਇਹ ਬੱਚੇ ਵਿਰਾਸਤ ਵਿਚ ਗ਼ੁਲਾਮ ਨਹੀਂ ਹੋਣਗੇ ਅਤੇ ਆਪਣੇ ਪਿਤਾ ਦੇ ਰੁਤਬੇ ਦਾ ਧਿਆਨ ਨਹੀਂ ਕਰਨਗੇ, ਇਕ ਆਰੀਆ ਦੀ ਤਰ੍ਹਾਂ ਹੀ ਸੁਤੰਤਰ ਹੋਣਗੇ। ਗ਼ੁਲਾਮ ਵਿਹਲੇ ਸਮੇਂ ਵਿਚ ਆਪਣੇ ਮਾਲਕ ਦੇ ਨਿਰਣਿਆਂ ਤੋਂ ਮੁਕਤ ਹੋਣਗੇ। ਉਹਨਾਂ ਨੂੰ ਆਪਣੀ ਵਿਰਾਸਤ ਵਿਚੋਂ ਪ੍ਰਾਪਤ ਜਾਇਦਾਦ ਦਾ ਪੂਰਾ ਹੱਕ ਹੋਵੇਗਾ। ਉਸ ਅਨੁਸਾਰ ਖ਼ਰੀਦੇ ਹੋਏ ਗ਼ੁਲਾਮ ਨੂੰ ਆਪਣੇ ਵਿਹਲੇ ਸਮੇਂ ਵਿਚ ਕੰਮ ਕਰਨ ਦਾ ਪੂਰਾ ਅਧਿਕਾਰ ਹੋਵੇਗਾ। ਕਮਾਏ ਹੋਏ ਧਨ ਦੁਆਰਾ, ਉਹ ਆਪਣਾ ਖ਼ਰੀਦ ਮੁੱਲ ਅਦਾ ਕਰਕੇ, ਦੁਬਾਰਾ ਸੁਤੰਤਰ ਆਰੀਅਨ ਬਣ ਸਕਦੇ ਸਨ। ਕੌਟਲਿਆ ਗ਼ੁਲਾਮਾਂ ਦੇ ਨਾਬਾਲਿਗ ਬੱਚਿਆਂ ਲਈ ਵੀ ਚਿੰਤਤ ਸੀ। ਉਹ ਕਹਿੰਦਾ ਹੈ ਕਿ ਨਾਬਾਲਿਗ ਬੱਚਿਆਂ ਨੂੰ ਗ਼ੁਲਾਮ ਬਣਾਉਣਾ ਇਕ ਸਜ਼ਾ-ਯੋਗ ਅਪਰਾਧ ਹੈ, ਭਾਵੇਂ ਉਸ ਦਾ ਜਨਮ ਉਸ ਦੇ ਮਾਪਿਆਂ ਦੇ ਮਾਲਕ ਘਰ ਹੋਇਆ ਹੋਵੇ ਜਾਂ ਉਸ ਦੇ ਪਾਲਣ-ਪੋਸ਼ਣ ਵਿਚ ਮਾਲਕ ਦਾ ਹਿੱਸਾ ਹੋਵੇ ਜਾਂ ਉਹ ਕਿਸੇ ਵੀ ਹੋਰ ਤਰੀਕੇ ਰਾਹੀਂ ਖਰੀਦਿਆ ਜਾਂ ਪ੍ਰਾਪਤ ਕੀਤਾ ਗਿਆ ਹੋਵੇ। ਇਸੇ ਤਰ੍ਹਾਂ, ਗਰਭਵਤੀ ਇਸਤਰੀ ਗ਼ੁਲਾਮ ਨੂੰ, ਉਸ ਦੇ ਗਰਭ ਵਿਚਲੇ ਬੱਚੇ ਨੂੰ ਪੌਸ਼ਟਿਕ ਖ਼ੁਰਾਕ ਦਿੱਤੇ ਬਿਨਾਂ ਉਸ ਤੋਂ ਕੰਮ ਨਹੀਂ ਲਿਆ ਜਾ ਸਕਦਾ ਸੀ। ਇਕ ਗ਼ੁਲਾਮ ਨੂੰ ਉਸ ਦੀ ਸੁਤੰਤਰਤਾਂ ਲਈ ਲੋੜੀਂਦੀ ਅਦਾਇਗੀ ਤੋਂ ਬਾਅਦ ਵੀ ਜੇਕਰ ਮਾਲਕ ਉਸ ਨੂੰ ਮੁਕਤ ਕਰਨ ਵਿਚ ਅਸਫਲ ਰਹਿੰਦਾ ਸੀ ਤਾਂ ਉਸ ਨੂੰ 12 ਪਨ੍ਹਾਂ ਤੱਕ ਦਾ ਜੁਰਮਾਨਾ ਦੇਣ ਦੀ ਸਜ਼ਾ ਹੋਵੇਗੀ। ਗ਼ੁਲਾਮ ਨੂੰ ਬਿਨਾਂ ਕਿਸੇ ਕਾਰਨ ਬੰਧਕ ਬਣਾ ਕੇ ਰੱਖਣ ਤੇ ਵੀ ਸਜ਼ਾ ਹੋ ਸਕਦੀ ਸੀ। ਇਕ ਵਾਰ ਆਜ਼ਾਦ ਹੋਏ ਮਰਦ ਜਾਂ ਇਸਤਰੀ ਗ਼ੁਲਾਮਾਂ ਨੂੰ ਦੁਬਾਰਾ ਖਰੀਦਣ ਜਾਂ ਵੇਚਣ ਵਾਲੇ ਨੂੰ ਵੀ 12 ਪਨ੍ਹਾਂ ਤੱਕ ਦਾ ਜੁਰਮਾਨਾ ਹੋਵੇਗਾ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਕੌਟਲਿਆ ਨੇ ਕੁਝ ਮੁਸ਼ਕਿਲ ਹਾਲਤਾਂ ਵਿਚ, ਆਰੀਆ ਲੋਕਾਂ ਨੂੰ ਵੀ ਗ਼ੁਲਾਮ ਬਣਾਉਣ ਲਈ ਪ੍ਰਮਾਣਿਤ ਕੀਤਾ ਸੀ, ਪਰ ਨਾਲ ਹੀ ਕੌਟਲਿਆ ਨੇ ਬੜੇ ਸੁੰਦਰ ਢੰਗ ਨਾਲ, ਇਕ ਸੁਤੰਤਰ ਆਰੀਆ ਨਾਗਰਿਕ ਦਾ ਦਰਜਾ ਦੁਬਾਰਾ ਪ੍ਰਾਪਤ ਕਰਨ ਲਈ ਬਹੁਤ ਸਾਰੇ ਨੁਕਤੇ ਵੀ ਦੱਸੇ ਹਨ ਅਤੇ ਇਸ ਤੋਂ ਇਲਾਵਾ ਗ਼ੁਲਾਮੀ ਦੇ ਸਮੇਂ ਵੀ ਅਜਿਹੀ ਵਿਵਸਥਾ ਕੀਤੀ ਕਿ ਗ਼ੁਲਾਮ ਆਪਣੀ ਜ਼ਿੰਦਗੀ ਜਿਥੋਂ ਤੱਕ ਸੰਭਵ ਹੋ ਸਕੇ ਸਵੈਮਾਣ ਨਾਲ ਬਤੀਤ ਕਰ ਸਕੇ । ਇਸ ਸਭ ਦੇ ਬਾਵਜੂਦ ਵੀ ਗ਼ੁਲਾਮ ਦੀ ਜ਼ਿੰਦਗੀ ਸੁਖਾਵੀਂ ਨਹੀਂ ਸੀ, ਅਤੇ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਜਿਹੜੇ ਗ਼ੁਲਾਮ ਫਰਾਰ ਹੋਣ ਦੀ ਕੋਸ਼ਿਸ਼ ਕਰਦੇ ਸਨ, ਉਨ੍ਹਾਂ ਨੂੰ ਸਖ਼ਤ ਸਜਾਵਾਂ ਦਿੱਤੀਆਂ ਜਾਂਦੀਆਂ ਸਨ। ਇਸ ਗੱਲ ਤੋਂ ਪਤਾ ਚੱਲਦਾ ਹੈ ਕਿ ਗ਼ੁਲਾਮ ਆਪਣੇ ਮਾਲਕ ਦੇ ਘਰੋਂ ਫਰਾਰ ਹੋਣ ਦੀ ਕੋਸ਼ਿਸ਼ ਹੀ ਇਸ ਲਈ ਕਰਦੇ ਸਨ ਕਿਉਂਕਿ ਉਨ੍ਹਾਂ ਦੇ ਹਾਲਾਤ ਅਤੇ ਉਨ੍ਹਾਂ ਪ੍ਰਤੀ ਮਾਲਕ ਦਾ ਵਿਵਹਾਰ ਅਸੁਖਾਵਾਂ ਹੁੰਦਾ ਸੀ। ਜੇਕਰ ਤੱਥਾਂ ਦੇ ਆਧਾਰ ਤੇ ਦੇਖਿਆ ਜਾਵੇ ਤਾਂ ਗ਼ੁਲਾਮ ਸੰਸਥਾ ਪ੍ਰਾਚੀਨ ਭਾਰਤ ਦੀ ਆਰਥਿਕ, ਸਮਾਜਿਕ ਹਾਲਤਾਂ ਅਨੁਸਾਰ ਕਾਫੀ ਮਹੱਤਵਪੂਰਨ ਅਤੇ ਲੋੜੀਂਦੀ ਸੀ। ਕੌਟਲਿਆ ਨੇ ਗ਼ੁਲਾਮ ਮਜ਼ਦੂਰਾਂ ਦੀ ਲੋੜ ਦੀ ਜ਼ਰੂਰਤ ਮਹਿਸੂਸ ਕੀਤੀ ਸੀ, ਜਿਹੜੇ ਕਿ ਕਿਰਾਏ ਵਾਲੇ ਜਾਂ ਕਮਾਊ ਮਜ਼ਦੂਰਾਂ ਤੋਂ ਕਾਫੀ ਸਸਤੇ ਹੁੰਦੇ ਸਨ। ਗ਼ੁਲਾਮ ਮਜ਼ਦੂਰ ਰਾਜ ਦੀ ਜ਼ਮੀਨ, ਖਾਣਾਂ ਅਤੇ ਕਾਰਖਾਨਿਆਂ ਵਿਚ ਕੰਮ ਕਰਨ ਲਈ ਲਾਭਦਾਇਕ ਹੁੰਦੇ ਸਨ। ਇਕ ਰਾਜਾ ਅਤੇ ਅਮੀਰ ਲੋਕ ਗ਼ੁਲਾਮਾਂ ਨੂੰ ਆਪਣੇ ਨਿੱਜੀ ਨੌਕਰ ਵਜੋਂ ਰੱਖ ਸਕਦੇ ਸਨ। ਇਸਤਰੀ ਗ਼ੁਲਾਮ (ਦੇਵਦਾਸੀਆਂ) ਮੰਦਰਾਂ ਵਿਚ ਨੌਕਰ ਰੱਖੀਆਂ ਜਾਂਦੀਆਂ ਸਨ। ਰਾਜੇ ਕੋਲ ਇਸਤਰੀ ਅਤੇ ਪੁਰਖ ਦੋਨੇ ਤਰ੍ਹਾਂ ਦੇ ਗ਼ੁਲਾਮ ਹੁੰਦੇ ਸਨ।

ਰਾਜੇ ਦੀਆਂ ਔਰਤ ਗ਼ੁਲਾਮਾਂ ਦੇ ਕੰਮ ਰਾਜੇ ਦੀ ਸਿਹਤ ਸੰਭਾਲ ਕਰਨਾ, ਧੋਬਣ ਅਤੇ ਰਾਜੇ ਨੂੰ ਸਜਾਉਣਾ ਆਦਿ ਹੁੰਦੇ ਸਨ। ਰਾਜੇ ਦੀਆਂ ਗ਼ੁਲਾਮ ਬਜ਼ੁਰਗ ਇਸਤਰੀਆਂ ਸ਼ਾਹੀ–ਵਸਤਰ ਤਿਆਰ ਕਰਨ ਲਈ ਧਾਗਾ ਤਿਆਰ ਕਰਦੀਆਂ ਸਨ ਅਤੇ ਉਨ੍ਹਾਂ ਔਰਤਾਂ ਦੇ ਘਰਾਂ ਵਿਚ ਕੱਚਾ ਮਾਲ ਸਪਲਾਈ ਕਰਦੀਆਂ ਸਨ, ਜੋ ਆਪਣੇ ਘਰ ਤੋਂ ਬਾਹਰ ਨਹੀਂ ਆ ਸਕਦੀਆਂ ਸਨ, ਪਰ ਆਪਣੇ ਜੀਵਨ ਨਿਰਬਾਹ ਲਈ ਕੰਮ ਕਰਦੀਆਂ ਸਨ। ਗ਼ੁਲਾਮ ਅਤੇ ਉਹ ਵਿਅਕਤੀ ਜਿੰਨਾਂ ਨੇ ਕੋਈ ਜੁਰਮਾਨਾ ਦੇਣਾ ਹੁੰਦਾ ਸੀ, ਇਕ ਭੂਮੀ–ਅਧਿਕਾਰੀ ਦੀ ਨਿਗਰਾਨੀ ਹੇਠ ਰਾਜ ਭੂਮੀ ਵਿਚ ਬੀਜ ਆਦਿ ਖਿਲਾਰਨ ਦਾ ਕੰਮ ਵੀ ਕਰਦੇ ਸਨ। ਵੇਸ਼ਵਾਵਾਂ ਰਾਜ ਦੁਆਰਾ ਨਿਯੁਕਤ ਕੀਤੀਆਂ ਜਾਂਦੀਆਂ ਸਨ ਅਤੇ ਉਹਨਾਂ ਨੂੰ ਰਾਜ ਦੁਆਰਾ ਹੀ ਤਨਖ਼ਾਹ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਉਹ ਇਕ ਤਰ੍ਹਾਂ ਨਾਲ ਗ਼ੁਲਾਮ ਹੀ ਹੁੰਦੀਆਂ ਸਨ, ਕਿਉਂਕਿ ਉਹ ਇਹ ਕਿੱਤਾ ਤਿਆਗ ਨਹੀਂ ਸਕਦੀਆਂ ਸਨ।

ਇਹ ਧਿਆਨ ਰੱਖਣ ਯੋਗ ਹੈ ਕਿ ਕੌਟਲਿਆ ਨੇ ਇਕ ਪਾਸੇ ਤਾਂ ਮਾਲਕਾਂ ਦੇ ਗ਼ੁਲਾਮਾਂ ਸੰਬੰਧੀ ਅਧਿਕਾਰਾਂ ਉੱਪਰ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਅਤੇ ਨਾਲ ਹੀ ਕਈ ਅਜਿਹੇ ਨੁਕਤੇ ਵੀ ਦੱਸੇ ਜਿੰਨਾਂ ਰਾਹੀਂ ਗੁਲਾਮ ਆਪਣੀ ਸੁਤੰਤਰਤਾ ਮੁੜ ਪ੍ਰਾਪਤ ਕਰ ਸਕਦੇ ਸਨ। ਗ਼ੁਲਾਮੀ ਦੇ ਸਮੇਂ ਦੌਰਾਨ ਵੀ ਕੌਟਲਿਆ ਨੇ ਉਹਨਾਂ ਦੇ ਜੀਵਨ ਦੇ ਹਾਲਾਤਾਂ ਨੂੰ ਮਨੁੱਖੀ ਜੀਵਨ ਵਿਚ ਬਦਲਣ ਦਾ ਸੰਭਵ ਯਤਨ ਕੀਤਾ ਸੀ। ਕੁਦਰਤੀ ਤੌਰ ਤੇ ਹੀ ਇਹ ਹਾਲਾਤ ਯੂਨਾਨ ਦੇ ਗ਼ੁਲਾਮਾਂ ਦੇ ਹਾਲਾਤਾਂ ਤੋਂ ਕਾਫ਼ੀ ਭਿੰਨ ਸਨ। ਇਸ ਦੇ ਬਾਵਜੂਦ ਵੀ ਮੈਗਸਥਨੀਜ਼ ਇਹ ਆਖਦਾ ਹੈ ਕਿ ਗ਼ੁਲਾਮੀ ਪ੍ਰਥਾ ਭਾਰਤ ਵਿਚ ਮੌਜੂਦ ਨਹੀਂ ਸੀ।ਆਲੋਚਕਾਂ ਦੁਆਰਾ ਇਹ ਠੀਕ ਮੰਨਿਆ ਗਿਆ ਹੈ ਕਿ ਅਰਥ ਸ਼ਾਸਤਰ ਵਿਚ ਮਨੁੱਖੀ ਮਰਿਆਦਾ ਵਿਸ਼ੇਸ਼ ਕਰਕੇ ਗ਼ੁਲਾਮਾਂ ਲਈ ਪ੍ਰਾਚੀਨ ਸੱਭਿਆਤਾਵਾਂ ਵਿਚੋਂ ਇਕ ਮਹੱਤਵਪੂਰਨ ਅਤੇ ਵਿਸ਼ੇਸ਼ ਇਤਿਹਾਸ ਹੈ। ਉਪਰੋਕਤ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਬੁੱਧ ਦੇ ਸਮੇਂ ਨਾਲੋਂ ਕੌਟਲਿਆ ਦੇ ਸਮੇਂ ਵਿਚ ਦਾਸਾਂ ਦੇ ਹਾਲਾਤਾਂ ਵਿਚ ਇਕ ਸੁਧਾਰ ਸੀ। ਕੌਟਲਿਆ ਦੇ ਸਮੇਂ ਵਿਚ ਹੀ ਇਹ ਪਹਿਲੀ ਵਾਰ ਹੋਇਆ ਸੀ ਕਿ ਸ਼ੂਦਰ ਨੂੰ ਕੁਝ ਨੰਗਰਿਕ ਅਧਿਕਾਰ ਪ੍ਰਾਪਤ ਹੋਏ ਜਿਹੜੇ ਕਿ ਪਹਿਲਾਂ ਉਨ੍ਹਾਂ ਨੂੰ ਨਹੀਂ ਪ੍ਰਾਪਤ ਸਨ। ਉਸ ਨੇ ਹੇਠਲੇ ਦਰਜੇ ਦੇ ਲੋਕਾਂ ਨੂੰ ਕਚਹਿਰੀ ਵਿਚ, ਗਵਾਹੀ ਦੇਣ ਲਈ, ਜਾਣ ਦੀ ਖੁੱਲ੍ਹ ਦਿੱਤੀ ਸੀ। ਉਸ ਨੇ ਵਿਰਾਸਤੀ ਗ਼ੁਲਾਮੀ ਨੂੰ ਖ਼ਤਮ ਕੀਤਾ ਸੀ। ਵਿਰਾਸਤੀ ਗ਼ੁਲਾਮੀ ਖ਼ਤਮ ਕਰਨ ਦੇ ਨਾਲ–ਨਾਲ ਉਸ ਨੇ ਬ੍ਰਾਹਮਣ ਦੇ ਖਾਸ ਅਧਿਕਾਰਾਂ, ਜਿਵੇਂ ਵਿੱਤੀ ਜੁਰਮਾਨਾ ਅਤੇ ਅਪਰਾਧਿਕ ਸਜ਼ਾ, ਨੂੰ ਵੀ ਵਾਪਿਸ ਲਿਆ ਸੀ। ਕੌਟਲਿਆ ਇਹ ਤਜ਼ਵੀਜ਼ ਪੇਸ਼ ਕਰਦਾ ਹੈ ਕਿ ਕਿਸੇ ਵੀ ਸੁਤੰਤਰ ਆਦਮੀ ਨੂੰ

ਬਿਨਾਂ ਕਿਸੇ ਸ਼੍ਰੇਣੀ–ਵਰਗ ਦੇ ਭੇਦ ਤੋਂ ਨਾਗਰਿਕਤਾ ਦਿੱਤੀ ਜਾ ਸਕਦੀ ਹੈ, ਕੌਟਲਿਆ ਦੇ ਇਹ ਵਿਚਾਰ ਮਨੂੰ ਤੋਂ ਬਿਲਕੁਲ ਵੱਖਰੇ ਸਨ।

ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਕੌਟਲਿਆ ਨੇ ਵਰਣ–ਪ੍ਰਣਾਲੀ ਵਿਚ ਵਿਸ਼ਵਾਸ ਪ੍ਰਗਟ ਕੀਤਾ ਹੈ, ਪ੍ਰੰਤੂ ਉਸ ਨੇ ਸ਼ੂਦਰਾਂ ਨੂੰ ਵੀ ਆਰੀਆ ਸਮੁਦਾਇ ਦਾ ਹੀ ਇਕ ਅੰਗ ਮੰਨਿਆ ਹੈ। ਉਸਦਾ ਇਹ ਵਿਚਾਰ, ਉਸ ਨੂੰ ਪਹਿਲੇ ਵਿਚਾਰਕਾਂ ਨਾਲੋਂ ਵੱਖਰਾ ਕਰਦਾ ਹੈ। ਆਰੀਆ ਸਮਾਜ ਵਿਚ ਸ਼ੂਦਰਾਂ ਨੂੰ ਸ਼ਾਮਿਲ ਕਰਨਾ ਕੌਟਲਿਆ ਦੁਆਰਾ ਚੁੱਕਿਆ ਗਿਆ ਇਕ ਕ੍ਰਾਂਤੀਕਾਰੀ ਕਦਮ ਸੀ ਜਿਸ ਦੇ ਸਿੱਟੇ ਵਜੋਂ ਲੋਕਾਂ ਦਾ ਇੱਕ ਵੱਡਾ ਹਿੱਸਾ ਆਰੀਅਨਾਂ ਵਿੱਚ ਜਜ਼ਬ ਹੋ ਗਿਆ। ਕੌਟਲਿਆ ਦੁਆਰਾ ਗ਼ੁਲਾਮ ਬੱਚਿਆਂ ਦੀ ਖ਼ਰੀਦ ਅਤੇ ਵੇਚ ਦਾ ਵਿਰੋਧ, ਇਕ ਕਲਿਆਣਕਾਰੀ ਰਾਜ ਦਾ ਨੁਕਤਾ ਹੈ। ਇਸ ਤਰ੍ਹਾਂ ਹੀ ਮਾਲਕ ਆਪਣੀਆਂ ਗ਼ੁਲਾਮ ਔਰਤਾਂ ਦੀ ਉਦਾਰਤਾ ਦੀ ਉਲੰਘਣਾ ਨਹੀਂ ਕਰ ਸਕਦਾ ਸੀ। ਕੌਟਲਿਆ ਦੀ ਇਹ ਵਿਚਾਰਧਾਰਾ ਮਨੁੱਖੀ ਕਦਰਾਂ–ਕੀਮਤਾਂ ਦਾ ਸੰਕੇਤ ਦਿੰਦੀ ਹੈ, ਜਿਹਨਾਂ ਦੁਆਰਾ ਕੌਟਲਿਆ ਗ਼ੁਲਾਮੀ ਦੇ ਵਿਰੋਧ ਵਿਚ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਇਹ ਸਿੱਧ ਹੁੰਦਾ ਹੈ ਕਿ ਕੌਟਲਿਆ ਨੇ ਸ਼ੂਦਰਾਂ ਨੂੰ ਕੁੱਝ ਨਾਗਰਿਕ ਅਧਿਕਾਰ ਦਿੱਤੇ ਸਨ ਜਿਹੜੇ ਕਿ ਮਨੂੰ ਅਨੁਸਾਰ, ਮਹਿਜ਼ ਦੂਸਰੇ ਉੱਚ ਵਰਣ ਦੀ ਸੇਵਾ ਕਰਨ ਦੇ ਸਾਧਨ–ਮਾਤਰ (Tools) ਸਨ।

ਪ੍ਰਸ਼ਨ 1ਜਾਸੂਸ ਪ੍ਰਣਾਲੀ ਸਬੰਧੀ ਕੋਟੱਲਿਆ ਦੇ ਵਿਚਾਰਾਂ ਦੀ ਚਰਚਾ ਕਰੋ।

ਪ੍ਰਸ਼ਨ 2ਦਾਸਤਾ ਜਾਂ ਗੁਲਾਮੀ ਸਬੰਧੀ ਕੋਟੱਲਿਆ ਦੇ ਵਿਚਾਰਾਂ ਦੀ ਚਰਚਾ ਕਰੋ।

## ਨੋਟ

(1) Shamasastry, R., Kautilya's Arthasastra, Mysore Printing and Publishing House, 1967, PP. 17-18.

(2) Beni Prasad, Theory of Government in Ancient India, Central Book Depot, Allahabad, 1968, P-138.

(3) Shamasastry, R., op.cit, P.21.

(4) Kohli, Ritu, Kautilya's Political theory: Yogakahema- The Concept of Welfare State, Deep and Deep Publications, New Delhi, 1995, P. 53

(5) In his "Who Were the Sudras?" Ambedkar has also emphatically stated that the Sudras were definitely a part of the Aryans, who according to Ambedkar, were not the invaders.

(6) Shamasastry, R., op.cit P.208.

(7) Ibid.

(8) Shamasastry, R., op.cit, P. 209.

(9) Ibid.

(10) Sinha, B P, op.cit, P. 161.

(11) Shamasastry, R., op.cit, P. 209.

(12) Kohli, Ritu, op.cit., P.54.

**ਪਾਠ ਨੰਬਰ : 2.4**

# ਕੌਟਲਿਆ ਦਾ ਇਕ ਰਾਜਨੀਤਿਕ ਵਿਗਿਆਨੀ ਵਜੋਂ ਮੁਲਾਂਕਣ ਅਤੇ ਅਰਸਤੂ ਤੇ ਮੈਕਾਇਵਲੀ ਨਾਲ ਤੁਲਨਾ

## ਕੌਟਲਿਆ ਦਾ ਮੁਲਾਂਕਣ :

ਕੌਟਲਿਆ ਨਾ ਕੇਵਲ ਆਪ ਹੀ ਪ੍ਰਾਚੀਨ ਭਾਰਤ ਦਾ ਇਕ ਪਹਿਲੇ ਦਰਜੇ ਦਾ ਵਿਚਾਰਕ ਸੀ ਸਗੋਂ ਉਹ ਖੁਦ ਰਾਜਨੀਤੀ ਦੇ ਡੇਢ ਦਰਜਨ ਤੋਂ ਵੱਧ ਅਜਿਹੇ ਲਿਖਾਰੀਆਂ ਦਾ ਹਵਾਲਾ ਦਿੰਦਾ ਹੈ ਜੋ ਉਸ ਤੋਂ ਪਹਿਲਾਂ ਹੋਏ। ਆਪਣੇ ਅਰਥ ਸ਼ਾਸਤਰ ਵਿਚ ਮਨੂੰ, ਪਰਸਾਰਾ, ਭਾਰਦਵਾਜ, ਵਿਸਾਲਖਸ਼, ਪੀਸੂਨ, ਸ਼ੁਕਰ ਤੇ ਬ੍ਰਹਿਸਪਤੀ ਅਤੇ ਇਨ੍ਹਾਂ ਤੋਂ ਇਲਾਵਾ ਉਹ ਆਪਣੇ ਗੁਰੂ, ਜਿਸ ਦਾ ਉਹ ਨਾਮ ਨਹੀਂ ਦੱਸਦਾ, ਦਾ ਵਰਣਨ ਕਰਦਾ ਹੈ। ਨੀਤੀ ਪ੍ਰਕਾਸ਼ਨ ਵਿਚ ਵਰਣਨ ਕੀਤਾ ਗਿਆ ਹੈ ਕਿ ਬ੍ਰਹਮਾ, ਮਹੇਸ਼ਵਰ ਸਕੰਡ, ਇੰਦਰ, ਪੀਸੂਨ, ਮਨੂੰ, ਬ੍ਰਹਿਸਪਤੀ, ਸ਼ੁਕਰ ਭਾਰਦਵਾਜ, ਵੇਦ ਵਿਆਸ ਆਦਿ ਰਾਜ ਸ਼ਾਸਤਰ ਦੇ ਮੁੱਖ ਵਿਚਾਰਕ ਸਨ। ਉਸ ਕਾਲ ਵਿਚ ਰਾਜਨੀਤੀ ਦੇ ਅਧਿਐਨ ਨੂੰ ਰਾਜਸ਼ਾਸਤਰ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ। ਪਰੰਤੂ ਇਨ੍ਹਾਂ ਵਿਚਾਰਕਾਂ ਵਿਚੋਂ ਕੋਈ ਵੀ ਵਿਦਵਤਾ ਅਤੇ ਵਡਿਆਈ ਦੇ ਉਸ ਸਿਖਰ ਤੱਕ ਨਾ ਅਪੜ ਸਕਿਆ ਜੋ ਕੌਟਲਿਆ ਨੇ ਪ੍ਰਾਪਤ ਕੀਤੀ। ਕੌਟਲਿਆ ਨੂੰ ਪ੍ਰਾਚੀਨ ਭਾਰਤ ਦੇ ਰਾਜਨੀਤਿਕ ਵਿਗਿਆਨੀਆਂ ਵਿਚੋਂ ਸਰਵ ਪ੍ਰਥਮ ਮੰਨਿਆ ਜਾ ਸਕਦਾ ਹੈ। ਇਹੀ ਭੀ ਮੁਮਕਿਨ ਹੈ ਕਿ ਪ੍ਰਾਚੀਨ ਭਾਰਤ ਨੇ ਕੌਟਲਿਆ ਜਿਹੇ ਹੋਰ ਮਹਾਨ ਰਾਜਨੀਤਿਕ ਵਿਚਾਰਕਾਂ ਨੂੰ ਜਨਮ ਦਿੱਤਾ ਹੋਵੇ ਜੇਕਰ ਇਹ ਸੱਚ ਹੈ ਤਾਂ ਉਹਨਾਂ ਦੇ ਨਾਂ ਤੇ ਗ੍ਰੰਥ ਸਾਡੇ ਤੋਂ ਗੁਆਚ ਗਏ ਹਨ। ਇਹ ਬਦਕਿਸਮਤੀ ਦੀ ਗੱਲ ਹੈ ਕਿ, ਈਸਾ ਤੋਂ ਤਕਰੀਬਨ 320 ਵਰ੍ਹੇ ਪਹਿਲਾਂ ਮੌਰੀਆ ਸਾਮਰਾਜ ਦੇ ਉਥਾਨ ਤੇ ਸਿੰਧੂ ਘਾਟੀ ਸਭਿਅਤਾ ਦੇ ਅੰਤ ਵਿਚਕਾਰਲੇ 2000 ਵਰ੍ਹੇ ਤੋਂ ਜ਼ਿਆਦਾ ਸਮੇਂ ਦੇ ਭਾਰਤ ਦੇ ਰਾਜਨੀਤਿਕ-ਗਿਆਨ ਜਾਂ ਵਿਚਾਰਧਾਰਾ ਦੇ ਇਤਿਹਾਸ ਬਾਰੇ ਵਧੇਰੇ ਜਾਣਕਾਰੀ ਨਹੀਂ ਮਿਲਦੀ। ਇਸ ਕਰਕੇ ਜੇਕਰ ਕੋਈ ਵਿਅਕਤੀ ਉਪਲਬਧ ਜਾਣਕਾਰੀ ਦੀ ਰੋਸ਼ਨੀ ਵਿਚ ਕੌਟਲਿਆ ਨੂੰ ਹੀ ਪ੍ਰਾਚੀਨ ਭਾਰਤ ਦਾ ਇਕ ਮਹਾਨ ਰਾਜਨੀਤਿਕ ਵਿਚਾਰਕ ਮੰਨਦਾ ਹੈ ਤਾਂ ਉਹ ਖਿਮਾ ਯੋਗ ਹੈ।

ਉਸ ਦੀ ਵਿਸ਼ੇ ਨੂੰ ਅਤਿ ਉੱਤਮ ਦੇਣ ਹੈ। ਅਸਲੀਅਤ ਵਿਚ ਉਸ ਨੇ ਆਪਣੇ ਪੂਰਵ ਅਨੁਯਾਈਆਂ ਵੱਲੋਂ ਪਿੱਛੋਂ ਛੱਡੇ ਹੋਏ ਅਰਥ ਸ਼ਾਸਤਰ ਸਾਹਿੱਤ ਦੇ ਉਲਝੇ ਹੋਏ ਸਿਲਸਿਲੇ ਵਿੱਚੋਂ ਰਾਜਨੀਤਿਕ ਵਿਗਿਆਨ ਦਾ ਮੁੜ ਨਿਰਮਾਣ ਕੀਤਾ। ਉਸ ਦਾ ਅਰਥ ਸ਼ਾਸਤਰ ਉਸੇ ਵਿਚਾਰਧਾਰਾ (school) ਦੀਆਂ ਪਹਿਲੀਆਂ ਕਿਤਾਂ ਦਾ ਕੇਵਲ ਨਿਚੋੜ ਹੀ ਹੈ ਸਗੋਂ ਇਕ ਮੌਲਿਕ ਦੇਣ ਹੈ ਜਿਸ ਨੇ ਕੌਟਲਿਆ ਤੋਂ ਪਿੱਛੋਂ ਹੋਏ ਸਾਰੇ ਵਿਚਾਰਕਾਂ ਉੱਤੇ ਆਪਣਾ ਪ੍ਰਭਾਵ ਪਾਇਆ। ਜਿਸ ਨਿਯਮਬੱਧਤਾ ਨਾਲ ਕੌਟਲਿਆ ਨੇ ਰਾਜ ਸ਼ਾਸਨ ਕਲਾ ਤੇ ਕੂਟਨੀਤੀ ਉੱਤੇ ਉਪਲੱਬਧ ਆਂਕੜੇ ਇਕੱਤਰ ਕੀਤੇ ਅਤੇ ਉਹਨਾਂ ਨੂੰ ਇਕ ਰੂਪ ਦੇ ਕੇ ਵਿਗਿਆਨ ਦਾ ਨਿਰਮਾਣ ਕੀਤਾ, ਉਸ ਦੀ ਤੁਲਨਾ ਪਲੈਟੋ ਤੇ ਅਰਸਤੂ ਦੀ ਸੰਪੂਰਣਤਾ ਨਾਲ ਕੀਤੀ ਜਾ ਸਕਦੀ ਹੈ ਜਿਹਨਾਂ ਨੇ ਨਗਰ ਰਾਜ ਦੀ ਪ੍ਰਕ੍ਰਿਤੀ ਦਾ ਵਿਸ਼ਲੇਸ਼ਣ ਕੀਤਾ ਅਤੇ ਪ੍ਰਾਚੀਨ ਯੂਨਾਨ ਵਿਚ ਰਾਜਨੀਤੀ

ਵਿਗਿਆਨ ਦੇ ਜਨਮ ਵਿਚ ਸਹਾਇਤਾ ਦਿੱਤੀ।

ਕੌਟਲਿਆ ਦੀ ਪਲੈਟੋ ਤੇ ਅਰਸਤੂ ਨਾਲ ਤੁਲਨਾ ਨੂੰ ਅੱਗੇ ਵੀ ਤੋਰਿਆ ਜਾ ਸਕਦਾ ਹੈ। ਜਿਸ ਤਰ੍ਹਾਂ ਬਾਅਦ ਦੇ ਯੂਨਾਨੀ ਤੇ ਰੋਮਨ ਵਿਚਾਰਕਾਂ ਨੇ ਪਲੈਟੋ ਤੇ ਅਰਸਤੂ ਦੇ ਨਗਰ ਰਾਜਾਂ ਦੇ ਵਿਸ਼ਲੇਸ਼ਣ ਵਿਚ ਕੋਈ ਨਵਾਂ ਯੋਗਦਾਨ ਨਹੀਂ ਪਾਇਆ। ਉਹ ਇਹਨਾਂ ਮਹਾਨ ਖਾਣਾਂ ਨੂੰ ਪੁੱਟਣ ਅਤੇ ਰੀਪਬਲਿਕ, ਦੀ ਲਾਅ, ਦੀ ਸਟੇਟਸਮੈਨ ਅਤੇ ਪਾਲਿਟਿਕਸ ਵਿਚ ਦਰਜ ਵਿਸ਼ਾ ਸਾਮੱਗਰੀ ਨੂੰ ਗ੍ਰਹਿਣ ਕਰਨ ਵਿਚ ਹੀ ਸੰਤੁਸ਼ਟ ਸਨ, ਉਸੇ ਤਰ੍ਹਾਂ ਹੀ ਕੌਟਲਿਆ ਪਿੱਛੋਂ ਆਉਣ ਵਾਲੇ ਭਾਰਤੀ ਵਿਚਾਰਕਾਂ ਨੇ ਅਰਥ ਸ਼ਾਸਤਰ ਤੋਂ ਗ੍ਰਹਿਣ ਕੀਤਾ ਕਿਉਂਕਿ ਉਹ ਜਾਣਕਾਰੀ ਦਾ ਭਰਪੂਰ ਖ਼ਜ਼ਾਨਾ ਸੀ ਅਤੇ ਉਸ ਵਿਚ ਰਾਜਨੀਤਿਕ ਨਾਲ ਸੰਬੰਧਤ ਤਕਰੀਬਨ ਸਾਰੀਆਂ ਸ਼ਾਖਾਵਾਂ ਦਾ ਉਪਲੱਬਧ ਗਿਆਨ ਸ਼ਾਮਿਲ ਸੀ। ਕੌਟਲਿਆ ਨੇ ਰਾਜਨੀਤਿਕ ਵਿਚਾਰਧਾਰਾ ਨੂੰ ਰਾਜਤੰਤਰ ਦੀ ਵੱਡਿਆਈ ਨਾਲ ਇਸ ਤਰ੍ਹਾਂ ਇਕਮਿਕ ਮੰਨਿਆ ਹੈ ਕਿ ਕਮੰਦਕ ਤੇ ਸ਼ੁਕਰ ਜਿਹੇ ਉਸ ਦੇ ਉੱਤਰ ਅਧਿਕਾਰੀਆਂ ਨੇ ਆਪਣੇ ਗ੍ਰੰਥਾਂ ਦੀ ਭੂਮਿਕਾ ਵਿਚ ਉਹਨਾਂ ਨੂੰ ਲਿਖਣ ਦਾ ਉੱਦੇਸ਼ ਹੀ ਬਾਦਸ਼ਾਹ ਜਾਂ ਰਾਜੇ ਨੂੰ ਆਪਣੇ ਰਾਜ ਪ੍ਰਬੰਧ ਚੰਗੀ ਤਰ੍ਹਾਂ ਚਲਾਉਣ ਸੰਬੰਧੀ ਸਲਾਹ ਦੇਣਾ ਮੰਨਿਆ ਹੈ। ਡਾਕਟਰ ਰਾਧਾ ਕ੍ਰਿਸ਼ਨ ਚੌਧਰੀ ਨੇ ਆਪਣੀ ਪੁਸਤਕ 'Kautlya's Political Ideas and Institutions' ਵਿਚ ਲਿਖਿਆ ਹੈ ਕਿ ਬਾਨ, ਸੋਮਦੇਵ, ਮਨੂੰ, ਕੌਟਲਿਆ ਜਿਹੇ ਲੇਖਕ ਮਹਾਨ ਪ੍ਰਾਚੀਨ ਭਾਰਤੀ ਵਿਚਾਰ ਪ੍ਰਤੀ ਬਹੁਤ ਦੇਣਦਾਰ ਸਨ। ਕੌਟਲਿਆ ਦੇ ਹਵਾਲੇ ਸਾਨੂੰ ਪੰਚਤੰਤਰ, ਤੰਤਰ ਖਿਆਕਸ ਅਤੇ ਮਲੀਮਠ ਦੀ ਰਘੂਵੰਸ਼ ਅਤੇ ਕੁਮਾਰ ਸੰਭਵ ਉੱਤੇ ਟਿੱਪਣੀ ਵਿਚ ਵੀ ਮਿਲਦੇ ਹਨ। ਕਮੰਦਕ, ਕੌਟਲਿਆ ਦੇ ਕਾਲ ਤੋਂ ਬਾਅਦ ਵਿਚ ਹੋਇਆ ਇਕ ਬਹੁਤ ਪ੍ਰਸਿੱਧ ਰਾਜਨੀਤਿਕ ਵਿਚਾਰਕ ਤੇ ਲੇਖਕ ਹੈ। ਉਸ ਨੇ ਆਪਣਾ ਗ੍ਰੰਥ ਨੀਤੀ ਸਾਰ ਤਿਆਰ ਕਰਦੇ ਸਮੇਂ ਕੌਟਲਿਆ ਦੇ ਅਰਥ ਸ਼ਾਸਤਰ ਤੋਂ ਬਹੁਤ ਸਾਰਾ ਵਿਸ਼ਾ ਵਸਤੂ ਵਰਤਿਆ ਹੈ। ਕਮੰਦਕ ਆਖਦਾ ਹੈ ਕਿ ਕੌਟਲਿਆ ਨੇ ਰਾਜ ਸ਼ਾਸਨ ਕਲਾ ਵਿਗਿਆਨ ਬਾਰੇ ਵਿਦਵਤਾ ਹਾਸਲ ਕਰ ਲਈ ਸੀ।

ਨਾ ਕੇਵਲ ਅਰਥ ਸ਼ਾਸਤਰ ਵਿਚਾਰਧਾਰਾ (school) ਦੇ ਵਿਚਾਰਕ ਹੀ ਕੌਟਲਿਆ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਹ ਆਪਣੇ ਵਿਚਾਰਾਂ ਲਈ ਅਰਥ ਸ਼ਾਸਤਰ ਦੇ ਰਿਣੀ ਸਨ, ਬਲਕਿ ਵਿਰੋਧੀ ਵਿਚਾਰਧਾਰਾ ਭਾਵ ਧਰਮ ਸ਼ਾਸਤਰ ਮਾਰਗ ਦੇ ਲਿਖਾਰੀ ਵੀ ਉਸ ਤੋਂ ਬਹੁਤ ਪ੍ਰਭਾਵਿਤ ਹੋਏ। ਡਾ. ਘੋਸ਼ਾਲ ਦਾ ਮੱਤ ਹੈ ਸਿਮ੍ਰਿਤੀ ਪਰੰਪਰਾ ਵਿਚ ਕੇਵਲ ਮਹਾਂਭਾਰਤ ਵਿਚਲੇ ਰਾਜਧਰਮ ਦੇ ਮਹਾਨ ਗੁਣਾਂ ਦਾ ਹੀ ਪ੍ਰਵੇਸ਼ ਨਹੀਂ ਸਗੋਂ ਸਮੁੱਚੇ ਅਰਥ ਸ਼ਾਸਤਰ ਦੀ ਵਿਸ਼ਾ ਸਾਮੱਗਰੀ ਵੀ ਸ਼ਾਮਲ ਹੈ। ਜਿਸ ਦਾ ਸ੍ਰੋਤ ਕੌਟਲਿਆ ਤੋਂ ਲੱਭਿਆ ਜਾ ਸਕਦਾ : (ਘੋਸ਼ਾਲ, ਹਿਸਟਰੀ ਆਫ ਪੁਲੀਟੀਕਲ ਆਈਡਿਆਸ, ਪੰਨਾ 115)। ਉਹ ਆਪਣੀ ਪੜਚੋਲ ਨੂੰ ਪ੍ਰਮਾਣਿਤ ਕਰਨ ਲਈ ਉਦਾਹਰਣ ਦਿੰਦਾ ਹੈ। ਇਹ ਉਸ ਦੀ ਹੀ ਦੇਣ ਹੈ ਕਿ ਭਾਰਤ ਦੀ ਰਾਜਨੀਤਿਕ ਵਿਚਾਰਧਾਰਾ ਵਿਚ ਚਾਰ ਪਰੰਪਰਾਗਤ ਵਿਗਿਆਨਾਂ ਜਿਹਾ ਕਿ ਅਨਵਿਕਸ਼ਕੀ, ਤਿੰਨ ਵੇਦ ਜਾਂ ਤਰਾਈ, ਵਰਤਾ ਜਾਂ ਅਰਥ ਸ਼ਾਸਤਰ ਅਤੇ ਦੰਡਨੀਤੀ ਭਾਵ ਰਾਜਨੀਤੀ ਵਿਗਿਆਨ ਨੇ ਇਕ ਯੋਗ ਸਥਾਨ ਪ੍ਰਾਪਤ ਕੀਤਾ। ਵਿਦੇਸ਼ ਨੀਤੀ ਦੀਆਂ ਛੇ ਪਰੰਪਰਾਗਤ ਕਿਸਮਾਂ, ਬਾਦਸ਼ਾਹ ਦੀ ਜਬਰ ਕਰਨ ਦੀ ਅਤੇ ਸੱਤਾ ਨੂੰ ਲਾਗੂ ਕਰਨ ਦੀ ਤਕਨੀਕ, ਰਾਜ ਦੇ ਸੱਤ ਅੰਗਾਂ ਦੀ ਪ੍ਰਾਸੰਗਿਕ ਮਹੱਤਤਾ ਆਦਿ ਪ੍ਰਾਚੀਨ ਭਾਰਤੀ ਵਿਚਾਰਧਾਰਾ ਵਿਚ ਪ੍ਰਚਲਿੱਤ ਹੋਏ। ਇਹ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਕੌਟਲਿਆ ਦਾ ਅਰਥ ਸ਼ਾਸਤਰ ਪ੍ਰਾਚੀਨ ਭਾਰਤੀ ਰਾਜਨੀਤਿਕ ਵਿਚਾਰਧਾਰਾ ਨੂੰ ਇਕ ਬਹੁਤ ਸ੍ਰੇਸ਼ਠ ਦੇਣ ਹੈ।

ਕੌਟਲਿਆ ਨੇ ਜਿਹੜੀ ਪ੍ਰਸਿੱਧੀ ਹਾਸਲ ਕੀਤੀ ਅਤੇ ਜਿਹੜਾ ਸਨਮਾਨ ਉਸਦੇ ਸਮਕਾਲੀਆਂ ਤੇ ਉੱਤਰਾਧਿਕਾਰੀਆਂ ਨੇ ਉਸ ਨੂੰ ਬਖਸ਼ਿਆ, ਉਸ ਦੇ ਮੁੱਖ ਕਾਰਨ ਸਨ, ਉਸ ਦੀ ਵਿਹਾਰਕ ਬੁੱਧੀਮਤਾ,

ਬੌਧਿਕ ਅਭਿਲਾਖਾ ਤੇ ਸ੍ਰੇਸ਼ਠ ਰਾਜਨੀਤਿਕ ਅੰਤਰ-ਦ੍ਰਿਸ਼ਟੀ। ਇਹ ਵੀ ਸੱਚ ਹੈ ਕਿ ਕੰਮ ਪ੍ਰਤੀ ਲਗਨ ਤੇ ਡੂੰਘੀ ਤੇ ਪ੍ਰਬੀਨ ਬੌਧਿਕਤਾ ਤੋਂ ਬਗੈਰ ਉਹ ਵਿਸ਼ੇ ਬਾਰੇ ਆਪਣੇ ਪੂਰਵਜਾਂ ਵੱਲੋਂ ਛੱਡੇ ਗਏ ਉਲਝੇ ਹੋਏ ਸਾਹਿਤ ਵਿੱਚੋਂ ਅਰਥ ਸ਼ਾਸਤਰ ਵਿਗਿਆਨ ਨੂੰ ਮੁੜ ਸੁਰਜੀਤ ਨਹੀਂ ਸੀ ਕਰ ਸਕਦਾ। ਕਮੰਦਕ ਨੇ ਠੀਕ ਹੀ ਕਿਹਾ ਹੈ ਕਿ ਕੌਟਲਿਆ ਨੇ ਅਰਥ ਸ਼ਾਸਤਰ ਦੇ ਸਮੁੰਦਰ ਵਿਚੋਂ ਨੀਤੀ ਸਾਰ ਦਾ ਅੰਮ੍ਰਿਤ ਕੱਢਿਆ। ਇਸ ਤਰ੍ਹਾਂ ਉਸ ਨੂੰ ਇਕ ਨਵੇਂ ਵਿਗਿਆਨ ਦਾ ਮੋਢੀ ਮੰਨਣ ਲਈ ਸਾਡੇ ਬਹੁਤ ਸਾਰੇ ਪ੍ਰਮਾਣ ਹਨ।

ਕੌਟਲਿਆ ਨੇ ਸਿਰਫ ਅਰਥ ਸ਼ਾਸਤਰ ਦੇ ਇਕ ਨਵੇਂ ਵਿਗਿਆਨ ਦਾ ਨਿਰਮਾਣ ਹੀ ਨਹੀਂ ਕੀਤਾ ਬਲਕਿ ਆਪਣੇ ਕੰਮ ਨੂੰ ਇਤਨੀ ਸੰਪੂਰਨਤਾ ਨਾਲ ਸੰਪੰਨ ਕੀਤਾ ਹੈ ਕਿ ਉਸ ਦੇ ਉੱਤਰਾਧਿਕਾਰੀਆਂ ਲਈ ਉਸ ਦੇ ਮਹਾਨ ਗ੍ਰੰਥ ਅਰਥ ਸ਼ਾਸਤਰ ਵਿਚੋਂ ਨਕਲ ਕਰਨ ਜਾਂ ਹਵਾਲੇ ਦੇਣ ਤੋਂ ਸਿਵਾ ਕੁੱਝ ਵੀ ਨਹੀਂ ਸੀ ਬਚਿਆ। ਇਹ ਉਸ ਦੀ ਤੀਖਣ ਬੁੱਧੀ ਤੇ ਸਿਰਜਨਾਤਮਕ ਪ੍ਰਤਿਭਾ ਦਾ ਸਬੂਤ ਹੈ।

ਅੰਤ ਵਿਚ ਅਸੀਂ ਕੌਟਲਿਆ ਦੀ ਇਕ ਹੋਰ ਬੌਧਿਕ ਵਿਸ਼ੇਸ਼ਤਾ ਦਾ ਜ਼ਿਕਰ ਕਰਦੇ ਹਾਂ ਜਿਸ ਨੇ ਉਸ ਦੇ ਅਰਥ ਸ਼ਾਸਤਰ ਨੂੰ ਰਾਜ ਸ਼ਾਸਨ ਕਲਾ ਤੇ ਕੂਟਨੀਤੀ ਸੰਬੰਧੀ ਸੱਚਮੁੱਚ ਹੀ ਜਾਣਕਾਰੀ ਦਾ ਭਰਪੂਰ ਖਜ਼ਾਨਾ ਬਣਾਉਣ ਵਿਚ ਯੋਗਦਾਨ ਪਾਇਆ। ਇਹ ਸੀ ਉਸਦਾ ਯਥਾਰਥਵਾਦ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਜੇਕਰ ਉਸ ਨੂੰ ਪਰੰਪਰਾਵਾਦੀ ਵਰਣ ਆਸ਼ਰਮ ਧਰਮ ਵਿਚ ਪਰੰਪਰਾਵਾਦੀ ਕੀਮਤਾਂ-ਕਦਰਾਂ ਤੋਂ ਹੀ ਅਗਵਾਈ ਤੇ ਪ੍ਰੇਰਨਾ ਮਿਲਦੀ ਤਾਂ ਉਸ ਦਾ ਅਰਥ ਸ਼ਾਸਤਰ ਕਦੇ ਵੀ ਏਨਾ ਵਧੇਰੇ ਪ੍ਰਭਾਵ ਨਾ ਪਾ ਸਕਦਾ ਜਿੰਨਾ ਕਿ ਉਸ ਨੇ ਪਾਇਆ ਹੈ। ਉੱਚ ਆਦਰਸ਼ ਲੋਕਾਂ ਨੂੰ ਤਾਂ ਹੀ ਪ੍ਰੇਰਿਤ ਕਰਦੇ ਹਨ ਜੇਕਰ ਉਹ ਸਮਾਜਿਕ ਜੀਵਨ ਦੀਆਂ ਵਾਸਤਵਿਕ ਲੋੜਾਂ ਅਨੁਸਾਰ ਢੱਲ ਜਾਣ ਦੀ ਯੋਗਤਾ ਰੱਖਣ। ਧਰਮ ਨਿਰਸੰਦੇਹ ਹੀ ਜੀਵਨ ਦੀ ਸਰਵ-ਉੱਚ ਕੀਮਤ ਹੈ, ਪਰ ਇਸ ਨੂੰ ਜੀਵਨ ਦੇ ਪਦਾਰਥਕ ਅਰਥ ਤੇ ਕਾਮ ਆਧਾਰਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਜੀਵਨ ਦੀ ਵਾਸਤਵਿਕਤਾ ਤੋਂ ਦੂਰ ਰਹਿਣਾ ਇਕ ਅਜਿਹੇ ਵੱਡੇ ਤੇ ਸੁੰਦਰ ਮਹਿਲ ਦਾ ਨਿਰਮਾਣ ਕਰਨਾ ਹੈ ਜਿਸ ਵਿਚ ਨਾ ਕੋਈ ਰਹਿੰਦਾ ਹੋਵੇ ਤੇ ਨਾ ਹੀ ਆਨੰਦ ਮਾਣਦਾ ਹੋਵੇ। ਵਰਣ ਵਿਵਸਥਾ ਇਕ ਉੱਚ ਆਦਰਸ਼ ਤੇ ਅਤੇ ਇਸ ਦੇ ਅਨੁਸਾਰ ਵਿਵਹਾਰ ਕੇਵਲ ਵਰਣ ਜਾਂ ਜਾਤ ਦੇ ਘੇਰੇ ਅੰਦਰ ਹੀ ਕੀਤੇ ਜਾਣੇ ਚਾਹੀਦੇ ਹਨ। ਕੌਟਲਿਆ ਦਾ ਯਥਾਰਥਵਾਦ ਉਸ ਨੂੰ ਇਹ ਅਨੁਭਵ ਕਰਵਾਂਦਾ ਹੈ ਕਿ ਅਜਿਹੇ ਵੱਡਮੁੱਲੇ ਨਿਯਮ ਦਾ ਭੰਗ ਹੋਣਾ ਯਕੀਨੀ ਹੈ। ਜਿਸ ਕਰਕੇ ਉਸ ਮਿਸ਼ਰਤ ਜਾਤਾਂ ਵਿਚ ਵਿਆਹ ਹੋਣ ਤੋਂ ਉਪਰੰਤ ਔਲਾਦ ਨੂੰ ਥਾਂ ਦਿੰਦਾ ਹੈ ਅਤੇ ਉਸ ਦੀ ਇਸ ਧਾਰਣਾ ਨੂੰ ਅੰਤ ਵਿਚ ਮੰਨ ਲਿਆ ਗਿਆ। ਆਮ ਹਾਲਤਾਂ ਵਿਚ ਆਪਣੇ ਰਾਜ ਤੇ ਪਰਜਾ ਨਾਲ ਵਿਵਹਾਰ ਕਰਦੇ ਸਮੇਂ ਰਾਜੇ ਨੂੰ ਧਰਮ ਤੇ ਨੈਤਿਕਤਾ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਪਰ ਕੌਟਲਿਆ ਅਨੁਸਾਰ ਉਹ ਜ਼ਰੂਰਤ ਪੈਣ ਤੇ ਰਾਜ ਦੇ ਹਿੱਤਾਂ ਲਈ ਇਹਨਾਂ ਨਿਯਮਾਂ ਦੀ ਉਲੰਘਣਾ ਕਰ ਸਕਦਾ ਹੈ, ਕੌਟਲਿਆ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਰਾਜਨੀਤੀ ਦੇ ਮਾਰਗ ਤੇ ਨੈਤਿਕਤਾ ਦੇ ਸਿੱਧਾਂਤਾਂ ਵਿਚ ਸਮਝੌਤੇ ਦੀ ਲੋੜ ਪੈਂਦੀ ਹੈ। ਉਸ ਨੇ ਇਹ ਅਨੁਭਵ ਕੀਤਾ ਕਿ ਜਿਥੇ ਦੰਡ ਦੇਣਾ ਅਤਿ ਜਰੂਰੀ ਹੈ ਉਥੇ ਗੈਰ-ਜ਼ਰੂਰੀ ਤੋਂ ਸਖਤ ਦੰਡ ਦੇ ਨਤੀਜੇ ਭਿਆਨਕ ਹੁੰਦੇ ਹਨ। ਉਸ ਨੇ ਚੱਕਰਵਰਤੀ ਰਾਜੇ ਦੇ ਆਦਰਸ਼ ਨੂੰ ਸਵੀਕਾਰ ਕੀਤਾ ਪਰ ਵਿਜਿਗਸ਼ੂ ਦੇ ਮਨ ਉੱਤੇ ਇਸ ਧਾਰਣਾ ਦੀ ਛਾਪ ਛੱਡੀ ਕਿ ਉਸ ਨੂੰ ਘੱਟ ਤਾਕਤਵਾਰ ਮੁੱਖੀਆ ਵੱਲੋਂ ਉਸ ਦੀ ਪ੍ਰਭੂਤਾ ਨੂੰ ਸਵੀਕਾਰ ਕਰਨ ਨਾਲ ਹੀ ਸੰਤੁਸ਼ਟੀ ਪ੍ਰਾਪਤ ਕਰਨੀ ਚਾਹੀਦੀ ਹੈ, ਅਤੇ ਉਹਨਾਂ ਦੇ ਇਲਾਕੇ ਖੋਹਣ ਬਾਰੇ ਸੋਚਣਾ ਵੀ ਨਹੀਂ ਚਾਹੀਦਾ। ਰਾਜ ਕ੍ਰਿਆ ਦੇ ਹਰੇਕ ਖੇਤਰ ਵਿਚ ਅਸੀਂ ਦੇਖਦੇ ਹਾਂ ਕਿ ਕੌਟਲਿਆ ਚਰਮ ਸੀਮਾ ਤੋਂ ਦੂਰ

ਰਹਿ ਕੇ ਨੀਤੀ ਦਾ ਮੱਧ ਮਾਰਗ ਅਪਣਾਉਂਦਾ ਹੈ ਜੋ ਉਸਦੇ ਯਥਾਰਥਵਾਦ ਹੋਣ ਦਾ ਸਬੂਤ ਹੈ।

## ਅਰਸਤੂ ਨਾਲ ਤੁਲਨਾ :

ਕੌਟਲਿਆ ਤੇ ਅਰਸਤੂ ਦੇ ਰਾਜਨੀਤਿਕ ਵਿਚਾਰਧਾਰਾਵਾਂ ਦਾ ਪਿਛੋਕੜ ਏਨਾ ਵੱਖਰਾ ਹੈ ਕਿ ਦੋਹਾਂ ਵਿਚ ਤੁਲਨਾ ਕਰਨਾ ਕੁੱਝ ਔਖਾ ਜਿਹਾ ਜਾਪਦਾ ਹੈ। ਕੌਟਲਿਆ ਇਕ ਅਜਿਹੇ ਸਮਾਜ ਦਾ ਜੰਮਪਲ ਸੀ ਜਿਸ ਦੇ ਰੀਤੀ-ਰਿਵਾਜ ਭਾਈਚਾਰਕ ਸ਼ਿਸ਼ਟਾਚਾਰ ਦੇ ਮੂਲ ਤੱਤ, ਜੀਵਨ. ਦਾ ਫਲਸਫਾ ਤੇ ਕੀਮਤਾਂ ਕਦਰਾਂ ਪ੍ਰਾਚੀਨ ਏਥਨਜ਼, ਜਿਥੇ ਅਰਸਤੂ ਵੱਡਾ ਹੋਇਆ ਤੇ ਜਿਥੇ ਉਸਦੇ ਵਿਚਾਰਾਂ ਦੀ ਪ੍ਰੋੜ੍ਹਤਾ ਹਾਸਿਲ ਕੀਤੀ ਤੋਂ ਬਿਲਕੁਲ ਹੀ ਵੱਖਰੇ ਹਨ। ਕੌਟਲਿਆ ਦੀ ਵਿਚਾਰਧਾਰਾ ਤੇ ਵਰਣ ਆਸ਼ਰਮ ਧਰਮ ਵਿਵਸਥਾ ਦਾ ਕਾਫੀ ਪ੍ਰਭਾਵ ਸੀ। ਇਸ ਗੱਲ ਤੋਂ ਕਿਸੇ ਨੂੰ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਕੌਟਲਿਆ ਇਸ ਮਹੱਤਵਪੂਰਨ ਸਮਾਜਿਕ, ਰਾਜਨੀਤਿਕ, ਧਾਰਮਿਕ ਸੰਸਥਾ ਨੂੰ ਕਾਇਮ ਰੱਖਣ ਦਾ ਜੋਰਦਾਰ ਸਮਰਥਨ ਕਰਦਾ ਹੈ ਜੋ ਰਾਜੇ ਦਾ ਮੁੱਢਲਾ ਕਰਤੱਵ ਸੀ ਅਤੇ ਹਰੇਕ ਵਿਕਅਤੀ ਨਾਲ ਸੰਬੰਧਤ ਸੀ। ਪ੍ਰਾਚੀਨ ਯੂਨਾਨ ਵਿਚ ਇਸ ਦੇ ਅਨੁਰੂਪ ਵਿਚ ਕੋਈ ਹੋਰ ਸੰਸਥਾ ਨਹੀਂ ਸੀ ਅਰਸਤੂ ਨੇ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ। ਅਰਸਤੂ ਨੇ ਕੇਵਲ ਇਹ ਹੀ ਕਿਹਾ ਹੈ ਕਿ ਰਾਜ ਨੂੰ ਉਦੇਸ਼ ਜਾਂ ਮੰਤਵ ਇਸੇ ਢੰਗ ਨਾਲ ਪ੍ਰਗਟਾਏ ਜਾਣ ਤੋਂ ਕੋਈ ਇਤਰਾਜ਼ ਨਾ ਕਰਦਾ, ਪਰ ਉਸਨੇ ਖੁਦ ਇਸ ਕਥਨ ਦਾ ਅਰਥ ਵੱਖਰੇ ਢੰਗ ਨਾਲ ਹੀ ਕੀਤਾ ਹੈ।

ਕੌਟਲਿਆ ਅਰਸਤੂ ਦੇ ਵਿਚਾਰਾਂ ਵਿਚ ਸਮਾਨਤਾਵਾਂ ਅਤੇ ਅਸਮਾਨਤਾਵਾਂ ਮੌਜੂਦ ਹਨ। ਦੋਹਾਂ ਵਿਚਕਾਰ ਸਹਿਮਤੀ ਦੇ ਵਿਸ਼ੇ ਅਸਹਿਮਤੀ ਨਾਲੋਂ ਨਾ ਕੇਵਲ ਘੱਟ ਹਨ ਬਲਕਿ ਘੱਟ ਮਹੱਤਵਪੂਰਨ ਵੀ ਹਨ। ਪਹਿਲਾਂ ਅਸੀਂ ਉਹਨਾਂ ਪੱਖਾਂ ਦਾ ਜ਼ਿਕਰ ਕਰਦੇ ਹਾਂ ਜਿਹਨਾਂ ਉੱਤੇ ਸਹਿਮਤ ਹਨ। ਅਸਹਿਮਤੀ ਵਾਲੇ ਵਿਸ਼ਿਆਂ ਦਾ ਉਲੇਖ ਅਸੀਂ ਬਾਅਦ ਵਿਚ ਕਰਾਂਗੇ।

ਸਭ ਤੋਂ ਪਹਿਲੀ ਗੱਲ ਜਿਸ ਵੱਲ ਇਕ ਵਿਚਾਰਵਾਨ ਪਾਠਕ ਦਾ ਧਿਆਨ ਜਾਂਦਾ ਹੈ ਉਹ ਇਹ ਹੈ ਕਿ ਦੋਵੇਂ ਹੀ ਆਪਣੇ ਆਪਣੇ ਢੰਗ ਨਾਲ ਇਕ ਵੱਖਰੇ ਤੇ ਸੁਤੰਤਰ ਰਾਜਨੀਤੀ ਵਿਗਿਆਨ ਦੀ ਉਤਪੱਤੀ ਲਈ ਜ਼ਿੰਮੇਵਾਰ ਹਨ। ਇਸ ਪਾਠ ਦੇ ਪਹਿਲੇ ਭਾਗ ਵਿਚ ਇਹ ਦੱਸਿਆ ਹੈ ਕਿ ਕੌਟਲਿਆ ਆਪਣੇ ਪੂਰਵ ਅਨੁਯਾਈਆਂ ਵੱਲੋਂ ਪਿੱਛੇ ਛੱਡ ਗਏ ਅਰਥ ਸ਼ਾਸਤਰ ਸਾਹਿਤ ਦੇ ਉਲਝੇ ਹੋਏ ਤਾਣੇ ਬਾਣੇ ਵਿਚੋਂ ਰਾਜਨੀਤਿਕ ਵਿਗਿਆਨ ਦਾ ਮੁੜ ਨਿਰਮਾਣ ਕੀਤਾ। ਇਹ ਕੌਟਲਿਆ ਦੀ ਮਹਾਨ ਉਤਪੱਤੀ ਮੰਨੀ ਜਾਂਦੀ ਹੈ। ਉਸ ਨੇ ਆਪਣੇ ਇਸ ਕੰਮ ਨੂੰ ਏਨੀ ਸੰਪੂਰਨਤਾ ਨਾਲ ਕੀਤਾ ਕਿ ਉਸ ਦੇ ਉੱਤਰਾਧਿਕਾਰੀ ਕੋਲ ਅਰਥ ਸ਼ਾਸਤਰ ਤੇ ਸਮਾਲੋਚਨਾ ਕਰਨ ਜਾਂ ਉਸ ਦੇ ਗ੍ਰੰਥ ਦੀ ਨਕਲ ਕਰਨ ਤੋਂ ਸਿਵਾ ਕੁੱਝ ਵੀ ਨਹੀਂ ਰਿਹਾ। ਇਸੇ ਤਰ੍ਹਾਂ ਹੀ ਅਰਸਤੂ ਨੂੰ ਪੱਛਮ ਦਾ ਪਹਿਲਾ ਰਾਜਨੀਤਿਕ ਵਿਗਿਆਨੀ ਮੰਨਿਆ ਜਾਂਦਾ ਹੈ। ਪਲੈਟੋ ਅਤੇ ਸੋਫਿਸਟਾਂ ਦੇ ਵਿਚਾਰਾਂ ਵਿਚ ਕਾਨੂੰਨ, ਰਾਜਨੀਤੀ ਅਤੇ ਨੈਤਿਕਤਾ ਆਪਸ ਵਿਚ ਘੁੱਲ ਮਿਲ ਗਏ ਹਨ। ਰਾਜਨੀਤੀ ਨੂੰ ਕਾਨੂੰਨ ਤੇ ਨੈਤਿਕਤਾ ਤੋਂ ਵੱਖਰਿਆਂ ਕਰਕੇ ਇਸ ਨੂੰ ਇਕ ਸੁਤੰਤਰ ਅਤੇ ਵਿਗਿਆਨਕ ਵਿਸ਼ਾ ਬਣਾਉਣ ਦਾ ਸਿਹਰਾ ਅਰਸਤੂ ਦੇ ਸਿਰ ਹੈ। ਇਸ ਨੂੰ ਪ੍ਰਾਚੀਨ ਭਾਰਤੀ ਤੇ ਪ੍ਰਾਚੀਨ ਯੂਨਾਨੀ ਵਿਚਾਰਕਾਂ ਵਿਚਕਾਰ ਇਕ ਬਹੁਤ ਹੀ ਮਹੱਤਵਪੂਰਣ ਸਮਾਨਤਾ ਮੰਨਿਆ ਜਾਂਦਾ ਹੈ।

ਦੋਹਾਂ ਵਿਚਾਰਕਾਂ ਵਿਚ ਹੋਰ ਸਾਂਝੀ ਗੱਲ ਹੈ ਕਿ ਦੋਹਾਂ ਨੇ ਇਕੋ ਜਿਹੇ ਢੰਗ ਨਾਲ ਆਪਣੀਆਂ ਦਲੀਲਾਂ ਵਿਕਸਿਤ ਕੀਤੀਆਂ ਹਨ ਅਤੇ ਇਕੋ ਜਿਹੇ ਢੰਗ ਨਾਲ ਫੈਸਲੇ ਤੇ ਅਪੜੇ ਹਨ। ਉਹ ਪਹਿਲਾਂ ਵਿਸ਼ੇ ਨਾਲ ਸੰਬੰਧਤ ਦੂਜੇ ਵਿਚਾਰਕਾਂ ਦੇ ਮੱਤ ਦਿੰਦੇ ਹਨ ਅਤੇ ਉਨ੍ਹਾਂ ਵਿਚ ਕਮੀਆਂ ਦਾ ਜ਼ਿਕਰ ਕਰਦੇ ਹਨ ਅਤੇ

ਫਿਰ ਆਪਣੇ ਮੱਤਾ ਦਾ ਪ੍ਰਗਟਾਵਾ ਕਰਦੇ ਹਨ। ਉਦਾਹਰਣ ਵਜੋਂ ਵਿਗਿਆਨ ਦੀ ਸਕੀਮ ਵਿਚ ਅਨਵਿਕਸਕੀ ਦੀ ਥਾਂ ਨਿਸ਼ਚਿਤ ਕਰਨ ਲਈ ਕੌਟਲਿਆ ਪਹਿਲਾ ਮਨੂੰ ਸਕੂਲ ਦੇ ਮੱਤ ਦਾ ਹਵਾਲਾ ਦਿੰਦਾ ਹੈ ਜਿਸ ਅਨੁਸਾਰ ਕੇਵਲ ਤਿੰਨ ਹੀ ਵਿਗਿਆਨ ਹੁੰਦੇ ਸਨ। ਫਿਰ ਬ੍ਰਿਹਿਸਪਤੀ ਸਕੂਲ ਦਾ ਉਲੇਖ ਕਰਦਾ ਹੈ ਜਿਸ ਅਨੁਸਾਰ ਕੇਵਲ ਦੋ ਹੀ ਵਿਗਿਆਨ ਹੁੰਦੇ ਸਨ। ਫਿਰ ਉਹ ਧਾਰਨਾ ਪੇਸ਼ ਕਰਦਾ ਹੈ ਕਿ ਚਾਰ ਵਿਗਿਆਨਾਂ ਦਾ ਅਧਿਐਨ ਲੋੜੀਂਦਾ ਹੈ। ਇਸੇ ਤਰ੍ਹਾਂ ਮੰਤਰੀਆਂ ਦੀ ਚੋਣ ਕਰਨ ਦੇ ਢੰਗ ਉੱਤੇ ਵਾਦ ਵਿਵਾਦ ਕਰਦੇ ਸਮੇਂ ਕੌਟਲਿਆ ਪਹਿਲਾਂ ਭਾਰਦਵਾਜ ਦਾ ਮੱਤ ਪ੍ਰਗਟਾਉਂਦਾ ਹੈ ਜਿਸ ਅਨੁਸਾਰ ਰਾਜੇ ਨੂੰ ਆਪਣੇ ਮੰਤਰੀ ਆਪਣੇ ਬਚਪਨ ਦੇ ਸਾਥੀਆਂ ਵਿਚੋਂ ਚੁਣਨੇ ਚਾਹੀਦੇ ਹਨ, ਇਸ ਤੋਂ ਬਾਅਦ ਉਹ ਵਿਸ਼ਾਲੁਖਸ਼ ਦੇ ਵਿਚਾਰ ਪੇਸ਼ ਕਰਦਾ ਹੈ ਜੋ ਭਾਰਦਵਾਜ ਦੇ ਵਿਚਾਰਾਂ ਨੂੰ ਇਸ ਆਧਾਰ ਤੇ ਰੱਦ ਕਰਦਾ ਹੈ ਕਿ ਬਾਲਪਨ ਦੇ ਸਾਥੀਆਂ ਵਿਚ ਬਾਦਸ਼ਾਹ ਲਈ ਵਧੇਰੇ ਆਦਰ ਭਾਵਨਾ ਨਹੀਂ ਹੋਵੇਗੀ ਇਸ ਲਈ ਕੇਵਲ ਅਜਿਹੇ ਵਿਅਕਤੀ ਹੀ ਮੰਤਰੀ ਚੁਣੇ ਜਾਣੇ ਚਾਹੀਦੇ ਹਨ ਜਿਨ੍ਹਾਂ ਦੇ ਭੇਦ ਬਾਦਸ਼ਾਹ ਜਾਣਦਾ ਹੋਵੇ। ਪੀਸੂਨ ਇਸ ਵਿਚਾਰ ਨੂੰ ਵੀ ਰੱਦ ਕਰਦਾ ਹੈ ਅਤੇ ਸੁਝਾਅ ਦਿੰਦਾ ਹੈ ਕਿ ਕੇਵਲ ਅਜਿਹੇ ਵਿਅਕਤੀ ਹੀ ਚੁਣੇ ਜਾਣੇ ਚਾਹੀਦੇ ਹਨ ਜਿਹਨਾਂ ਦੀ ਯੋਗਤਾ ਅਤੇ ਚਾਲ-ਚਲਣ ਪਰਖਿਆ ਜਾ ਚੁੱਕਾ ਹੋਵੇ। ਇਸ ਤੋਂ ਬਾਅਦ ਕੌਟਲਿਆ, ਕੌਨਨੁ ਪੰਡਿਤ ਤੇ ਵਿੱਤਵਿਆਪੀ ਦੇ ਵਿਚਾਰ ਪੇਸ਼ ਕਰਕੇ ਉਹਨਾਂ ਦਾ ਖੰਡਨ ਕਰਦਾ ਹੈ ਅਤੇ ਅੰਤ ਵਿਚ ਆਪਣਾ ਵਿਚਾਰ ਪੇਸ਼ ਕਰਦੇ ਹੋਏ ਆਖਦਾ ਹੈ ਕਿ ਰਾਜੇ ਨੂੰ ਕੇਵਲ ਅਜਿਹੇ ਵਿਅਕਤੀ ਨੌਕਰੀ ਵਿਚ ਰੱਖਣੇ ਚਾਹੀਦੇ ਹਨ ਜਿਹਨਾਂ ਦਾ ਉੱਚ ਤੇ ਕੁਲੀਨ ਵੰਸ਼ ਵਿਚ ਜਨਮ ਹੋਇਆ ਹੋਵੇ, ਜੋ ਬੁੱਧੀਮਾਨ ਹੋਣ, ਜਿਹਨਾਂ ਦੇ ਉਦੇਸ਼ਾਂ ਵਿਚ ਸਪੱਸ਼ਟਤਾ ਹੋਵੇ ਅਤੇ ਜੋ ਬਹਾਦਰ ਤੇ ਵਫਾਦਾਰ ਹੋਣ। ਇਸੇ ਤਰ੍ਹਾਂ ਅਰਸਤੂ ਆਦਰਸ਼ਵਾਦੀ ਰਾਜ ਦੀ ਬਣਤਰ ਕਰਦੇ ਸਮੇਂ ਪਹਿਲਾਂ ਆਪਦੇ ਪੂਰਵਜਾਂ ਜਿਹਨਾਂ ਵਿਚ ਪਲੈਟੋ ਵੀ ਸ਼ਾਮਲ ਹੈ, ਦੇ ਵਿਚਾਰਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਦਾ ਹੈ। ਇਸ ਵਿਧੀ ਦਾ ਇਕ ਲਾਭ ਤਾਂ ਇਹ ਹੈ ਕਿ ਇਸ ਨਾਲ ਭੂਤ ਕਾਲ ਨਾਲੋਂ ਸੰਬੰਧ ਨਹੀਂ ਟੁੱਟਦਾ ਅਤੇ ਇਕ ਵਿਚਾਰਕ ਸਮਕਾਲੀ ਰਾਜਨੀਤਿਕ ਤੱਥਾਂ ਨੂੰ ਵੀ ਧਿਆਨ ਵਿਚ ਰੱਖਣ ਦੇ ਯੋਗ ਬਣ ਜਾਂਦਾ ਹੈ। ਇਹੀ ਵਿਧੀ ਕਿਸੇ ਵਿਚਾਰਕ ਨੂੰ ਪਰਿਵਰਤਨਵਾਦ ਦੀ ਬਜਾਏ ਰੂੜ੍ਹੀਵਾਦੀ ਵੱਲ ਝੁਕਾਉਂਦੀ ਹੈ। ਅਸੀਂ ਵੇਖਦੇ ਹਾਂ ਕਿ ਕੌਟਲਿਆ ਤੇ ਅਰਸਤੂ ਦੋਵੇਂ ਹੀ ਹਵਾਈ ਕਿਲ੍ਹੇ ਬਨਾਉਣ ਜਾਂ ਬੇਤਰਤੀਬੇ ਖਿਆਲਾਂ ਦੀ ਬਜਾਏ ਵਿਚਾਰਾਂ ਦੇ ਪੁਰਾਣੇ ਢੰਗ ਤੇ ਕੀਮਤਾਂ ਨੂੰ ਸੰਭਾਲ ਕੇ ਰੱਖਣਾ ਚਾਹੁੰਦੇ ਹਨ।

ਦੋਨਾਂ ਮਹਾਨ ਵਿਚਾਰਕਾਂ ਦੀ ਹੋਰ ਸਾਂਝੀ ਵਿਸ਼ੇਸ਼ਤਾ ਇਹ ਹੈ ਕਿ ਉਹਨਾਂ ਨੇ ਆਪਣੇ ਇਸ ਔਖੇ ਕੰਮ ਦੀ ਤਿਆਰੀ ਵਜੋਂ ਕਿਸੇ ਵਿਸ਼ੇ ਨਾਲ ਸੰਬੰਧਤ ਸਾਰੀ ਸਾਮੱਗਰੀ ਇਕੱਤਰ ਕਰਕੇ ਉਸਦੀ ਸਾਰਣੀ ਤਿਆਰ ਕੀਤੀ। ਕੌਟਲਿਆ ਨੇ ਆਪਣਾ ਅਰਥ ਸ਼ਾਸਤਰ ਲਿਖਣ ਤੋਂ ਪਹਿਲਾਂ ਮੌਜੂਦਾ ਅਰਥ ਸ਼ਾਸਤਰ ਦੇ ਸਮੁੱਚੇ ਸਾਹਿੱਤ ਦਾ ਡੂੰਘਾ ਅਧਿਐਨ ਕੀਤਾ ਅਤੇ ਅਰਸਤੂ ਨੇ ਆਪਣੀ 'ਪਾਲਿਟਿਕਸ' ਲਿਖਣ ਤੋਂ ਪਹਿਲਾਂ ਇਕ ਸੌ ਤੋਂ ਵੱਧ ਰਾਜਾਂ ਦੇ ਸੰਵਿਧਾਨ ਇਕੱਤਰ ਕਰਕੇ ਅਧਿਐਨ ਕੀਤਾ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਹਨਾਂ ਦੀ ਵਿਧੀ ਇਤਿਹਾਸਕ ਤੇ ਤੁਲਨਾਤਮਕ ਸੀ, ਪਰੰਤੂ ਅਸੀਂ ਸਹੀ ਅਰਥਾਂ ਵਿਚ ਕਿਸੇ ਵੀ ਵਿਚਾਰਕ ਦੀ ਵਿਧੀ ਨੂੰ ਇਤਿਹਾਸਕ ਜਾਂ ਤੁਲਨਾਤਮਕ ਨਹੀਂ ਆਖ ਸਕਦੇ। ਉਹਨਾਂ ਦੀ ਵਿਧੀ ਵਿਸ਼ਲੇਸ਼ਣਾਤਮਕ ਤੇ ਮੂਲ ਦਾ ਗਿਆਨ ਪ੍ਰਾਪਤ ਕਰਨ ਵਾਲੀ ਹੈ। ਉਹ ਸੰਪੂਰਨ ਦਾ ਹਿੱਸਿਆਂ ਵਿਚ ਵਿਸ਼ਲੇਸ਼ਣ ਕਰਦੇ ਹਨ। ਹਰੇਕ ਹਿੱਸੇ ਦਾ ਵਿਸਥਾਰ ਵਿਚ ਅਧਿਐਨ ਕਰਦੇ ਹਨ ਤੇ ਆਪਣੇ ਸਿੱਟਿਆਂ ਨੂੰ ਇਕ ਸਮੁੱਚੇ ਰੂਪ ਜਾਂ ਅੰਕ ਵਿਚ ਏਕੀਕ੍ਰਿਤ ਕਰਦੇ ਹਨ।

ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਕਾਫੀ ਹੱਦ ਤੱਕ ਉਹਨਾਂ ਦੇ ਆਦਰਸ਼ ਇਕੋ ਜਿਹੇ ਹਨ। ਇਹ

ਜ਼ਾਹਿਰ ਤੌਰ ਤੇ ਸਪੱਸ਼ਟ ਹੈ ਕਿ ਕੌਟਲਿਆ ਨੇ ਰਾਜਤੰਤਰ ਪ੍ਰਣਾਲੀ ਨੂੰ ਆਦਰਸ਼ਕ ਰੂਪ ਵਿਚ ਸਭ ਤੋਂ ਚੰਗਾ ਮੰਨਿਆ ਹੈ। ਇਸ ਲਈ ਕਿਸੇ ਸਬੂਤ ਦੀ ਜ਼ਰੂਰਤ ਨਹੀਂ ਹੈ ਕਿ ਅਰਸਤੂ ਅਨੁਸਾਰ ਆਦਰਸ਼ ਤੌਰ ਤੇ ਸਭ ਤੋਂ ਚੰਗਾ ਸ਼ਾਸਨ ਉਹ ਹੈ ਜਿਥੇ ਇਕ ਵਿਅਕਤੀ ਆਪਣੇ ਗੁਣਾਂ, ਵਿਚਾਰਾਂ ਤੇ ਚਾਲ-ਚਲਣ ਦੀ ਕੁਲੀਨਤਾ ਕਰਕੇ ਆਪਣੇ ਬਰਾਬਰ ਵਾਲਿਆਂ ਵਿਚੋਂ ਵਧੇਰੇ ਪ੍ਰਸਿੱਧੀ ਹਾਸਲ ਕਰਦਾ ਹੈ। ਇਹ ਤੱਥ ਵੀ ਸੱਚਾ ਹੈ ਕਿ ਵੱਖ ਵੱਖ ਦਾਵਿਆਂ ਦੀ ਤੁਲਨਾ ਕਰਦੇ ਸਮੇਂ ਜਦੋਂ ਇਕ ਸਮੁਦਾਇ ਵਿਚ ਇਕ ਵਿਸ਼ੇਸ਼ ਗੁਣਾਂ ਵਾਲੀ ਪ੍ਰਕ੍ਰਿਤੀ ਤੇ ਵਿਅਕਤਿਤਵ ਵਾਲਾ ਵਿਅਕਤੀ ਮੌਜੂਦ ਹੁੰਦਾ ਹੈ ਤਾਂ ਬਹੁਤ ਸਾਰੇ ਲੋਕ ਉਸ ਸਾਹਮਣੇ ਹਾਰ ਜਾਂਦੇ ਹਨ। ਅਜਿਹੇ ਵਿਅਕਤੀ ਨੂੰ ਹੋਰ ਵਿਅਕਤੀਆਂ ਉੱਤੇ ਪਹਿਲਾਂ ਤੋਂ ਹੀ ਨਿਰਧਾਰਿਤ ਸ਼ਾਸਕ ਵਜੋਂ ਸ਼ਾਸਨ ਕਰਨਾ ਚਾਹੀਦਾ ਹੈ। ਇਸ ਪ੍ਰਕਾਰ ਇਹ ਸਪੱਸ਼ਟ ਹੈ ਕਿ ਅੰਤਿਮ ਵਿਸ਼ਲੇ ਸ਼ਣ ਵਿਚ ਇਸ ਵਿਸ਼ੇ ਉੱਤੇ ਦੋਹਾਂ ਮਹਾਨ ਵਿਚਾਰਕਾਂ ਵਿਚ ਇਕ ਰਾਇ ਹੈ ਕਿ ਜਦੋਂ ਕਿਸੇ ਰਾਜ ਵਿਚ ਕੋਈ ਉਚਿੱਤ ਵਿਅਕਤੀ ਮਿਲੇ ਤਾਂ ਰਾਜਤੰਤਰ ਹੀ ਸਭ ਤੋਂ ਉੱਤਮ ਸ਼ਾਸਨ ਪ੍ਰਣਾਲੀ ਹੈ।

ਕੁੱਝ ਵਿਅਕਤੀ ਹੇਠਾਂ ਦਰਸਾਏ ਨੁਕਤਿਆਂ ਨੂੰ ਵੀ ਦੋਹਾਂ ਵਿਚਾਰਕਾਂ ਦੀ ਸਮਾਨਤਾ ਦਾ ਆਧਾਰ ਮੰਨਦੇ ਹਨ ਜਿਵੇਂ ਕੌਟਲਿਆ, ਚੰਦਰ ਗੁਪਤ ਜੋ ਕਿ ਮੱਗਧ ਦਾ ਬਾਦਸ਼ਾਹ ਬਣਿਆ, ਦਾ ਉਪਦੇਸ਼ਕ ਤੇ ਉਸਤਾਦ ਸੀ, ਉਸੇ ਤਰ੍ਹਾਂ ਅਰਸਤੂ ਸਿਕੰਦਰ ਮਹਾਨ ਦਾ ਅਧਿਆਪਕ ਸੀ, ਜੋ ਕਿ ਇਕ ਵੱਡੇ ਸਾਮਰਾਜ ਦਾ ਮਾਲਿਕ ਬਣਿਆ। ਭਾਵੇਂ ਇਹ ਸੱਚ ਹੈ ਪਰ ਵਾਸਤਵਿਕਤਾ ਵਿਚ, ਇਸ ਸਮਾਨਤਾ ਦੀ ਕੋਈ ਵਿਸ਼ੇਸ਼ ਮਹੱਤਤਾ ਨਹੀਂ ਹੈ, ਕਿਉਂਕਿ ਇਸ ਗੱਲ ਨੇ ਦੋਹਾਂ ਵਿਚੋਂ ਕਿਸੇ ਦੀ ਵੀ ਰਾਜਨੀਤਿਕ ਵਿਚਾਰਧਾਰਾ ਨੂੰ ਢਾਲਣ ਵਿਚ ਉੱਕਾ ਹੀ ਯੋਗਦਾਨ ਨਹੀਂ ਪਾਇਆ। ਅਸਲ ਵਿਚ ਵਿਚਾਰਨ ਯੋਗ ਗੱਲ ਤਾਂ ਇਹ ਹੈ ਕਿ ਕੌਟਲਿਆ ਦੀ ਚੰਦਰ ਗੁਪਤ ਦੇ ਅਧਿਆਪਕ ਵਜੋਂ ਨਹੀਂ ਬਲਕਿ ਉਸ ਦੇ ਪ੍ਰਧਾਨ ਮੰਤਰੀ ਵਜੋਂ ਤਜਰਬੇ ਦੀ ਮਹੱਤਤਾ ਸੀ। ਇਸੇ ਤਰ੍ਹਾਂ ਸਿਕੰਦਰ ਦੀਆਂ ਸੈਨਿਕ ਜਿੱਤਾਂ ਦਾ ਅਰਸਤੂ ਦੀ ਵਿਚਾਰਧਾਰਾ ਤੇ ਬਹੁਤ ਘੱਟ ਪ੍ਰਭਾਵ ਪਿਆ। ਸਾਨੂੰ ਕੌਟਲਿਆ ਤੇ ਅਰਸਤੂ ਵਿਚਕਾਰ ਇਸ ਸਮਾਨਤਾ ਵੱਲ ਵਧੇਰੇ ਧਿਆਨ ਦੇਣ ਦੀ ਜ਼ਰੂਰਤ ਨਹੀਂ ਹੈ।

ਇਹਨਾਂ ਦੋਨਾਂ ਵਿਚਾਰਕਾਂ ਵਿਚ ਇਹਨਾਂ ਤੇ ਹੋਰ ਸੰਭਵ ਸਮਾਨਤਾਵਾਂ ਨੂੰ ਜਦੋਂ ਉਹਨਾਂ ਵਿਚਕਾਰ ਮੱਤ ਭੇ ਦਾਂ ਦੀ ਰੋਸ਼ਨੀ ਵਿਚ ਵਿਚਾਰਿਆ ਜਾਂਦਾ ਹੈ ਤਾਂ ਤੁਲਨਾਤਮਕ ਰੂਪ ਵਿਚ ਉਹ ਮਹੱਤਵਹੀਨ ਜਾਪਦੀਆਂ ਹਨ। ਕਹਿਣ ਦਾ ਭਾਵ ਇਹ ਹੈ ਕਿ ਦੋਹਾਂ ਵਿਚ ਫਰਕ ਕਿਤੇ ਵੱਧ ਤੇ ਵਧੇਰੇ ਮਹੱਤਵਪੂਰਣ ਸਨ। ਸਭ ਤੋਂ ਪਹਿਲੀ ਗੱਲ ਜਿਹੜੀ ਧਿਆਨ ਵਿਚ ਰੱਖਣ ਵਾਲੀ ਹੈ ਉਹ ਇਹ ਹੈ ਕਿ ਆਪਣੇ ਆਪਣੇ ਮਹਾਨ ਗ੍ਰੰਥਾਂ ਨੂੰ ਸਿਰਜਨ ਦੇ ਮੰਤਵ ਵਿਚ ਦੋਹਾਂ ਵਿਚ ਬਹੁਤ ਜ਼ਿਆਦਾ ਫਰਕ ਸੀ। ਨਿਰਸੰਦੇਹ ਕੌਟਲਿਆ ਚਾਹੁੰਦਾ ਸੀ ਕਿ ਉਸ ਦਾ ਅਰਥ ਸ਼ਾਸਤਰ ਉਸ ਦੇ ਮਾਲਕ ਸਮਰਾਟ ਚੰਦਰ ਗੁਪਤ ਮੋਰੀਆ ਦੀ ਅਗਵਾਈ ਕਰੇ। ਇਹ ਉਸ ਦੀ ਅਗਵਾਈ ਲਈ ਇਕ ਨਿਯਮਾਵਲੀ ਸੀ ਅਤੇ ਇਸ ਵਿਚ ਅਜਿਹੀਆਂ ਹਦਾਇਤਾਂ ਦਰਜ ਸਨ ਜਿਹਨਾਂ ਦੀ ਪਾਲਣਾ ਕਰਕੇ ਉਹ ਆਪਣੀ ਰਾਹ ਵਿਚ ਆਉਣ ਵਾਲੀਆਂ ਮੁਸੀਬਤਾਂ ਦਾ ਸਾਹਮਣਾ ਕਰਨ ਦੇ ਯੋਗ ਹੋਵੇਗਾ। ਇਸੇ ਕਰਕੇ ਅਰਥ ਸ਼ਾਸਤਰ ਰਾਜਸ਼ਾਸਨ ਕਲਾ ਤੇ ਕੂਟਨੀਤੀ ਦੀ ਇਕ ਨਿਯਮਾਵਲੀ ਹੈ, ਇਸ ਨੂੰ ਲਿਖਣ ਵਿਚ ਇਸ ਦੇ ਲੇਖਕ ਦਾ ਉਦੇਸ਼ ਸੱਚਮੁੱਚ ਹੀ ਵਿਹਾਰਕ ਸੀ। ਦੂਜੇ ਪਾਸੇ, ਅਰਸਤੂ ਦਾ ਅਜਿਹਾ ਕੋਈ ਵਿਹਾਰਕ ਉਦੇਸ਼ ਨਹੀਂ ਸੀ। ਉਸ ਨੇ ਆਪਣੀ ਰਚਨਾ ਦੀ ਸਿਰਜਨਾ ਸਿਕੰਦਰ ਦੇ ਲਾਭ ਵਾਸਤੇ ਨਹੀਂ ਸੀ ਕੀਤੀ। ਇਹ ਉਹਨਾਂ ਵਿਦਿਆਰਥੀਆਂ ਵਾਸਤੇ ਸੀ ਜੋ ਕਿ ਉਸ ਦੇ ਸਕੂਲ ਲਾਈਕਮ (Lyecum) ਵਿਚ ਉੱਚ ਵਿੱਦਿਆ ਗ੍ਰਹਿਣ ਕਰਨ ਲਈ ਆਉਂਦੇ ਸਨ। ਇਹ ਸੱਚ ਹੈ ਕਿ ਇਸ ਸਕੂਲ ਵਿਚ ਪ੍ਰਾਪਤ ਕੀਤੀਆਂ ਹਦਾਇਤਾਂ ਜਾਂ ਸਿੱਖਿਆ ਜਦੋਂ ਉਹ

ਰਾਜਨੀਤੀਵਾਨ ਜਾਂ ਵਿਧਾਨਕਾਰ ਬਣਨ ਉਪਰੰਤ ਇਸਤੇਮਾਲ ਕਰਦੇ ਸਨ ਤਾਂ ਉਹਨਾਂ ਨੂੰ ਵਧੇਰੇ ਸਫਲਤਾ ਪ੍ਰਾਪਤ ਹੁੰਦੀ ਸੀ। ਪਰ ਅਜਿਹੇ ਸਕੂਲ ਦੀ ਸਥਾਪਨਾ ਕਰਨਾ ਤੇ ਵਿਦਿਆਰਥੀਆਂ ਨੂੰ ਹਦਾਇਤਾਂ ਜਾਰੀ ਕਰਨਾ ਅਰਸਤੂ ਦਾ ਅੰਤਿਮ ਉਦੇਸ਼ ਨਹੀਂ ਜਾਪਦਾ।

ਇਸ ਸੰਬੰਧ ਵਿਚ ਇਹ ਗੱਲ ਚੇਤੇ ਰੱਖਣੀ ਜ਼ਰੂਰੀ ਹੈ ਕਿ ਅਕਾਦਮੀ ਵਿਚ ਅਰਸਤੂ ਪਲੈਟੋ ਦਾ ਚੇਲਾ ਸੀ ਅਤੇ ਉਸ ਨੇ ਦਾਰਸ਼ਨਿਕ ਬਾਦਸ਼ਾਹ ਅਤੇ ਪਤਨੀਆਂ ਤੇ ਜਾਇਦਾਦ ਦੇ ਸਾਮਵਾਦ ਉੱਤੇ ਪਲੈਟੋ ਦੀ ਗੱਲਬਾਤ ਤੇ ਭਾਸ਼ਨ ਜ਼ਰੂਰ ਸੁਣੇ ਹੋਣਗੇ। ਉਸਦੇ ਅਧਿਆਪਕ ਦੇ ਸਿੱਧਾਂਤਾਂ ਤੇ ਵਿਚਾਰਾਂ ਨੇ ਉਸਨੂੰ ਵਧੇਰੇ ਪ੍ਰਭਾਵਿਤ ਨਹੀਂ ਕੀਤਾ ਅਤੇ ਉਹ ਉਹਨਾਂ ਦਾ ਇਕ ਮੁੱਖ ਆਲੋਚਕ ਬਣ ਗਿਆ। ਪਲੈਟੋ ਦੇ ਵਿਚਾਰਾ ਦਾ ਖੰਡਨ ਕਰਨ ਦੇ ਇਰਾਦੇ ਨਾਲ ਜਦੋਂ ਅਰਸਤੂ ਨੇ ਏਥਨਸ ਵਿਖੇ ਆਪਣਾ ਸਕੂਲ ਸਥਾਪਿਤ ਕੀਤਾ ਤਾਂ ਹੀ ਆਪਣੀ 'ਪਾਲਿਟਿਕਸ' ਲਿਖਣ ਬਾਰੇ ਉਸਨੇ ਸੋਚਿਆ ਹੋਵੇਗਾ। ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਉਸ ਨੇ ਇਹ ਪੁਸਤਕ ਆਪਣੇ ਸ਼ਾਗਿਰਦ ਸਿਕੰਦਰ ਦੇ ਨਾਂ ਤੇ ਅਗਵਾਈ ਲਈ ਲਿਖੀ ਹੋਵੇ। ਪਾਲਿਟਿਕਸ ਦੀਆਂ ਪਹਿਲੀਆਂ ਤੇ ਅਖੀਰਲੀਆਂ ਭਿੰਨ ਭਿੰਨ ਪੁਸਤਕਾਂ ਤੋਂ ਇਸ ਗ੍ਰੰਥ ਦਾ ਸ਼ੁੱਧ ਸਿੱਧਾਂਤਕ ਪ੍ਰਕ੍ਰਿਤੀ ਦਾ ਪਤਾ ਚੱਲਦਾ ਹੈ। ਇਹਨਾਂ ਵਿਚ ਰਾਜਨੀਤਿਕ ਵਾਸਤਵਿਕਤਾ ਦੀ ਬਜਾਏ ਰਾਜ ਬਾਰੇ ਵਿਚਾਰ ਹੀ ਦਰਸਾਏ ਹੋਏ ਹਨ। ਕੇਵਲ ਚੌਥੀ, ਪੰਜਵੀਂ ਤੇ ਛੇਵੀਂ ਪੁਸਤਕ ਵਿਚ ਅਰਸਤੂ ਰਾਜਨੀਤਿਕ ਵਾਸਤਵਿਕਤਾ ਦਾ ਵਰਣਨ ਕਰਦਾ ਹੈ। ਇਹਨਾਂ ਪੁਸਤਕਾਂ ਦੀ ਸਿਰਜਨਾ ਕਾਫੀ ਸਮਾਂ ਬਾਅਦ ਕੀਤੀ ਗਈ ਸੀ, ਪਰ ਇਨ੍ਹਾਂ ਨੂੰ ਕਿਤਾਬ ਦੇ ਮੱਧ ਵਿਚ ਸ਼ਾਮਲ ਕੀਤਾ ਗਿਆ। ਮੌਜੂਦਾ ਸਮੇਂ ਵਿਚ ਪਾਲਿਟਿਕਸ ਵਿਚ ਇਹਨਾਂ ਦੀ ਮੌਜੂਦਗੀ ਇਸ ਗੱਲ ਦਾ ਪ੍ਰਮਾਣ ਨਹੀਂ ਹੈ ਕਿ ਲੇਖਕ ਦਾ ਮੁੱਖ ਮੰਤਵ ਵਿਹਾਰਕ ਸੀ ਅਤੇ ਇਹ ਪੁਸਤਕਾਂ ਸ਼ਾਸ਼ਕ ਤੇ ਵਿਧਾਨਕਾਰਾਂ ਦੇ ਲਾਭ ਲਈ ਲਿਖੀਆਂ ਗਈਆਂ। ਇਸ ਕਰਕੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕੌਟਲਿਆ ਤੇ ਅਰਸਤੂ ਦੇ ਆਪਣੇ ਆਪਣੇ ਗ੍ਰੰਥ ਲਿੱਖਣ ਦੇ ਉਦੇਸ਼ਾਂ ਵਿਚ ਭਾਰੀ ਅੰਤਰ ਸੀ ਅਤੇ ਇਹਨਾਂ ਅੰਤਰਾਂ ਕਰਕੇ ਹੀ ਦੋਹਾਂ ਦੇ ਦ੍ਰਿਸ਼ਟੀਕੋਣ ਤੇ ਵਿਸ਼ਾ-ਵਸਤੂ ਵਿਚ ਵੀ ਕਾਫੀ ਭਿੰਨਤਾ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਇਸ ਵਿਸ਼ੇ ਤੇ ਚਰਚਾ ਨੂੰ ਸਮਾਪਤ ਕਰੀਏ ਇਹ ਦੁਹਰਾਉਣਾ ਜ਼ਰੂਰੀ ਹੈ ਕਿ ਆਪਣੀ 'ਪਾਲਿਟਿਕਸ' ਵਿਚ ਅਰਸਤੂ ਦਾ ਇਰਾਦਾ ਇਕ ਆਦਰਸ਼ ਰਾਜ ਦੀ ਰੂਪ ਰੇਖਾ ਤਿਆਰ ਕਰਨਾ ਸੀ ਜਿਵੇਂ ਕਿ ਉਸ ਦੇ ਅਧਿਆਪਕ ਨੇ 'ਰੀਪਬਲਿਕ' ਵਿਚ ਤਿਆਰ ਕੀਤੀ ਸੀ। ਉਸ ਦਾ ਮਨੋਰਥ ਰਾਜ ਪ੍ਰਬੰਧ ਚਲਾਉਣ ਲਈ ਸ਼ਾਸ਼ਕਾਂ ਨੂੰ ਹਦਾਇਤਾਂ ਜਾਰੀ ਕਰਨਾ ਨਹੀਂ ਸੀ। ਸਮਾਂ ਬੀਤਣ ਨਾਲ ਅਰਸਤੂ ਦੀ ਆਦਰਸ਼ ਰਾਜ ਚਿਤਰਣ ਦੀ ਦਿਲਚਸਪੀ ਘੱਟ ਗਈ ਅਤੇ ਉਹ ਰਾਜਨੀਤਿਕ ਵਾਸਤਵਿਕਤਾ ਵਿਚ ਵਧੇਰੇ ਦਿਲਚਸਪੀ ਲੈਣ ਲੱਗ ਪਿਆ। ਐਪਰ, ਇਸ ਨਾਲ ਉਸ ਦੇ ਮੌਲਿਕ ਮਨੋਰਥ ਉਤੇ ਕੋਈ ਪ੍ਰਭਾਵ ਨਹੀਂ ਪਿਆ। ਇਹ ਵੀ ਭੁਲਣਾ ਨਹੀਂ ਚਾਹੀਦਾ ਕਿ 'ਪਾਲਿਟਿਕਸ' ਲਿਖਣ ਵੇਲੇ ਅਰਸਤੂ ਦਾ ਮੰਤਵ ਕੌਟਲਿਆ ਦੇ ਅਰਥ ਸ਼ਾਸਤਰ ਸਿਰਜਨ ਦੇ ਮੰਤਵ ਨਾਲੋਂ ਬਹੁਤ ਹੀ ਵੱਖਰਾ ਸੀ।

ਇਹ ਵੀ ਧਿਆਨ ਰੱਖਣਾ ਜ਼ਰੂਰੀ ਹੈ ਕਿ ਅਰਸਤੂ ਵਾਸਤਵਿਕ ਸੰਵਿਧਾਨਾਂ ਦਾ ਵਰਣਨ ਕਰਨਾ ਚਾਹੁੰਦਾ ਸੀ ਅਤੇ ਉਸ ਦੀ ਇਕ ਆਦਰਸ਼ ਸੰਵਿਧਾਨ ਉਲੀਕਣ ਵਿਚ ਕੋਈ ਦਿਲਚਸਪੀ ਨਹੀਂ ਸੀ। ਉਸ ਦਾ ਮਨੋਰਥ ਤੇ ਸੁਭਾ ਕੌਟਲਿਆ ਨਾਲੋਂ ਵੱਖਰੇ ਹਨ। ਕੌਟਲਿਆ ਕੇਵਲ ਰਾਜ ਤੰਤਰੀ ਪ੍ਰਣਾਲੀ ਵਿਚ ਹੀ ਰੁਚੀ ਰੱਖਦਾ ਸੀ ਅਤੇ ਕਿਸੇ ਨੂੰ ਮਜ਼ਬੂਤ ਤੇ ਚਿਰਸਥਾਈ ਬਣਾਉਣਾ ਚਾਹੁੰਦਾ ਸੀ, ਪਰ ਇਸਦੇ ਉਲਟ ਅਰਸਤੂ, ਰਾਜਤੰਤਰ, ਕੁਲੀਨਤੰਤਰ, ਅਲਪਤੰਤਰ, ਲੋਕਤੰਤਰ ਤੇ ਅਤਿਆਚਾਰੀ ਰਾਜ ਦਾ ਵਿਸਤਾਰ ਸਹਿਤ ਵਰਣਨ ਕਰਦਾ ਹੈ। ਉਹ ਪ੍ਰਭੁਤਾਧਾਰੀ ਸ਼੍ਰੇਣੀ ਦੇ ਲੱਛਣਾਂ ਉੱਤੇ ਆਧਾਰਿਤ ਲੋਕਤੰਤਰ ਤੇ ਅਲਪਤੰਤਰ ਦੀਆਂ ਕਈ

ਕਿਸਮਾਂ ਵਿਚ ਭੇਦ ਕਰਦਾ ਹੈ। ਉਸ ਦੇ ਵਿਚਾਰ ਸਮਾਜ ਵਿਗਿਆਨ ਤੇ ਆਧਾਰਿਤ ਹਨ। ਕੌਟਲਿਆ ਕਿਧਰੇ ਵੀ ਸਰਕਾਰ ਦੀ ਪ੍ਰਕ੍ਰਿਤੀ ਵਿਚ ਸ਼ਾਸ਼ਨ ਵਰਗ ਤੇ ਪ੍ਰਭੂਤਾਧਾਰੀ ਸ਼੍ਰੇਣੀ ਦੇ ਲੱਛਣਾਂ ਦੇ ਪ੍ਰਭਾਵ ਦਾ ਉਲੇਖ ਨਹੀਂ ਕਰਦਾ ਹੈ ਤੇ ਨਾ ਹੀ ਅਰਸਤੂ ਵਾਂਗ ਸਮਾਜ ਵਿਗਿਆਨ ਨੂੰ ਆਪਣੇ ਵਿਚਾਰਾਂ ਦਾ ਆਧਾਰ ਬਣਾਉਂਦਾ ਹੈ।

ਕੇਵਲ ਇਹੋ ਹੀ ਨਹੀਂ, ਬਲਕਿ ਕੌਟਲਿਆ ਰਾਜਾਂ ਵਿਚ ਹੋ ਰਹੇ ਲਗਾਤਾਰ ਪਰਿਵਰਤਨਾਂ ਬਾਰੇ ਵੀ ਕੋਈ ਧਿਆਨ ਨਹੀਂ ਦਿੰਦਾ। ਅਰਸਤੂ ਨੇ ਇਸ ਸੰਬੰਧੀ ਬਹੁਤ ਧਿਆਨ ਦਿੱਤਾ ਹੈ, ਉਸ ਨੇ ਰਾਜਤੰਤਰ ਨੂੰ ਅਲਪਤੰਤਰ ਵਿਚ, ਅਲਪਤੰਤਰ ਨੂੰ ਲੋਕਤੰਤਰ ਅਤੇ ਲੋਕਤੰਤਰ ਨੂੰ ਅਤਿਆਚਾਰੀ ਰਾਜ ਵਿਚ ਪਰਿਵਰਤਨ ਹੁੰਦੇ ਹੋਏ ਵੇਖਿਆ। ਆਪਣੇ ਅਧਿਐਨ ਤੇ ਨਿਰੀਖਣ ਦੇ ਆਧਾਰ ਤੇ ਅਰਸਤੂ ਨੇ ਆਪਣਾ ਕ੍ਰਾਂਤੀ ਦਾ ਸਿੱਧਾਂਤ ਸਿਰਜਿਆ ਅਤੇ ਇਹ ਵੀ ਦੱਸਿਆ ਕਿ ਰਾਜਨੀਤਿਕ ਪਰਿਵਰਤਨਾਂ ਨੂੰ ਘੱਟੋ ਘੱਟ ਰੋਕਿਆ ਕਿਵੇ ਜਾ ਸਕਦਾ ਹੈ। ਬਦ ਕਿਸਮਤੀ ਨਾਲ ਅਰਥ ਸ਼ਾਸਤਰ ਦੇ ਪੰਨਿਆਂ ਵਿਚ ਅਜਿਹੀ ਕਿਸੇ ਚਰਚਾ ਦਾ ਕੋਈ ਵਰਣਨ ਨਹੀਂ ਹੈ। ਇੰਝ ਪ੍ਰਤੀਤ ਹੁੰਦਾ ਹੈ ਕਿ ਕੌਟਲਿਆ ਦਾ ਸੰਸਾਰ ਕੁੱਝ ਸਥਿਰ ਜਿਹਾ ਸੀ। ਉਸ ਨੇ ਇਹ ਮੰਨ ਲਿਆ ਕਿ ਇਕ ਵਾਰ ਸ਼ੁਰੂ ਹੋਣ ਮਗਰੋਂ, ਰਾਜ ਆਪਣੀ ਗਤੀ ਨਾਲ ਚੱਲਦਾ ਹੀ ਰਹੇਗਾ ਅਤੇ ਭਾਵਨਾਵਾਂ ਜਾਂ ਸ਼ਕਤੀ ਦੀ ਪ੍ਰਬਲ ਇੱਛਾ ਜਾਂ ਲਾਲਸਾ ਦੇ ਫਲਸਰੂਪ ਪਰਿਵਰਤਿਤ ਨਹੀਂ ਹੋਵੇਗਾ। ਪਾਲਿਟਿਕਸ ਸਮਾਜ ਸ਼ਾਸਤਰ ਸੰਬੰਧੀ ਭਰਪੂਰ ਖਜ਼ਾਨਾ ਹੈ, ਪਰ ਅਰਥ ਸ਼ਾਸਤਰ ਅਜਿਹੇ ਖਜ਼ਾਨੇ ਤੋਂ ਖਾਲੀ ਹੈ।

ਦੋਹਾਂ ਵਿਚਾਰਕਾਂ ਵਿਚ ਅਸਮਾਨਤਾ ਦੇ ਕੁੱਝ ਹੋਰ ਕਾਰਣ ਵੀ ਹਨ, ਜਿਹਨਾਂ ਦਾ ਵਰਣਨ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਕੌਟਲਿਆ ਦੇ ਕਾਲ ਵਿਚ ਗੁਲਾਮੀ ਦੀ ਪ੍ਰਥਾ ਹੋਂਦ ਵਿਚ ਸੀ। ਦੂਜੀ ਕਿਤਾਬ ਦੇ ਪਹਿਲੇ ਅਧਿਆਇ ਵਿਚ ਇਹ ਦੱਸਿਆ ਗਿਆ ਹੈ ਕਿ ਜਿਹੜੇ ਦਾਸਾਂ ਦੇ dkn ft nK dh gtqkj Bj Hl eoBr / T[ nkgD/ eosZK dh nt fr nk eod/ j'J/ ; wM/ i kDr / fesko fsB d/ 13t I nfXnkfJ ft u fej k fr nk j ?fe fJe r þkw ~ wkb e d/ x o fwj Bs eoe/ ehs h ewkJh dk nkBd wkBD s'I fJbk t k nkgD/ fgsk s'I gkgs eh s/ ft o; / dk t h nkBd wkBD dk j Z j ? fJe r þkw UBh oew ndk eoe/ ; §zosk gkgs eo ; edk j ? fi Bh oew d/ e/ T[ ~ r þkw pDkfJn k fr nk ; h nfi j m K Xkokt K s'I gsk bZ dk j ?fe T[ ; wI ; kv/ dF ft u gqEk wl'{d ; h n s/ eNfbn k B/ T[ BK dk Gko j bek eoB s/ w[s h d[ kT[D pko/ ; funk n@go T[ dk; gqEk dh T[fuZsk pko/ eM Bj Hl dZdk i d fe no; s{ B/ ft ; fsq og ft u fJ; gZ dh uouk ehs h j ? eNfbn k b'eK dh nfi j h FDh t z Bj Hl eodk fi j BK ft u l ; [Gkft e s'ö s/ fJe FkFB t or j t/ r k s/ d{ h dk; FDh eNfbn k wl'{d sE ~ wZ oZ dk j ?go T[ ~ T[fuZ mfj okT[D dk e'Jh : sB Bj Hl eodk fJ; soQ Gkosh s/ : [BkBh ft ueko wj Zt gq{B Gd dk gsk uZ dk j ?

fJE/ fJ; sE dk t h t oDB eoBk }oq{h j ?fe eM b'yeK dk wZ j ?fe eNfbn k B/ oki / d/ fBoe[ Ft kd (autocracy) ਤੇ ਜ਼ੋਰ ਦਿੱਤਾ ਹੈ, ਜਦ ਕਿ ਅਰਸਤੂ ਦਾ ਮੁੱਖ ਵਿਸ਼ਾ ਵਸਤੂ ਸੰਵਿਧਾਨਵਾਦ (Constitutionalism) ਹੈ। ਅਰਸਤੂ ਵਾਰ-ਵਾਰ ਦੱਸਦਾ ਹੈ ਕਿ ਕਾਨੂੰਨ ਹੀ ਅਸਲ ਵਿਚ ਪ੍ਰਭੂਤਾਧਾਰੀ ਹੈ ਅਤੇ ਉਹ ਬਾਦਸ਼ਾਹ ਨੂੰ ਕਾਨੂੰਨ ਅਧੀਨ ਮੰਨਦਾ ਹੈ। ਕਾਨੂੰਨ ਨੂੰ ਸ਼੍ਰੇਸ਼ਠਤਾ ਪ੍ਰਦਾਨ ਕਰਨ

ਕਾਰਨ ਅਰਸਤੂ ਨੂੰ ਵਿਸ਼ਵ ਵਿਚ ਸੰਵਿਧਾਨਵਾਦ ਦਾ ਪਿਤਾ ਮੰਨਿਆ ਜਾਂਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਸੰਵਿਧਾਨਵਾਦ ਅਰਸਤੂ ਦੀ ਆਧੁਨਿਕ ਯੁੱਗ ਨੂੰ ਮੁੱਖ ਦੇਣ ਹੈ। ਐਪਰ ਇਥੇ ਇਹ ਦੱਸਣਾ ਵੀ ਜਾਇਜ਼ ਹੋਵੇਗਾ ਕਿ ਸੰਵਿਧਾਨਵਾਦ ਦੀ ਭਾਵਨਾ ਕੌਟਲਿਆ ਦੇ ਰਾਜਤੰਤਰ ਦੀ ਵੀ ਵਿਸ਼ੇਸ਼ਤਾ ਹੈ, ਜੇਕਰ ਕਾਨੂੰਨ ਪ੍ਰਤੀ ਨਹੀਂ ਤਾਂ ਕੌਟਲਿਆ ਰਾਜ ਨੂੰ ਧਰਮ ਦੇ ਨਿਯੰਤਰਣ ਵਿਚ ਰੱਖਦਾ ਹੈ। ਇਸ ਤਰ੍ਹਾਂ ਜੇ ਸਰੂਪ ਵਿਚ ਨਹੀਂ ਤਾਂ ਘੱਟੋ ਘੱਟ ਭਾਵਨਾ ਵਿਚ ਪ੍ਰਾਚੀਨ ਭਾਰਤ ਦਾ ਰਾਜਾ ਇਸ ਸੰਵੇਦਨਾ ਵਿਚ ਸੰਵਿਧਾਨਕ ਸੀ ਕਿ ਉਹ ਧਰਮ ਦੇ ਸਦੀਵੀ ਕਾਨੂੰਨਾਂ ਨਾਲ ਬੱਝਿਆ ਸੀ। ਕੌਟਲਿਆ ਰਾਜੇ ਨੂੰ ਧਰਮ ਦੇ ਕਾਨੂੰਨਾਂ ਅਧੀਨ ਰੱਖਦਾ ਹੈ ਅਤੇ ਆਖਦਾ ਹੈ ਕਿ ਇਹ ਦੇਖਣਾ ਉਸ ਦਾ ਕਰਤੱਵ ਹੈ ਕਿ ਹਰੇਕ ਵਰਣ ਤੇ ਜਾਤ, ਧਰਮ ਦੇ ਕਾਨੂੰਨਾਂ ਦੀ ਸਹੀ ਪਾਲਣਾ ਕਰ ਰਹੀ ਹੋਵੇ, ਇਸ ਪੱਖ ਤੋਂ ਕੌਟਲਿਆ ਤੇ ਅਰਸਤੂ ਵਿਚਕਾਰ ਕੇਵਲ ਸ਼ਾਬਦਿਕ ਅੰਤਰ ਹੈ, ਪਰ ਦੋਹਾਂ ਦੀ ਭਾਵਨਾ ਇਕੋ ਜਿਹੀ ਹੈ। ਰਾਜੇ ਨੂੰ ਧਰਮ ਜਾਂ ਕਾਨੂੰਨ ਅਧੀਨ ਰੱਖਣ ਵਿਚ ਕੋਈ ਅੰਤਰ ਨਹੀਂ।

ਅੰਤ ਵਿਚ ਅਸੀਂ ਦੋਹਾਂ ਮਹਾਨ ਵਿਚਾਰਕਾਂ ਦੇ ਪ੍ਰਮੁੱਖ ਅੰਤਰਾਂ ਦਾ ਵਰਣਨ ਕਰਦੇ ਹਾਂ। ਕੌਟਲਿਆ ਦਾ ਆਦਰਸ਼ ਰਾਜਾ ਵਿਜਿਗਸ਼ੂ ਜਾਂ ਵਿਸ਼ਵ ਵਿਜੇਤਾ ਸੀ ਅਤੇ ਉਸ ਦਾ ਉਦੇਸ਼ ਘੱਟੋ ਘੱਟ ਸਮੁੰਦਰ ਤੋਂ ਲੈ ਕੇ ਪਹਾੜਾਂ ਤੱਕ ਸਮੁੱਚੇ ਦੇਸ਼ ਨੂੰ ਆਪਣੇ ਅਧੀਨ ਕਰਨਾ ਸੀ, ਪਰੰਤੂ ਅਰਸਤੂ ਸਮਾਜਿਕ ਸੰਠਗਨ ਦੀ ਸਭ ਤੋਂ ਉੱਤਮ ਤੇ ਸਰਵ-ਉੱਚ ਕਿਸਮ ਵਜੋਂ ਨਗਰ ਰਾਜਾਂ ਤੱਕ ਹੀ ਸੀਮਿਤ ਰਿਹਾ ਬਲਕਿ ਉਸ ਦੇ ਸ਼ਾਗਿਰਦ ਸਿਕੰਦਰ ਦੀਆਂ ਸਾਮਰਾਜਵਾਦ ਵਿਚ ਸੀ ਅਤੇ ਉਹ ਚਾਹੁੰਦਾ ਸੀ ਕਿ ਉਸ ਦਾ ਰਾਜਾ ਇਕ ਵੱਡੇ ਵਿਸਤ੍ਰਿਤ ਸਾਮਰਾਜ ਦਾ ਸ਼ਾਸਕ ਬਣੇ। ਇਹ ਭਾਰਤੀ ਵਿਚਾਰਕ ਅਤੇ ਉਸ ਦੇ ਯੂਨਾਨੀ ਸਮਕਾਲੀ ਵਿਚ ਇਕ ਮਹੱਤਵਪੂਰਣ ਅੰਤਰ ਹੈ।

## ਕੌਟਲਿਆ ਤੇ ਮੈਕਾਇਵਲੀ :

ਉਪਰ ਦੱਸਿਆ ਗਿਆ ਹੈ ਕਿ ਕੌਟਲਿਆ ਤੇ ਅਰਸਤੂ ਦੇ ਉਦੇਸ਼ਾਂ ਵਿਚ ਭਾਰੀ ਅੰਤਰ ਵਿਦਮਾਨ ਸੀ। ਜਿਥੇ ਯੂਨਾਨੀ ਵਿਚਾਰਕ ਦੀ ਰੁਚੀ ਬਿਨਾਂ ਕਿਸੇ ਵਿਹਾਰਕ ਉਦੇਸ਼ ਦੀ ਪ੍ਰਾਪਤੀ ਦਾ ਹਵਾਲਾ ਦਿੱਤੇ ਰਾਜਨੀਤਿਕ ਸਿੱਧਾਂਤ ਦੀ ਸਿਰਜਣਾ ਸੀ, ਉਥੇ ਭਾਰਤੀ ਵਿਚਾਰਕ ਕਿਸੇ ਵੀ ਰਾਜਨੀਤਿਕ ਫਲਸਫੇ ਦੀ ਚਰਚਾ ਕਰਨ ਦੀ ਥਾਂ ਰਾਜੇ ਦੀਆਂ ਸ਼ਕਤੀਆਂ ਤੇ ਅਧਿਕਾਰ ਖੇਤਰ ਵਧਾਉਣ ਤੇ ਸੰਭਾਲਣ ਦੇ ਤਰੀਕੇ ਲੱਭਣ ਵਿਚ ਰੁਚੀ ਰੱਖਦਾ ਸੀ। ਪਰ ਜਦੋਂ ਅਸੀਂ ਕੌਟਲਿਆ ਤੇ ਮੈਕਾਇਵਲੀ ਵਿਚਕਾਰ ਸੰਬੰਧਾਂ ਦਾ ਜ਼ਿਕਰ ਕਰਦੇ ਹਾਂ ਤਾਂ ਸਾਨੂੰ ਅਜਿਹਾ ਅੰਤਰ ਨਹੀਂ ਮਿਲਦਾ। ਦੋਨਾਂ ਦੀ ਰੁਚੀ ਸ਼ਾਸ਼ਨ ਕਲਾ ਅਤੇ ਰਾਜ ਦੇ ਸਾਹਮਣੇ ਪੇਸ਼ ਆਈਆਂ ਵਿਹਾਰਿਕ ਸਮੱਸਿਆਵਾਂ ਦੇ ਹੱਲ ਵਿਚ ਹੈ। ਸੰਖੇਪ ਵਿਚ ਦੋਨੋਂ ਹੀ ਸ਼ਾਸ਼ਨ ਕਲਾ ਵਿਚ ਦਿਲਚਸਪੀ ਰੱਖਦੇ ਸਨ, ਨਾ ਕਿ ਰਾਜਨੀਤਿਕ ਸਿੱਧਾਂਤ ਵਿਚ।

ਮੈਕਾਇਵਲੀ ਦੀ ਰੁਚੀ ਅਕਾਦਮਿਕ ਤੇ ਸਿੱਧਾਂਤਕ ਪ੍ਰਸ਼ਨਾਂ ਵਿਚ ਨਹੀਂ ਸੀ। ਉਹ ਇਕ ਮਹਾਨ ਦੇਸ਼ ਭਗਤ ਸੀ। ਉਸ ਦੀ ਪ੍ਰਬਲ ਇੱਛਾ ਸੀ ਕਿ ਕੋਈ ਅਜਿਹਾ ਢੰਗ ਲੱਭਿਆ ਜਾਵੇ ਜਿਸ ਨਾਲ ਸਮੁੱਚੇ ਇਟਲੀ ਨੂੰ ਇਕ ਮਜ਼ਬੂਤ ਕੇਂਦਰੀ ਸਰਕਾਰ ਅਧੀਨ ਏਕੀ-ਬੱਧ ਕੀਤਾ ਜਾਵੇ ਜੋ ਇਤਨੀ ਸ਼ਕਤੀਸ਼ਾਲੀ ਹੋਵੇ ਕਿ ਅੰਦਰੂਨੀ ਅਮਨ ਤੇ ਕਾਨੂੰਨ ਰੱਖ ਸਕੇ, ਆਪਣੀ ਧਰਤੀ ਤੋਂ ਵਿਦੇਸ਼ੀਆਂ ਨੂੰ ਬਾਹਰ ਕੱਢ ਸਕੇ ਅਤੇ ਪੂਰਣ ਤੌਰ ਤੇ ਆਜ਼ਾਦ ਹੋਵੇ। ਇਸ ਮਨੋਰਥ ਨਾਲ ਉਸ ਤਿੰਨ ਪੁਸਤਕਾਂ ਲਿਖੀਆਂ : ਯੁੱਧ ਦੀ ਕਲਾ (Art of War) ਬਾਦਸ਼ਾਹ (Prince), ਅਤੇ ਲਿਵੀ ਦੇ ਵਿਖਿਆਨ (Discourses of Livy)। ਇਹ ਪੁਸਤਕਾਂ ਕੌਟਲਿਆ ਦੇ ਅਰਥ ਸ਼ਾਸਤਰ ਦੀ ਤਰ੍ਹਾਂ ਸਰਕਾਰ ਦੀ ਕਲਾ ਤੇ ਨਿਬੰਧ ਹਨ, ਅਰਸਤੂ ਦੀ 'ਪਾਲਿਟਿਕਸ'

ਦੀ ਤਰ੍ਹਾਂ ਰਾਜ ਦੇ ਸਿੱਧਾਂਤਾਂ ਬਾਰੇ ਚਰਚਾ ਨਹੀਂ। ਮੈਕਾਇਵਲੀ ਨੇ ਇਟਲੀ ਦੀ ਮੰਦਹਾਲੀ ਦੇ ਕਾਰਨਾਂ ਦਾ ਪਤਾ ਲਗਾਉਣ ਦਾ ਯਤਨ ਕੀਤਾ ਅਤੇ ਇਹ ਸਿੱਟਾ ਕੱਢਿਆ ਕਿ ਉਸ ਦੀ ਮਾਤ-ਭੂਮੀ ਦੇ ਕਸ਼ਟਾਂ ਦਾ ਕਾਰਨ ਅੰਦਰੂਨੀ ਫੁੱਟ, ਸੁਰੱਖਿਆ ਦਾ ਨਾ ਹੋਣਾ ਤੇ ਵਿਦੇਸ਼ੀਆਂ ਵੱਲੋਂ ਕੀਤੀ ਜਾ ਰਹੀ ਤਬਾਹੀ ਹੈ ਦੋਹਾਂ ਵਿਚਾਰਕਾਂ ਨੇ ਅਲੱਗ-ਅਲੱਗ ਤੇ ਵੱਖ ਵੱਖ ਸਮੇਂ ਤੇ ਥਾਂ ਉੱਤੇ ਇਕੋ ਜਿਹੇ ਵਿਚਾਰ ਪ੍ਰਗਟਾਏ ਹਨ ਕਿ ਰਾਜਨੀਤਿਕ ਵਿਚਾਰਧਾਰਾ ਦਾ ਵਿਸ਼ਾ ਕੀ ਹੋਣਾ ਚਾਹੀਦਾ ਹੈ?

ਪ੍ਰਾਚੀਨ ਭਾਰਤੀ ਵਿਚਾਰਕ ਅਤੇ ਆਧੁਨਿਕ ਇਟਲੀ ਨਿਵਾਸੀ ਵਿਚ ਇਕ ਹੋਰ ਸਮਾਨਤਾ ਵੀ ਹੈ, ਉਹ ਦੋਨੋਂ ਵਿਚ ਸਾਂਝੀਆਂ ਰਾਜਨੀਤਿਕ ਸਮੱਸਿਆਵਾਂ ਦਾ ਇਕੋ ਜਿਹੀ ਮਨੋਦਸ਼ਾ ਤੇ ਭਾਵਨਾ ਨਾਲ ਅਧਿਐਨ ਕਰਦੇ ਹਨ। ਇਥੇ ਇਕ ਵਾਰੀ ਹੋਰ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਕੌਟਲਿਆ ਅਰਥ ਸ਼ਾਸਤਰ ਸਕੂਲ ਨਾਲ ਸੰਬੰਧਤ ਸੀ, ਜਿਸ ਨੇ ਰਾਜਨੀਤੀ ਨੂੰ ਬਿਨਾਂ ਕਿਸੇ ਦੈਵੀ ਏਜੰਸੀ ਦੇ ਨਾਲ ਜੋੜਿਆਂ ਆਪਣੇ ਵਿਚਾਰ ਦਿੱਤੇ। ਉਸਦੇ ਵਿਚਾਰ ਵਿਵੇਕ ਤੇ ਆਧਾਰਿਤ ਅਤੇ ਅਧਾਰਮਿਕ ਸਨ। ਅਜਿਹੀ ਭਾਵਨਾ ਨਾਲ ਹੀ ਮੈਕਾਇਵਲੀ ਨੇ ਵੀ ਆਪਣੇ ਦੁਆਲੇ ਦੀਆਂ ਰਾਜਨੀਤਿਕ ਹਾਲਤਾਂ ਦਾ ਅਧਿਐਨ ਤੇ ਨਿਰੀਖਣ ਕੀਤਾ। ਉਸ ਨੂੰ ਆਧੁਨਿਕ ਰਾਜਨੀਤਿਕ ਵਿਚਾਰਧਾਰਾ ਦਾ ਪਿਤਾ ਕਿਹਾ ਜਾਂਦਾ ਹੈ ਕਿਉਂਕਿ ਉਸ ਨੇ ਵਿਚਾਰਾਂ ਤੇ ਦਲੀਲਾਂ ਦੇ ਮੱਧਕਾਲ ਵਿਚ ਅਪਨਾਏ ਜਾਣ ਵਾਲੇ ਢੰਗ ਨੂੰ ਤਿਆਗ ਕੇ ਜਾਂਚ-ਪੜਤਾਲ ਦਾ ਇਤਿਹਾਸਕ ਜਾਂ ਪ੍ਰਯੋਗ ਸਿੱਧ ਤਰੀਕਾ ਅਪਣਾਇਆ ਅਤੇ ਇਹ ਅਜੋਕੀ ਅਧਿਐਨ ਵਿਧੀ ਦੀ ਮੁੱਖ ਵਿਸ਼ੇਸ਼ਤਾ ਹੈ। ਉਸ ਨੇ ਈਸਾਈ ਮੱਤ ਦੀ ਪੂਰਣ ਧਾਰਣਾ ਦਾ ਸਮੁੱਚੇ ਤੌਰ ਤੇ ਖੰਡਨ ਕੀਤਾ। ਅਜਿਹਾ ਕਰਨ ਦੀ ਕਿਸੇ ਮੱਧਕਾਲੀ ਨੇ ਹਿੰਮਤ ਨਹੀਂ ਸੀ ਕੀਤੀ। ਪਰਮਾਤਮਾ ਦੀ ਇੱਛਾ ਤੇ ਸੱਤਾ ਨੂੰ ਆਪਣੇ ਵਿਚਾਰਾਂ ਦਾ ਆਧਾਰ ਬਣਾਉਣ ਦੀ ਥਾਂ ਉਸ ਨੇ ਸਮੱਸਿਆਵਾਂ ਦਾ ਹੱਲ ਲੱਭਣ ਲਈ ਇਤਿਹਾਸ ਤੇ ਦਲੀਲਾਂ ਦਾ ਆਸਰਾ ਲਿਆ। ਇਸੇ ਦਾ ਇਕ ਮਹੱਤਵਪੂਰਣ ਨਤੀਜਾ ਇਹ ਨਿਕਲਿਆ ਸੀ ਕਿ ਇਸਨੇ ਰਾਜ ਨੂੰ ਧਾਰਮਿਕ ਸੱਤਾ ਦੇ ਬੰਧਨ ਤੋਂ ਮੁਕਤ ਕਰਵਾ ਦਿੱਤਾ। ਕੌਟਲਿਆ ਨੇ ਵੀ ਅਜਿਹੀ ਹੀ ਭਾਵਨਾ ਨਾਲ ਰਾਜ ਦੀਆਂ ਸਮੱਸਿਆਵਾਂ ਦਾ ਅਧਿਐਨ ਕੀਤਾ, ਉਸਦਾ ਰਾਜ ਵੀ ਕਿਸੇ ਕਿਸਮ ਦੀ ਧਾਰਮਿਕ ਸੱਤਾ ਦੇ ਨਿਯੰਤਰਣ ਤੋਂ ਮੁਕਤ ਸੀ। ਇਸ ਸੰਬੰਧ ਵਿਚ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਪ੍ਰਾਚੀਨ ਭਾਰਤ ਅਤੇ ਆਧੁਨਿਕ ਭਾਰਤ ਵਿਚ ਵੀ ਹਿੰਦੂ ਧਰਮ ਈਸਾਈ ਤੇ ਮੁਸਲਿਮ ਧਰਮ ਜਿਨਾਂ ਵਿਕਸਿਤ ਨਹੀਂ ਹੋਇਆ ਕਿ ਇਸ ਤੋਂ ਮੁਕਤ ਕਰਵਾਉਣ ਦਾ ਪ੍ਰਸ਼ਨ ਹੀ ਨਹੀਂ ਪੈਦਾ ਹੁੰਦਾ ਪਰ ਜਿਸ ਗੱਲ ਕਰਕੇ ਫਲੋਰੈਂਸ ਨਿਵਾਸੀ (ਮੈਕਾਇਵਲੀ) ਦੀ ਪ੍ਰਾਚੀਨ ਭਾਰਤੀ ਨਾਲ ਨੇੜਤਾ ਹੈ, ਉਹ ਹੈ ਉਸ ਦਾ ਇਹ ਸਿੱਧਾਂਤ ਕਿ ਰਾਜ ਦੇ ਹਿੱਤਾਂ ਦੀ ਪੂਰਤੀ ਲਈ ਬਾਦਸ਼ਾਹ ਕੋਈ ਵੀ ਸਾਧਨ ਅਪਨਾ ਸਕਦਾ ਹੈ। ਹਮੇਸ਼ਾਂ ਉਦੇਸ਼ ਜਾਂ ਨਤੀਜੇ ਤੋਂ ਹੀ ਅਸੀਂ ਸਾਧਨਾਂ ਦੀ ਉਚਿੱਤਤਾ ਜਾਣ ਸਕਦੇ ਹਾਂ। ਅਸੀਂ ਵੇਖਿਆ ਹੈ ਕਿ ਕੌਟਲਿਆ ਦੇ ਨਿਜੀ ਤੇ ਜਨ ਜੀਵਨ ਵਿਚ ਧਰਮ ਤੇ ਨੈਤਿਕਤਾ ਦਾ ਬੜੇ ਜੋਸ਼ ਨਾਲ ਸਮਰਥਨ ਕੀਤਾ, ਪਰ ਨਾਲ ਹੀ ਉਹ ਬਾਦਸ਼ਾਹ ਨੂੰ ਰਾਜ ਦੀ ਸੁਰੱਖਿਆ ਲਈ ਅਨੁਚਿਤ ਤੇ ਅਨੈਤਿਕ ਸਾਧਨ ਅਪਨਾਉਣ ਤੇ ਧਰਮ ਤੇ ਨੈਤਿਕਤਾ ਨੂੰ ਮੰਨਣ ਤੋਂ ਇਨਕਾਰ ਕਰਨ ਦੀ ਸਲਾਹ ਦੇਣ ਲਈ ਵੀ ਤਿਆਰ ਹੈ। ਮੈਕਿਆਵਲੀ ਇਸ ਤੋਂ ਅਗਾਂਹ ਚਲਾ ਜਾਂਦਾ ਹੈ ਆਖਦਾ ਹੈ ਕਿ ਬਾਦਸ਼ਾਹ ਦਾ ਮੂਲ ਮੰਤਵ ਰਾਜ ਨੂੰ ਮਜ਼ਬੂਤ ਬਣਾਉਣਾ ਤੇ ਏਕੀਕ੍ਰਿਤ ਰੱਖਣਾ, ਰਾਜ ਵਿਚ ਸ਼ਾਂਤੀ ਕਾਇਮ ਰੱਖਣਾ ਅਤੇ ਵਿਦੇਸ਼ੀ ਹਮਲਾਵਰਾਂ ਨੂੰ ਬਾਹਰ ਕੱਢਣਾ ਹੈ। ਇਸ ਨੇ ਕ ਕੰਮ ਦੇ ਲਈ ਕੋਈ ਵੀ ਭਰੋਸੇਮੰਦ ਤਰੀਕੇ ਅਪਣਾਏ ਜਾ ਸਕਦੇ ਹਨ। ਜੇਕਰ ਉਦੇਸ਼ ਨੇਕ ਹੈ ਤਾਂ ਸਾਧਨਾਂ ਦੀ ਨੈਤਿਕਤਾ ਦਾ ਪ੍ਰਸ਼ਨ ਫਜ਼ੂਲ ਹੈ। ਇਸ ਸਿੱਧਾਂਤ ਨਾਲ ਕਿ ਉਦੇਸ਼ ਹੀ ਸਾਧਨਾਂ ਦੀ ਉਚਿੱਤਤਾ ਦਾ ਪ੍ਰਗਟਾਵਾ ਕਰਦੇ ਹਨ ਮੈਕਿਆਵਲੀ ਦਾ ਨਾਉਂ ਪੱਕੀ ਤਰ੍ਹਾਂ ਜੁੜਿਆ ਹੈ। ਉਸ ਦਾ ਕਹਿਣਾ ਹੈ ਕਿ

ਜਹਾਜ਼ਰਾਨੀ ਦੀ ਕਲਾਂ ਵਾਂਗ ਸਰਕਾਰ ਦੀ ਕਲਾ ਦਾ ਵੀ ਨੈਤਿਕਤਾ ਨਾਲ ਕੋਈ ਸੰਬੰਧ ਨਹੀਂ (Like the art of navigation, the art of government is also out of relation to morals.)

ਅੰਤ ਵਿਚ ਇਹ ਦੱਸਣਾ ਜ਼ਰੂਰੀ ਹੈ ਕਿ ਮਨੁੱਖੀ ਸੁਭਾ ਬਾਰੇ ਵੀ ਦੋਹਾਂ ਮਹਾਨ ਵਿਚਾਰਕਾਂ ਵਿਚ ਕਾਫੀ ਹੱਦ ਤੱਕ ਸਹਿਮਤੀ ਹੈ। ਕੌਟਲਿਆ ਮੈਕਾਇਵਲੀ ਦੇ ਇਸ ਮੱਤ ਨਾਲ ਪੂਰੀ ਤਰ੍ਹਾਂ ਤਾਂ ਸਹਿਮਤ ਨਹੀਂ ਹੈ ਕਿ ਆਦਮੀ ਬੁਰਾ ਹੀ ਪੈਦਾ ਹੁੰਦਾ ਹੈ ਅਤੇ ਉਸ ਨੂੰ ਵਿਰਸੇ ਵਿਚ ਕੋਈ ਸਦਾਚਾਰੀ ਗੁਣ ਪ੍ਰਾਪਤ ਨਹੀਂ ਹੁੰਦੇ ਕਿ ਉਹ ਕਮਜ਼ੋਰੀਆਂ, ਗਲਤੀਆਂ ਤੇ ਲੁਚੇਪਣ ਦਾ ਮਿਸ਼ਰਣ ਹੈ ਅਤੇ ਸੁਭਾਵਿਕ ਤੌਰ ਤੇ ਆਪ ਹੁਦਰੇਪਨ ਦਾ ਸ਼ਿਕਾਰ ਹੈ। ਮੈਕਾਇਵਲੀ ਤਾਂ ਇਸ ਹੱਦ ਤੱਕ ਵੀ ਦਾਅਵਾ ਕਰਦਾ ਹੈ ਕਿ ਮਨੁੱਖ ਸਮੁੱਚੇ ਤੌਰ ਤੇ ਏਨਾ ਬੁਰਾ ਤੇ ਭ੍ਰਸ਼ਟ ਹੈ ਕਿ ਜਦ ਤੱਕ ਕਿਸੇ ਨੇ ਉਸ ਤੇ ਉਪਕਾਰ ਨਾ ਕੀਤਾ ਹੋਵੇ ਉਹ ਕਿਸੇ ਲਈ ਕੋਈ ਚੰਗਾ ਕੰਮ ਨਹੀਂ ਕਰਦਾ। ਮੈਕਾਇਵਲੀ ਨਾਲ ਪੂਰਨ ਤੌਰ ਤੇ ਸਹਿਮਤ ਨਾ ਹੁੰਦੇ ਹੋਏ ਵੀ ਕੌਟਲਿਆ ਆਖਦਾ ਹੈ ਕਿ ਦੰਡ ਜਾਂ ਡਰ ਹੀ ਮਨੁੱਖ ਨੂੰ ਚੰਗਿਆਈ ਦੇ ਰਾਹ ਤੇ ਚੱਲਣ ਲਈ ਮਜ਼ਬੂਰ ਕਰਦਾ ਹੈ। ਜੇਕਰ ਦੰਡ ਨੀਤੀ ਨੂੰ ਲਾਗੂ ਕਰਨ ਵਾਲਾ ਕੋਈ ਰਾਜਾ ਨਹੀਂ ਹੋਵੇਗਾ ਤਾਂ ਜੰਗਲ ਦਾ ਰਾਜ ਜਾਂ ਅਰਾਜਕਤਾ ਫੈਲ ਜਾਵੇਗੀ। ਅਜਿਹੇ ਰਾਜ ਵਿਚ ਤਾਕਤਵਰ ਕਮਜ਼ੋਰ ਨੂੰ ਦਬਾ ਕੇ ਆਪਣੇ ਵੱਸ ਵਿਚ ਕਰਕੇ ਉਹਨਾਂ ਨੂੰ ਆਪਣੇ ਹੁਕਮਾਂ ਦੀ ਪਾਲਣਾ ਕਰਨ ਲਈ ਮਜ਼ਬੂਰ ਕਰਨਗੇ। ਕੇਵਲ ਦੰਡ ਰਾਹੀਂ ਹੀ ਕਮਜ਼ੋਰਾਂ ਦੀ ਸ਼ਕਤੀਸ਼ਾਲੀਆਂ ਤੋਂ ਰੱਖਿਆ ਕੀਤੀ ਜਾ ਸਕਦੀ ਹੈ ਅਤੇ ਉਹਨਾਂ ਨੂੰ ਸ਼ਕਤੀਸ਼ਾਲੀ ਦੁਆਰਾ ਨਿਗਲੇ ਜਾਣ ਤੋਂ ਬਚਾਇਆ ਜਾ ਸਕਦਾ ਹੈ। ਇਸ ਤਰ੍ਹਾਂ ਮਨੁੱਖੀ ਸੁਭਾਅ ਬਾਰੇ ਦੋਹਾਂ ਵਿਚਾਰਕਾਂ ਦੇ ਮੱਤ ਵਿਚ ਕੁੱਝ ਸਮਾਨਤਾ ਹੈ, ਭਾਵੇਂ ਕੌਟਲਿਆ ਮੈਕਾਇਵਲੀ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਸੀ ਕਿ ਮਨੁੱਖ ਸਮੁੱਚੇ ਤੌਰ ਤੇ ਬੁਰਾ ਤੇ ਸੁਆਰਥੀ ਹੈ।

ਇਹਨਾਂ ਦੋਨਾਂ ਵਿਚਾਰਕਾਂ ਵਿਚ ਸਮਾਨਤਾਵਾਂ ਦੇ ਨਾਲ ਨਾਲ ਕੁੱਝ ਅੰਤਰ ਵੀ ਹਨ। ਦੋਹਾਂ ਵਿਚਾਰਕਾਂ ਵਿਚਕਾਰ ਬਹੁਤ ਬੁਨਿਆਦੀ ਅੰਤਰ ਵਰਣ ਆਸ਼ਰਮ ਧਰਮ ਦੀ ਭੂਮਿਕਾ ਬਾਰੇ ਹੈ। ਇਸ ਧਾਰਨਾ ਦਾ ਕੌਟਲਿਆ ਦੇ ਵਿਚਾਰਾਂ ਵਿਚ ਮੁੱਖ ਸਥਾਨ ਹੈ, ਪਰ ਮੈਕਾਇਵਲੀ ਦੇ ਵਿਚਾਰਾਂ ਵਿਚ ਅਜਿਹੀ ਕਿਸੇ ਸੰਸਥਾ ਦਾ ਕੋਈ ਸਥਾਨ ਨਹੀਂ। ਇਸ ਦਾ ਮੁੱਖ ਕਾਰਨ ਇਹ ਹੈ ਕਿ ਅਸਲ ਵਿਚ ਇਹ ਵਿਸ਼ੇਸ਼ ਤੌਰ ਤੇ ਭਾਰਤੀ ਸੰਸਥਾ ਹੈ ਅਤੇ ਈਸਾਈ ਮੱਤ ਜਾਂ ਪੱਛਮੀ ਸਮਾਜਿਕ ਤੇ ਧਾਰਮਿਕ ਮੱਤ ਵਿਚ ਇਸ ਦੇ ਅਨੁਰੂਪ ਕੋਈ ਸੰਸਥਾ ਹੋਂਦ ਵਿਚ ਨਹੀਂ ਹੈ। ਇਸੇ ਕਰਕੇ ਅਸੀਂ ਦੇਖਦੇ ਹਾਂ ਕਿ ਜਦ ਕਿ ਕੌਟਲਿਆ ਇਹ ਮੰਨਦਾ ਹੈ ਕਿ ਵਰਣ ਆਸ਼ਰਮ ਧਰਮ ਦੀ ਰੱਖਿਆ ਕਰਨਾ ਰਾਜੇ ਦਾ ਬਹੁਤ ਜ਼ਰੂਰੀ ਕੰਮ ਹੈ, ਉਥੇ ਮੈਕਾਵਲੀ ਵਿਚਾਰਕ ਸਰਕਾਰ ਨੂੰ ਵਧੇਰੇ ਮਜ਼ਬੂਤ ਬਣਾਉਣ ਅਤੇ ਉਹਨਾਂ ਵਿਦੇਸ਼ੀ ਹਮਲਾਵਰਾਂ, ਜਿਹਨਾਂ ਨੇ ਇਟਲੀ ਦੀ ਏਕਤਾ ਲਈ ਭਾਰੀ ਖਤਰਾ ਪੈਦਾ ਕੀਤਾ ਹੋਇਆ ਸੀ, ਬਾਹਰ ਕੱਢਣ ਨੂੰ ਵਧੇਰੇ ਮਹੱਤਤਾ ਪ੍ਰਦਾਨ ਕਰਦਾ ਹੈ, ਕਿਉਂਕਿ ਉਹ ਇਕ ਦੇਸ਼ ਭਗਤ ਸੀ। ਕੌਟਲਿਆ ਭਾਰਤ ਦੇਸ਼ ਦੀ ਏਕਤਾ ਦੀ ਮਹੱਤਤਾ ਤੋਂ ਜਾਣੂ ਸੀ, ਪਰ ਉਹ ਅਰਥ ਸ਼ਾਸਤਰ ਵਿਚ ਇਸ ਵਿਸ਼ੇ ਤੇ ਕੋਈ ਖਾਸ ਚਰਚਾ ਨਹੀਂ ਕਰਦਾ ਕਿਉਂਕਿ ਕੌਟਲਿਆ ਦੇ ਸਮੇਂ ਵਿਚ, ਭਾਰਤ ਦੇ ਕਿਸੇ ਵੀ ਹਿੱਸੇ ਵਿਚ ਕੋਈ ਵਿਦੇਸ਼ੀ ਸ਼ਕਤੀ ਸੱਤਾ ਵਿਚ ਨਹੀਂ। ਦੋਹਾਂ ਵਿਚਾਰਕਾਂ ਵਿਚਕਾਰ ਇਸ ਅੰਤਰ ਦਾ ਕਾਰਨ ਦੋਹਾਂ ਦੇਸ਼ਾਂ ਵਿਚ ਮੌਜੂਦਾ ਹਾਲਾਤ ਹਨ।

ਇਸ ਤੋਂ ਉਪਰੰਤ ਕੌਟਲਿਆ ਦੀ ਰਾਜਨੀਤਿਕ ਵਿਚਾਰਧਾਰਾ ਵਿਚ ਇਕ ਅੰਗਿਕ (organic) ਏਕਤਾ ਹੈ। ਉਸ ਦੇ ਸਾਰੇ ਵਿਚਾਰ ਸਾਨੂੰ ਇਕੋ ਵਿਸਤ੍ਰਿਤ ਗ੍ਰੰਥ 'ਅਰਥ ਸ਼ਾਸਤਰ' ਵਿਚ ਮਿਲਦੇ ਹਨ, ਪਰ ਮੈਕਾਇਵਲੀ ਦੇ ਰਾਜਨੀਤਿਕ ਵਿਚਾਰ ਤਿੰਨ ਵੱਖ ਵੱਖ ਪੁਸਤਕਾਂ, (Art of War, The Discourses on Livy and The Prince) ਵਿਚ ਲੱਭਦੇ ਹਨ। ਐਪਰ ਇਸ ਅਸਮਾਨਤਾ ਉਤੇ ਵਧੇਰੇ ਜ਼ੋਰ ਦੇਣ ਦੀ ਜ਼ਰੂਰਤ ਨਹੀਂ ਹੈ।

ਇਸ ਨਾਲੋਂ ਵਧੇਰੇ ਮਹੱਤਵਪੂਰਣ ਗੱਲ ਤਾਂ ਕੌਟਲਿਆ ਦੀ ਰਾਜ ਤੇ ਵਿਅਕਤੀ ਦੇ ਨਿੱਜੀ ਤੇ ਜਨ ਜੀਵਨ ਵਿਚ ਧਰਮ ਦੀ ਭੂਮਿਕਾ ਬਾਰੇ ਵਿਚਾਰਾਂ ਦੀ ਹੈ। ਇਸ ਧਾਰਨਾ ਨਾਲ ਲਗਾਉ ਕਰਕੇ ਹੀ ਕੌਟਲਿਆ ਨੈਤਿਕਤਾ ਦੇ ਨਿਯਮਾਂ ਦਾ ਸਮਰਥਨ ਕਰਦਾ ਹੈ ਅਤੇ ਉਨ੍ਹਾਂ ਨੂੰ ਜੀਵਨ ਵਿਚ ਇਕ ਉੱਚ ਸਥਾਨ ਪ੍ਰਦਾਨ ਕਰਦਾ ਹੈ। ਜਿਥੋਂ ਤੱਕ ਮਾਨਵ ਪ੍ਰਕ੍ਰਿਤੀ ਦਾ ਸਵਾਲ ਹੈ ਕੌਟਲਿਆ ਉਸ ਮਨੁੱਖ ਨੂੰ ਮੈਕਾਇਵਲੀ ਵਾਂਗ ਪੂਰੀ ਤਰ੍ਹਾਂ ਬੁਰਾ ਤੇ ਸਵਾਰਥੀ ਨਹੀਂ ਮੰਨਦਾ, ਸਗੋਂ ਇਹ ਮੰਨਦਾ ਹੈ ਕਿ ਮਨੁੱਖ ਵਿਚ ਸਵਾਰਥੀ ਤੇ ਭੈੜੇ ਗੁਣਾਂ ਦੇ ਨਾਲ ਨਾਲ ਕੁੱਝ ਪਰਉਪਕਾਰੀ ਤੇ ਚੰਗੇ ਗੁਣ ਵੀ ਹੁੰਦੇ ਹਨ।

ਇਸ ਤੱਥ ਉੱਤੇ ਜ਼ੋਰ ਦਿੱਤਾ ਗਿਆ ਹੈ ਕਿ ਕੌਟਲਿਆ ਤੇ ਮੈਕਾਇਵਲੀ ਦੋਨੋਂ ਹੀ ਧਰਮ ਤੇ ਨੈਤਿਕਤਾ ਦੀ ਭੂਮਿਕਾ ਬਾਰੇ ਇਕੋ ਜਿਹੇ ਵਿਚਾਰ ਪ੍ਰਗਟਾਉਂਦੇ ਹਨ। ਇਹ ਵੀ ਸੱਚ ਹੈ ਕਿ ਜੇ ਰਾਜੇ ਦੇ ਹਿਤਾਂ ਲਈ ਜ਼ਰੂਰੀ ਹੋਵੇ ਤਾ ਦੋਨੋਂ ਹੀ ਨੈਤਿਕ ਨਿਯਮਾਂ ਨੂੰ ਅੱਖੋਂ ਉਹਲੇ ਰੱਖਣ ਲਈ ਤਿਆਰ ਹਨ। ਮੈਕਾਇਵਲੀ ਆਖਦਾ ਹੈ ਕਿ ਬੁੱਧੀਮਾਨ ਸ਼ਾਸ਼ਕ ਨੂੰ ਅਜਿਹਾ ਵਿਸ਼ਵਾਸ ਕਾਇਮ ਨਹੀਂ ਰੱਖਣਾ ਚਾਹੀਦਾ ਜਿਹੜਾ ਉਸ ਦੇ ਵਿਰੁੱਧ ਜਾਏ, ਪਰ ਨਾਲ ਹੀ ਇਹ ਗੱਲ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਜੇਕਰ ਉਹ ਆਪਣੇ ਆਪ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਰੱਖਣ ਦਾ ਚਾਹਵਾਨ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਧਿਆਨ ਰੱਖੇ ਕਿ ਨਾਗਰਿਕ ਸਾਰੇ ਧਾਰਮਿਕ ਨਿਯਮਾਂ ਦੀ ਸਹੀ ਤੌਰ ਤੇ ਪਾਲਣਾ ਕਰਨ। ਉਹ ਭਲੀ ਪ੍ਰਕਾਰ ਜਾਣਦਾ ਸੀ ਕਿ ਧਰਮ ਦੀ ਸ਼ੁੱਧ ਪਾਲਣਾ ਕਰਨ ਨਾਲ ਹੀ ਰਾਜ ਨੂੰ ਕਾਇਮ ਰੱਖਣ ਵਿਚ ਮਦਦ ਮਿਲਦੀ ਸੀ ਅਤੇ ਧਰਮ ਦੀ ਗਿਰਾਵਟ ਇਸ ਦਾ ਵਿਨਾਸ਼ ਸੀ। ਕੌਟਲਿਆ ਦਾ ਵੀ ਅਜਿਹਾ ਹੀ ਵਿਸ਼ਵਾਸ ਸੀ। ਪਰ ਮੈਕਾਇਵਲੀ ਧਰਮ ਅਤੇ ਨੈਤਿਕਤਾ ਉੱਤੇ ਆਕ੍ਰਮਣ ਕਰਨ ਵੇਲੇ ਕੌਟਲਿਆ ਤੋਂ ਕਾਫੀ ਅਗਾਂਹ ਨਿਕਲ ਜਾਂਦਾ ਹੈ। ਉਹ ਆਪਣੇ ਰਾਜ ਵਿਚ ਦੈਵੀ ਕਾਨੂੰਨਾਂ ਨੂੰ ਹੀ ਨਹੀਂ, ਸਗੋਂ ਕੁਦਰਤ ਦੇ ਕਾਨੂੰਨਾਂ ਨੂੰ, ਜਿਨ੍ਹਾਂ ਉਤੇ ਮੱਧ ਕਾਲੀਆਂ ਨੇ ਬਹੁਤ ਜ਼ੋਰ ਦਿੱਤਾ ਸੀ ਅਤੇ ਜਿਹਨਾਂ ਦੇ ਆਧਾਰ ਤੇ ਹੀ ਮੱਧ ਕਾਲੀਨ ਯੁੱਗ ਵਿਚ ਅੰਤਰ ਰਾਜੀ ਸੰਬੰਧਾਂ ਦਾ ਪ੍ਰਬੰਧ ਕੀਤਾ ਜਾਂਦਾ ਸੀ ਕੋਈ ਸਥਾਨ ਨਹੀਂ ਦਿੰਦਾ। ਮੈਕਾਇਵਲੀ ਨੇ ਉਨ੍ਹਾਂ ਦੀ ਥਾਂ ਕਾਨੂੰਨ ਨੂੰ ਤੇ ਹੋਰ ਧਾਰਨਾਵਾਂ ਨੂੰ ਦਿੱਤੀ ਅਤੇ ਅੰਤਰ-ਰਾਜੀ ਸੰਬੰਧਾਂ ਤੇ ਰਾਜ ਕ੍ਰਿਆ ਦੇ ਹਰੇਕ ਖੇਤਰ ਨੂੰ ਨਿਯਮਿਤ ਤੇ ਸ਼ਾਸ਼ਿਤ ਕਰਨ ਲਈ ਰਾਜ ਨੂੰ ਸ਼ਕਤੀ ਦਿੱਤੀ। ਕੌਟਲਿਆ ਜੀਵਨ ਵਿਚ ਧਰਮ ਦੀ ਭੂਮਿਕਾ ਨੂੰ ਪਛਾਣ ਕੇ ਅਜਿਹੀ ਗਲਤੀ ਕਰਨ ਤੋਂ ਬੱਚ ਗਿਆ। ਇਥੇ ਇਕ ਵਾਰ ਫਿਰ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਪ੍ਰਾਚੀਨ ਭਾਰਤੀਆਂ ਦੇ ਅਨੁਸਾਰ ਵਿਸ਼ਵ ਵਿਚ ਧਰਮ ਸਭ ਤੋਂ ਸ੍ਰੇਸ਼ਠ ਸੀ ਅਤੇ ਇਸ ਉੱਤੇ ਹੀ ਸਮਾਜਿਕ ਢਾਂਚਾ ਆਧਾਰਿਤ ਸੀ ਅਤੇ ਰਾਜਾ ਦੇ ਨਾਗਰਿਕ ਦੋਵੇਂ ਹੀ ਇਸ ਦੇ ਅਧੀਨ ਸਨ। ਇਹੀ ਨਹੀਂ, ਧਰਮ ਦੈਵਲੌਕਿਕ ਵਸਤਾਂ (Celestial bodies) ਦੇ ਵਿਚਾਰਾਂ ਨੂੰ ਵੀ ਵਿਨਿਯਮਿਤ ਤੇ ਨਿਯੰਤ੍ਰਿਤ ਕਰਦਾ ਸੀ। ਇਹ ਸ਼ਾਸ਼ਕ ਨੂੰ ਨਿਰੰਕੁਸ਼ ਤੇ ਮਨਮਾਨੇ ਢੰਗ ਨਾਲ ਵਿਵਹਾਰ ਕਰਨ ਤੋਂ ਰੋਕਦਾ ਸੀ। ਮੈਕਾਇਵਲੀ ਦੇ ਰਾਜ ਵਿਚ ਨਿਰੰਕੁਸ਼ਤਾ ਤੋਂ ਬਚਣ ਦਾ ਅਜਿਹਾ ਕੋਈ ਉਪਾਅ ਨਹੀਂ ਸੀ।

ਅੰਤ ਵਿਚ ਅਸੀਂ ਦੋਹਾਂ ਵਿਚਾਰਕਾਂ ਵਿਚਕਾਰ ਇਕ ਹੋਰ ਮਹੱਤਵਪੂਰਣ ਭੇਦ ਦੀ ਚਰਚਾ ਕਰਦੇ ਹਾਂ। ਇਹ ਸਾਰੇ ਹੀ ਭਲੀ ਪ੍ਰਕਾਰ ਜਾਣਦੇ ਹਨ ਕੌਟਲਿਆ ਦਾ ਆਦਰਸ਼ ਇਕ ਚੰਗੀ ਤਰ੍ਹਾਂ ਸ਼ਾਸ਼ਿਤ ਰਾਜਤੰਤਰ ਸੀ, ਜਦ ਕਿ ਮੈਕਾਇਵਲੀ ਨੇ ਗਣਤੰਤਰੀ ਕਿਸਮ ਦੀ ਸਰਕਾਰ ਨੂੰ ਤਰਜੀਹ ਦਿੱਤੀ। ਆਪਣੇ ਭਾਸ਼ਣਾਂ ਵਿਚ ਉਸਨੇ ਗਣਤੰਤਰ ਨੂੰ ਰਾਜਤੰਤਰ ਸਰਕਾਰ ਨਾਲੋਂ ਸ੍ਰੇਸ਼ਠ ਮੰਨਿਆ ਹੈ ਅਤੇ ਇਹ ਦਾਅਵਾ ਕੀਤਾ ਹੈ ਕਿ ਸੱਤਾ ਉਸ ਸਮੁਦਾਇ ਵਿਚ ਸਹੀ ਕੰਮ ਕਰਕੇ ਚੰਗੇ ਨਤੀਜੇ ਪੈਦਾ ਕਰੇਗੀ, ਜਿਥੇ ਸੰਪਤੀ ਤੇ ਧਨ ਦੌਲਤ ਦੀ ਲਗਭਗ ਬਰਾਬਰ ਵੰਡ ਹੋਵੇਗੀ। ਕਿਉਂਕਿ ਇਸਦੇ ਫਲਸਰੂਪ ਰਾਜਨੀਤਿਕ ਸ਼ਕਤੀ ਦਾ ਵਧੇਰੇ ਵਿਸਥਾਰ

ਹੋਵੇਗਾ ਅਤੇ ਲੋਕ ਸਦਾਚਾਰੀ, ਜਨ ਭਾਵਨਾ ਤੋਂ ਪ੍ਰੇਰਿਤ, ਸਮਾਨਤਾ ਤੇ ਸੁਤੰਤਰਤਾ ਪ੍ਰੇਮੀ ਹੋਣਗੇ। ਅਜਿਹੇ ਮਾਹੌਲ ਲਈ ਜੀਵਨ ਦੀਆਂ ਚੰਗੇਰੀਆਂ ਹਾਲਤਾਂ ਤੇ ਰਾਜਨੀਤਿਕ ਵਿੱਦਿਆ ਦੇ ਪ੍ਰਸਾਰ ਦੀ ਬਹੁਤ ਜ਼ਰੂਰਤ ਸੀ। ਪਰ ਉਸ ਨੂੰ ਆਪਣੀ ਮਾਤ ਭੂਮੀ ਵਿਚ ਇਕ ਕੁਸ਼ਲ ਤੇ ਮਜ਼ਬੂਤ ਗਣਤੰਤਰੀ ਸਰਕਾਰ ਦੀ ਸਥਾਪਨਾ ਦਾ ਕੋਈ ਅਵਸਰ ਦਿਖਾਈ ਨਹੀਂ ਦਿੰਦਾ। ਇਟਲੀ ਵਿਚ ਏਕਤਾ ਨਹੀਂ ਸੀ, ਉਸ ਦੇ ਲੋਕਾਂ ਵਿਚ ਜਨ ਭਾਵਨਾ ਤੇ ਸਦਾਚਾਰ ਦੀ ਘਾਟ ਸੀ, ਇਸ ਕਰਕੇ ਉਹ ਆਪਣੇ ਸਮੇਂ ਦੀਆਂ ਇਟਲੀ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖਕੇ ਰਾਜਤੰਤਰੀ ਪ੍ਰਣਾਲੀ ਨੂੰ ਸਭ ਤੋਂ ਉੱਤਮ ਮੰਨਦਾ ਹੈ। ਕੌਟਲਿਆ ਨੇ ਰਾਜਤੰਤਰ ਨੂੰ ਉੱਚਾ ਦਰਜਾ ਦਿੱਤਾ ਅਤੇ ਆਮ ਤੌਰ ਤੇ ਗਣਤੰਤਰੀ ਪ੍ਰਣਾਲੀ ਨਾਲੋਂ ਤਰਜੀਹ ਦਿੱਤੀ, ਜਦ ਕਿ ਮੈਕਾਇਵਲੀ ਜਿਥੇ ਗਣਤੰਤਰ ਪ੍ਰਣਾਲੀ ਨੂੰ ਸਥਾਪਿਤ ਕਰਨ ਦੀਆਂ ਹਾਲਤਾਂ ਅਨੁਕੂਲ ਨਹੀਂ ਸਨ। ਕੌਟਲਿਆ ਤੇ ਮੈਕਾਇਵਲੀ ਦੇ ਵਿਚਾਰਾਂ ਵਿਚ ਇਹ ਇਕ ਬੁਨਿਆਦੀ ਅੰਤਰ ਹੈ।

## SUGGESTED READINGS

A.S. Altekar : State and Government in Ancient India

J.J. Anjaria : Nature and Growth of Political Obligation in Hindu State

U.N. Ghoshal : A History of Indian Political Ideas

K.P. Jayaswal : Hindu Polity

P.E. Pargiter : Ancient Indian Historical Tradition

Kautlya : Arthashastra

Beni Prasad : Theory of Government in Ancient India

J.P. Suda : Ancient Indian Political Thought and Institutions

N.C. Bandhopadhaya: Kautilya

R.Shamasastry : Kautilya's Arthashastra

**ਪਾਠ ਨੰਬਰ : 2.6**

# ਗੁਰੂ ਨਾਨਕ ਦੇਵ ਜੀ ਦੇ ਰਾਜਨੀਤਿਕ ਅਤੇ ਸਮਾਜਿਕ ਵਿਚਾਰ

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਮੁੱਖ ਰੂਪ ਵਿਚ ਰੱਬੀ ਚੇਤੰਨਤਾ ਤੇ ਭਗਤੀ ਤੇ ਕੇਂਦਰਿਤ ਹੋਣ ਦੇ ਬਾਵਜੂਦ ਵੀ ਇਹਨਾਂ ਦੀ ਅਪੀਲ ਕੇਵਲ ਇਹਨਾਂ ਪੱਖਾਂ ਤੱਕ ਸੀਮਿਤ ਨਹੀਂ। ਉਹ ਆਪਣੀ ਬਾਣੀ ਵਿਚ ਮਨੁੱਖ ਦੇ ਸਮਾਜਿਕ ਕਰਤੱਵ ਦਾ ਵਰਣਨ ਬੜੇ ਜ਼ੋਰਦਾਰ ਸ਼ਬਦਾਂ ਵਿਚ ਅਤੇ ਵਾਰ-ਵਾਰ ਕਰਦੇ ਹਨ। ਤਿਆਗ, ਪੂਜਾ, ਪਾਠ ਅਤੇ ਇਕ ਅਤੇ ਸਵੈ ਕੇਂਦਰਿਤ ਹੋਣਾ ਭਾਰਤ ਦੇ ਧਾਰਮਿਕ ਜੀਵਨ ਦਾ ਪਰੰਪਰਾਵਾਦੀ ਸਰੂਪ ਹੈ। ਇਕ ਧਾਰਮਿਕ ਵਿਅਕਤੀ ਜਾਂ ਗੁਰੂ ਵਜੋਂ ਸਤਿਕਾਰ ਪ੍ਰਾਪਤ ਕਰਨ ਲਈ ਇਕ ਵਿਅਕਤੀ ਕੋਲੋਂ ਮੁੱਖ ਤੌਰ ਤੇ ਇਹੋ ਆਸ ਕੀਤੀ ਜਾਂਦੀ ਸੀ ਕਿ ਉਹ ਸੰਸਾਰ ਤਿਆਗ ਕੇ ਤੇ ਜੀਵਨ ਦੇ ਸਾਰੇ ਬੰਧਨਾਂ ਨੂੰ ਤੋੜ ਕੇ ਦੁਨਿਆਵੀ ਸ਼ੋਰ ਸ਼ਰਾਬੇ ਤੋਂ ਦੂਰ ਕਿਸੇ ਘਣੇ ਜੰਗਲ ਜਾਂ ਗੁਫਾ ਵਿਚ ਨਿਵਾਸ ਕਰ ਲਵੇ। ਸਮਾਜ ਪ੍ਰਤੀ ਉਸ ਦੁਆਰਾ ਆਪਣੇ ਕਰਤੱਵਾਂ ਦੀ ਪਾਲਣਾ ਨਾ ਕਰਨ ਨੂੰ ਇਤਰਾਜ਼ਯੋਗ ਨਹੀਂ ਸੀ ਮੰਨਿਆ ਜਾਂਦਾ, ਸਗੋਂ ਜਿੰਨਾ ਜ਼ਿਆਦਾ ਤਿਆਗ ਤੇ ਤਪ ਕੋਈ (ਸਾਧੂ, ਮਹਾਤਮਾ ਜਾਂ ਜੋਗੀ) ਕਰਦਾ, ਉਨਾ ਜ਼ਿਆਦਾ ਉਸਦਾ ਆਦਰ ਤੇ ਪੂਜਾ ਕੀਤੀ ਜਾਂਦੀ।

ਗੁਰੂ ਨਾਨਕ ਦੇਵ (1469-1539) ਨੇ ਅਜਿਹੇ ਧਾਰਮਿਕ ਜੀਵਨ ਨੂੰ ਜੋ ਮਨੁੱਖ ਨੂੰ ਸਮਾਜ ਪ੍ਰਤੀ ਕਰਤੱਵਾਂ ਵਲੋਂ ਅਵੇਸਲਾ ਕਰੇ ਧਾਰਮਿਕ ਜੀਵਨ ਦੀ ਮਹਾਨਤਾ ਨੂੰ ਖੋਹ ਲੈਣ ਦੇ ਬਰਾਬਰ ਮੰਨਿਆ। ਇਸੇ ਤਰ੍ਹਾਂ ਉਹਨਾਂ ਸਾਡੇ ਜੀਵਨ ਨਾਲ ਜੁੜੀ ਇਕ ਹੋਰ ਬਹੁਤ ਪੁਰਾਣੀ ਪਰੰਪਰਾ ਭੀਖ ਮੰਗਣ ਦੀ ਵੀ ਨਿਖੇਧੀ ਕੀਤੀ ਅਤੇ ਧਾਰਮਿਕ ਗੁਰੂਆਂ ਨੂੰ ਆਪਣੇ ਜੀਵਨ ਨਿਰਬਾਹ ਲਈ ਕੋਈ ਅਜਿਹਾ ਉਪਯੋਗੀ ਕਾਰਜ ਕਰਨ ਲਈ ਪ੍ਰੇਰਿਆ ਜਿਸ ਰਾਹੀਂ ਉਹ ਆਪਣੀ ਰੋਜ਼ੀ ਕਮਾ ਸਕਣ। ਇਹੀ ਨਹੀਂ ਸਗੋਂ ਉਹਨਾਂ ਇਹ ਵੀ ਕਿਹਾ ਕਿ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਉਪਰੰਤ ਜੇ ਕੋਈ ਕੁੱਝ ਬਚਾ ਸਕਦਾ ਹੈ ਤਾਂ ਉਹੋ ਹੋਰਨਾਂ ਵਿਚ ਵੰਡ ਦੇਵੇ। ਅਜਿਹੇ ਜੀਵਨ ਢੰਗ ਦੀ ਸ਼ਲਾਘਾ ਕਰਦੇ ਹੋਏ ਗੁਰੂ ਸਾਹਿਬ ਫਰਮਾਉਂਦੇ ਹਨ :

ਘਾਲਿ ਖਾਇ ਕੁਝ ਹਥੋਂ ਦੇਇ,
ਨਾਨਕ ਰਾਹ ਪਛਾਣੇ ਸੇਇ।।

ਸਿੱਖਾਂ ਦੇ ਧਾਰਮਿਕ ਗ੍ਰੰਥ ਸ੍ਰੀ ਗ੍ਰੰਥ ਸਾਹਿਬ ਵਿਚ ਅਨੇਕਾਂ ਥਾਵਾਂ ਤੇ ਗੁਰੂ ਨਾਨਕ ਦੇਵ ਜੀ ਦੇ ਅਜਿਹੇ ਵਿਚਾਰ ਮਿਲਦੇ ਹਨ। ਉਹਨਾਂ ਨੇ ਧਰਮ ਦੇ ਉਹਨਾਂ ਠੇਕੇਦਾਰਾਂ ਤੇ ਦਾਅਵੇਦਾਰਾਂ ਨੂੰ ਫਿਟਕਾਰ ਪਾਈ ਜੋ ਆਪਣੇ ਬੱਚਿਆਂ ਤੇ ਪਰਿਵਾਰ ਦੇ ਹੋਰ ਆਸ਼੍ਰਿਤ ਲੋਕਾਂ ਦੇ ਜੀਵਨ ਨਿਰਬਾਹ ਦਾ ਕੋਈ ਵੀ ਪ੍ਰਬੰਧ ਕੀਤੇ ਬਗੈਰ ਸੰਸਾਰ ਤਿਆਗ ਕੇ ਪੂਰਾ ਕਰਨਾ ਵੀ ਉਨਾਂ ਹੀ ਜ਼ਰੂਰੀ ਹੈ, ਜਿੰਨਾ ਕਿ ਰੱਬੀ ਸੰਦੇਸ਼ ਨੂੰ ਸੁਣਨਾ। ਸਮਾਜ ਤੇ ਪਰਿਵਾਰ ਪ੍ਰਤੀ ਆਪਣੇ ਕਰਤੱਵਾਂ ਵੱਲੋਂ ਮੂੰਹ ਮੁੜਨਾ ਉਹ ਠੀਕ ਨਹੀਂ ਸਨ ਮੰਨਦੇ। ਇਸ ਲਈ ਲਗਭਗ 30 ਸਾਲ ਭਾਰਤ ਦੇ ਵੱਖ ਵੱਖ ਹਿੱਸਿਆਂ ਤੇ ਵਿਦੇਸ਼ਾਂ ਵਿਚ ਆਪਣੇ ਸੰਦੇਸ਼ ਦਾ ਪ੍ਰਚਾਰ ਕਰਨ ਤੋਂ ਬਾਅਦ ਗੁਰੂ ਸਾਹਿਬ ਫਕੀਰੀ ਬਾਣਾ ਤਿਆਗ ਕੇ, ਮੌਜੂਦਾ ਗੁਰਦਾਸਪੁਰ ਜ਼ਿਲ੍ਹੇ ਵਿਚ ਰਾਵੀ ਦੇ ਕਿਨਾਰੇ, ਜ਼ਮੀਨ ਦੇ ਇਕ ਛੋਟੇ ਜਿਹੇ ਟੁਕੜੇ ਤੇ ਵੱਸ ਗਏ। ਆਪਣੇ ਜੀਵਨ ਦੇ ਇਹਨਾਂ ਆਖਰੀ

ਸਾਲਾਂ ਵਿਚ ਉਹਨਾਂ ਆਪਣੇ ਪਰਿਵਾਰ ਦੇ ਲੋਕਾਂ, ਕੁੱਝ ਕਾਮਿਆਂ ਤੇ ਆਪਣੇ ਅਨੁਯਾਈਆਂ ਨਾਲ ਮਿਲ ਕੇ ਫਸਲ ਉਗਾਈ। ਇਸ ਛੋਟੀ ਜਿਹੀ ਨਗਰੀ ਜਾਂ ਆਸ਼ਰਮ ਦੇ ਲੋਕ ਧਾਰਮਿਕ ਜੀਵਨ ਬਤੀਤ ਕਰਦੇ ਸਨ, ਆਪਣੀ ਜੀਵਿਕਾ ਕਮਾਉਣ ਲਈ ਕੰਮ ਕਰਦੇ ਸਨ ਅਤੇ ਹਰ ਆਏ ਗਏ ਲੋੜਵੰਦ ਨੂੰ ਭੋਜਨ ਦੇਣ ਲਈ ਆਪਣੇ ਆਸ਼ਰਮ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰੱਖਦੇ ਸਨ। ਇਹੀ ਜੀਵਨ ਜਾਂਚ ਸੀ ਜਿਸਦੀ ਗੁਰੂ ਸਾਹਿਬ ਨੇ ਹਮੇਸ਼ਾਂ ਤਾਕੀਦ ਕੀਤੀ ਸੀ, ਇਹੀ ਪਰੰਪਰਾ ਸਿੱਖ ਧਰਮ ਦੇ ਅਨੁਯਾਈਆਂ ਦੇ ਜੀਵਨ ਦਾ ਇਕ ਅਟੁੱਟ ਅੰਗ ਬਣ ਗਈ ਅਤੇ ਇਸ ਨੂੰ ਅੱਜ ਤੱਕ ਮੰਨਿਆ ਜਾਂਦਾ ਹੈ।

ਧਾਰਮਿਕ ਜੀਵਨ ਦਾ ਜਿਹੜਾ ਇਕ ਜ਼ਰੂਰੀ ਤੱਤ ਅਪਨਾਉਣ ਲਈ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਪ੍ਰੇਰਿਤ ਕੀਤਾ ਉਸ ਨੂੰ ਸਿੱਖ ਪਰੰਪਰਾ ਵਿਚ ਸੇਵਾ ਵਜੋਂ ਜਾਣਿਆ ਜਾਂਦਾ ਹੈ। ਸੇਵਾ ਨਾਂ ਤਾਂ ਪੈਸੇ ਜਾਂ ਉਜਰਤ ਲੈ ਕੇ ਕੰਮ ਕਰਦਾ ਹੈ ਤੈ ਨਾ ਹੀ ਅਮੀਰਾਂ ਤੇ ਸ਼ਕਤੀਸ਼ਾਲੀ ਲਈ ਬੇਗਾਰ ਜਾਂ ਬਿਨਾਂ ਪੈਸੇ ਲਈ ਦਬਾਉ ਹੇਠ ਆ ਕੇ ਕੰਮ ਕਰਨਾ ਸੀ। ਇਹ ਤਾਂ ਆਪਣੇ ਸਾਥੀ ਜੀਵਾਂ ਲਈ ਪਿਆਰ ਤੇ ਸਤਿਕਾਰ ਦੀ ਭਾਵਨਾ ਨਾਲ ਕੰਮ ਕਰਨਾ ਹੈ ਭਾਵੇਂ ਉਹ ਕਿੰਨੇ ਵੀ ਗਰੀਬ ਜਾਂ ਨਿਮਾਣੇ ਕਿਉਂ ਨਾ ਹੋਣ। ਸਿੱਖ ਧਰਮ ਅਨੁਸਾਰ ਹਰ ਸਿੱਖ ਲਈ ਕਿਸੇ ਨਾ ਕਿਸੇ ਤਰ੍ਹਾਂ ਸੇਵਾ ਕਰਨੀ ਜ਼ਰੂਰੀ ਹੈ ਭਾਵੇਂ ਉਹ ਕਿੰਨਾ ਹੀ ਉੱਚਾ ਜਾਂ ਨੀਵਾਂ, ਵੱਡਾ ਜਾਂ ਛੋਟਾ ਕਿਉਂ ਨਾ ਹੋਵੇ। ਕੋਈ ਸਮੁਦਾਇ ਦੇ ਲੰਗਰ ਵਿਚ ਰੋਟੀ ਪਕਾਏ, ਲੰਗਰ ਦੀ ਲਕੜੀ ਜਾਂ ਪਾਣੀ ਲਿਆਵੇ, ਅੰਨ ਪੀਹਵੇ ਜਾਂ ਜੂਠੇ ਭਾਂਡੇ ਸਾਫ ਕਰੇ। ਜੁੱਤੀਆਂ ਝਾੜੇ ਜਾਂ ਗਰਮੀ ਦੀ ਮੌਸਮ ਵਿਚ ਪੱਖਾਂ ਝੱਲੇ, ਭਾਵ ਸੇਵਾ ਦਾ ਰੂਪ ਕੁਝ ਵੀ ਹੋ ਸਕਦਾ ਹੈ। ਜਰੂਰੀ ਇਹੀ ਹੈ ਕਿ ਸਾਰੀ ਸੇਵਾ ਨਿਮਰਤਾ ਤੇ ਭਗਤੀ ਭਾਵ ਨਾਲ ਕੀਤੀ ਜਾਣੀ ਚਾਹੀਦੀ ਹੈ ਤੇ ਸੇਵਾ ਕਰਨ ਵਾਲੇ ਵਿਚ ਗਰੀਬਾਂ ਪ੍ਰਤੀ ਘ੍ਰਿਣਾ ਦੀ ਭਾਵਨਾ ਨਾ ਹੋਵੇ। ਸਿੱਖ ਧਰਮ ਅਨੁਸਾਰ ਸੇਵਾ ਸਮਾਜਿਕ ਕਰਤੱਵਾਂ ਦੀ ਪਾਲਣਾ ਵੱਲ ਪਹਿਲਾ ਕਦਮ ਹੈ ਅਤੇ ਧਾਰਮਿਕ ਜੀਵਨ ਦਾ ਇਕ ਅਤਿ ਆਵਸ਼ਕ ਅੰਗ ਵੀ। ਇਹੀ ਕਾਰਨ ਹੈ ਕਿ ਲਗਭਗ ਹਰ ਸਿੱਖ ਗੁਰਦੁਆਰੇ ਨਾਲ ਯਾਤਰੀਆਂ ਲਈ ਲੰਗਰ ਤੇ ਆਰਾਮ ਘਰ ਦਾ ਇੰਤਜ਼ਾਮ ਹੁੰਦਾ ਹੈ। ਇਹਨਾਂ ਸੰਸਥਾਵਾਂ ਨੂੰ ਜਿਹਨਾਂ ਨਾਲ ਕਈ ਵਾਰ ਸਕੂਲ ਤੇ ਹੋਰ ਅਜਿਹੀਆਂ ਕਈਆਂ ਸੇਵਾ ਵਾਲੀਆਂ ਸੰਸਥਾਵਾਂ ਜੁੜੀਆਂ ਹੁੰਦੀਆਂ ਹਨ, ਸ਼ਰਧਾਲੂਆਂ ਦੀ ਮਿਹਨਤ ਸਦਕਾ ਹੀ ਮਾਲੀ ਯੋਗਦਾਨ ਦੁਆਰਾ ਚਲਾਇਆ ਜਾਂਦਾ ਹੈ। ਸੇਵਾ ਦੀ ਇਕ ਹੋਰ ਉਦਾਹਰਣ ਗੁਰਦੁਆਰਿਆਂ ਦੇ ਸਰੋਵਰਾਂ ਵਿਚੋਂ ਗਾਰ ਕੱਢਣ ਦੀ ਹੈ ਜਿਸ ਨੂੰ ਕਿ ਕਾਰ ਸੇਵਾ ਕਿਹਾ ਜਾਂਦਾ ਹੈ। ਮਿਸ਼ਨ ਵਲੋਂ ਜਦ ਵੀ ਅੰਮ੍ਰਿਤਸਰ ਵਿਖੇ ਸਥਿਤ ਮਹਾਨ ਤੀਰਥ ਅਸਥਾਨ ਦੁਰਾਡੇ ਤੋਂ ਆ ਕੇ ਬੜੀ ਸ਼ਰਧਾ ਭਾਵ ਨਾਲ ਇਸ ਵਿਚ ਸ਼ਾਮਲ ਹੁੰਦੇ ਹਨ। ਕੁੱਝ ਲੋਕ ਸਰੋਵਰ ਵਿਚੋਂ ਗਾਰਾ ਬਾਹਰ ਕੱਢਦੇ ਹਨ ਜਦ ਕਿ ਕੁੱਝ ਹੋਰ ਲੋਕ ਗਾਰੇ ਟ੍ਰਾਂਸਪੋਰਟ ਰਾਹੀਂ ਦੂਰ ਸੁੱਟ ਆਉਣ ਦਾ ਪ੍ਰਬੰਧ ਕਰਦੇ ਹਨ। ਇਹੀ ਨਹੀਂ, ਕਾਰ ਸੇਵਾ ਕਰ ਰਹੇ ਸ਼ਰਧਾਲੂਆਂ ਲਈ ਲੰਗਰ ਆਦਿ ਦਾ ਪ੍ਰਬੰਧ ਵੀ ਸਵੈ ਇੱਛਿਤ ਹੈ ਬਿਨਾਂ ਇਕ ਪੈਸਾ ਖਰਚੇ ਬਿਨਾਂ ਹੋ ਜਾਂਦਾ ਹੈ। ਸੇਵਾ ਹੀ ਸਿੱਖ ਧਰਮ ਅਨੁਸਾਰ ਸਮਾਜਿਕ ਕਰਤੱਵ ਦੀ ਧਾਰਣਾ ਹੈ ਤੇ ਇਨ੍ਹਾਂ ਦੀ ਆਧਾਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਉਹ ਫਰਮਾਉਂਦੇ ਹਨ:

ਸਚਿ ਸਿਮਰਿਐ ਹੋਵੈ ਪਰਗਾਸੁ
ਤਾ ਤੇ ਬਿਖਿਆ ਮਹਿ ਰਹੇ ਉਦਾਸੁ ।।
ਸਤਿਗੁਰੂ ਕੀ ਐਸੀ ਵਡਿਆਈ ।।
ਪੁਤ੍ਰ ਕਲਤ੍ਰ ਵਿਚ ਗਤਿ ਪਾਈ ।। (ਧਨਾਸਰੀ, ਪੰਨਾ 661)

ਭਾਵ ਨਾਮ ਸਿਮਰਨ ਤੇ ਸੱਚੇ ਜੀਵਨ ਰਾਹੀਂ ਮਨੁੱਖ ਆਪਣੇ ਸਮਾਜਿਕ ਕਰਤੱਵ ਨਿਭਾਉਂਦਾ ਹੋਇਆ ਅਤੇ ਪਰਿਵਾਰ ਵਿਚ ਰਹਿ ਕੇ ਵੀ ਪ੍ਰਮਾਤਮਾ ਨੂੰ ਪਾ ਸਕਦਾ ਹੈ। ਜਾਂ

ਜੇਤੇ ਜੀਅ ਤੇਤੇ ਸਭੁ ਤੇਰੇ
ਵਿਣੁ ਸੇਵਾ ਫਲੁ ਕਿਸੇ ਨਾਹੀਂ ।। (ਆਸਾ, ਪੰਨਾ 354)

ਜਾਂ

ਜੰਗਮ, ਜਧ ਜਤੀ ਸੰਨਿਆਸੀ ਗੁਰਿਤ ਪੂਰੇ ਵੀਚਾਰੀ
ਬਿਨ ਸੇਵਾ ਫਲੁ ਕਬਹੁ ਨਾ ਪਾਵਿਸ ਸੇਵਾ ਕਰਣੀ ਸਾਰੀ ।।

ਜੋਗੀ, ਜਤੀ ਸੰਨਿਆਸੀ ਭਾਵੇਂ ਕਿੰਨਾਂ ਹੀ ਤਪ ਕਿਉਂ ਨਾ ਕਰ ਲੈਣ, ਪਰ ਅਰਪਿਤ ਸਮਾਜਿਕ ਸੇਵਾ ਬਗੈਰ ਕੋਈ ਫਲ ਨਹੀਂ ਮਿਲ ਸਕਦਾ।

ਉਪਰੋਕਤ ਵਿਚਾਰ ਨੂੰ ਹੋਰ ਸਪੱਸ਼ਟ ਕਰਨ ਲਈ ਅਸੀਂ ਗੁਰੂ ਸਾਹਿਬ ਦੇ ਜੀਵਨ ਦੀ ਇਕ ਘਟਨਾ ਦਾ ਹਵਲਾ ਦਿੰਦੇ ਹਾਂ। ਆਪਣੀ ਅਦੁੱਤੀ ਸੋਚ ਦਾ ਪ੍ਰਕਾਸ਼ ਫੈਲਾਉਣ ਦੇ ਉਦੇਸ਼ ਨਾਲ ਕੀਤੀਆਂ ਯਾਤਰਾਵਾਂ ਦੇ ਦੌਰਾਨ ਇਕ ਵਾਰ ਉਹ ਉੱਤਰ ਪ੍ਰਦੇਸ਼ ਵਿਚ ਪੀਲੀ ਭੀਤ ਕੋਲ ਉਪਰ ਪਹਾੜਾਂ ਵਿਚ ਇਕ ਯੋਗਿਕ ਕੇਂਦਰ ਵਿਚ ਜਾ ਪਹੁੰਚੇ। ਇਸ ਕੇਂਦਰ ਦਾ ਨਾਂ ਯੋਗੀਆਂ ਨੇ ਆਪਣੇ ਗੁਰੂ ਗੋਰਖ ਨਾਥ ਦੇ ਨਾਂ ਦਾ ਮੱਤਾ ਰੱਖਿਆ ਹੋਇਆ ਸੀ। ਯੋਗੀਆਂ ਨੇ ਗੁਰੂ ਨਾਨਕ ਨੂੰ ਪ੍ਰਭਾਵਿਤ ਤੇ ਹੈਰਾਨ ਕਰਨ ਦੇ ਮੰਤਵ ਲਈ ਕਈ ਸਾਰੇ ਚਮਤਕਾਰ ਦਿਖਾਏ ਜਿਵੇਂ ਹਨੇਰੀ ਝੁਲਾਉਣਾ ਤੇ ਡਰਦੇ ਦ੍ਰਿਸ਼ ਪੈਦਾ ਕਰਨਾ ਆਦਿ। ਇਸ ਸਾਰੇ ਪ੍ਰਦਰਸ਼ਨ ਦੇ ਦੌਰਾਨ ਗੁਰੂ ਨਾਨਕ ਚੁੱਪ ਚਾਪ ਤੇ ਅਡੋਲ ਬੈਠੇ ਰਹੇ ਕਿਉਂਕਿ ਉਹ ਅਜਿਹੇ ਕਰਤੱਵਾਂ ਤੇ ਚਮਤਕਾਰਾਂ ਨੂੰ ਕੋਈ ਮਹੱਤਵ ਨਹੀਂ ਸਨ ਦਿੰਦੇ ਜਿਹਨਾਂ ਦਾ ਨਾ ਤਾਂ ਮਨੁੱਖਾਂ ਦੀ ਸੇਵਾ ਤੇ ਉਦਾਰ ਨਾਲ ਤੇ ਨਾ ਹੀ ਨਿੱਜੀ ਜੀਵਨ ਦਾ ਸ਼ੁੱਧਤਾ ਨਾਲ ਹੀ ਕੋਈ ਸੰਬੰਧ ਸੀ। ਬਾਅਦ ਵਿਚ ਉਹਨਾਂ ਯੋਗੀਆਂ ਨੇ ਜਦੋਂ ਹੇਠਲੇ ਇਲਾਕੇ ਵਿਚ ਰਹਿੰਦੇ ਲੋਕਾਂ ਦੀ ਦਸ਼ਾ ਬਾਰੇ ਪੁੱਛਿਆ ਤਾਂ ਗੁਰੂ ਸਾਹਿਬ ਜੋ ਰਾਜਿਆਂ ਦੇ ਜ਼ੁਲਮ, ਧਰਮ ਦੇ ਠੇਕੇਦਾਰਾਂ ਦੀ ਬੇਈਮਾਨੀ ਤੇ ਆਮ ਜਨਤਾ ਦੀਆਂ ਸਮੱਸਿਆਵਾਂ ਬਾਰੇ ਲੋਕਾਂ ਦੀ ਲਾਪਰਵਾਹੀ ਤੇ ਅਗਿਆਨਤਾ ਪ੍ਰਤੀ ਬਹੁਤ ਸੰਵੇਦਨਸ਼ੀਲ ਸਨ। ਇਨ੍ਹਾਂ ਯੋਗੀਆਂ ਦੀ ਮਾਨਵਤਾ ਪ੍ਰਤੀ ਅਗਿਆਨਤਾ ਦੇਖ ਬਹੁਤ ਨਿਰਾਸ਼ ਤੇ ਦੁਖੀ ਹੋਏ। ਯੋਗੀਆਂ ਨੂੰ ਸੰਬੋਧਿਤ ਕਰਦਿਆਂ ਉਹਨਾਂ ਕਿਹਾ, ''ਮੈਂ ਸੱਚ ਤੇ ਨੇਕ ਨੀਤੀ ਦੀ ਭਾਲ ਵਿਚ ਸਾਰੀ ਦੁਨੀਆਂ ਗਾਹੀ ਹੈ, ਪਰ ਮੈਨੂੰ ਇਹ ਕਿਧਰੇ ਵੀ ਦਿਖਾਈ ਨਹੀਂ ਦਿੱਤੀ। ਕਿੰਨੇ ਅਫਸੋਸ ਦੀ ਗੱਲ ਹੈ ਤੁਹਾਡੇ ਵਰਗੇ ਨੇਕ, ਸੱਚੇ ਤੇ ਲੋਕ ਮਾਨਵ ਜਾਤੀ ਤੋਂ ਦੂਰ ਇਥੇ ਪਹਾੜਾਂ ਤੇ ਗੁਫਾਵਾਂ ਵਿਚ ਆ ਵਸੇ ਹਨ। ਜਿਨ੍ਹਾਂ ਪੁਜਾਰੀਆਂ ਤੇ ਯੋਗੀਆਂ ਨਾਲ ਆਮ ਲੋਕਾਂ ਦਾ ਵਾਹ ਪੈਂਦਾ ਹੈ ਉਹ ਢੌਂਗੀ ਹਨ। ਧਰਮ ਬਾਰੇ ਉਹ ਕੁੱਝ ਨਹੀਂ ਜਾਣਦੇ ਆਪਣੇ ਅੰਗਾਂ ਨੂੰ ਸਵਾਹ ਮਲਣ ਵਰਗੇ ਸੰਸਕਾਰਾਂ ਨੂੰ ਹੀ ਉਹ ਧਰਮ ਮੰਨ ਬੈਠੇ ਹਨ। ਮੈਨੂੰ ਇਸ ਗੱਲ ਦਾ ਬਹੁਤ ਦੁੱਖ ਹੈ ਕਿ ਤੁਹਾਡੇ ਵਰਗੇ ਮਹਾਨ ਸੂਝਵਾਨ ਲੋਕ ਇਥੇ ਪਹਾੜਾਂ ਵਿਚ ਛੁਪੇ ਹਨ। ਜੇ ਇਹ ਹਾਲ ਰਿਹਾ ਤਾਂ ਮਨੁੱਖਤਾਂ ਦੀ ਅਗਵਾਈ ਕੌਣ ਕਰੇਗਾ?''

ਇਸ ਤੋਂ ਬਾਅਦ ਗੁਰੂ ਨਾਨਕ ਤੇ ਯੋਗੀਆਂ ਵਿਚ ਵਾਦ ਵਿਵਾਦ ਹੋਇਆ। ਜਿਸ ਵਿਚ ਗੁਰੂ ਸਾਹਿਬ ਨੂੰ ਮਨੁੱਖਤਾ ਦੀ ਸੇਵਾ ਅਤੇ ਅਗਵਾਈ ਕਰਨ ਨੂੰ ਧਾਰਮਿਕ ਜੀਵਨ ਦਾ ਇਕ ਲਾਜ਼ਮੀ ਅੰਗ ਦੱਸਿਆ। ਉਹਨਾਂ ਅਨੁਸਾਰ ਮਾਨਵ ਸਮਾਜ ਦੀ ਸੇਵਾ ਤੋ ਬਿਨਾਂ ਧਰਮ ਅਧਰਮ ਅਤੇ ਅਪੂਰਣ ਹੈ। ਧਰਮ ਅਧੀਨ ਅੰਤਰ-ਮੁਖੀ ਤੇ ਸਵੈ ਕੇਂਦਰਿਤ ਹੋਣਾ ਉਹ ਠੀਕ ਨਹੀਂ ਸਨ ਮੰਨਦੇ। ਸੱਚੇ ਅਰਥਾਂ ਵਿਚ ਧਾਰਮਿਕ ਬੰਦੇ

ਲਈ ਆਪਣੇ ਸਾਥੀ ਸਜੀਵਾਂ ਨੂੰ ਚੰਗੇਰਾ ਤੇ ਭਰਪੂਰ ਬਣਾਉਣਾ ਲਾਜ਼ਮੀ ਹੈ। ਅਜਿਹਾ ਉਹ ਗਿਆਨ ਦੀ ਰੋਸ਼ਨੀ ਫੈਲਾ ਕੇ ਉਹਨਾਂ ਦੀ ਉੱਨਤੀ ਲਈ ਕੰਮ ਕਰਕੇ ਹੀ ਕਰ ਸਕਦਾ ਹੈ। ਗੁਰੂ ਨਾਨਕ ਦਾ ਇਹ ਸੰਦੇਸ਼ ਮਹਾਤਮਾ ਬੁੱਧ ਦੇ ਸੰਦੇਸ਼ ਵਰਗਾ ਹੀ ਸੀ, ਜਿਹਨਾਂ ਨੇ ਆਪਣੇ ਅਨੁਆਈਆਂ ਨੂੰ ਇਹੀ ਉਪਦੇਸ਼ ਦਿੱਤਾ ਕਿ ''ਅਰਪਣ ਕਰੋ ਤੇ ਮੁਕਤ ਹੋ ਜਾਵੋ।''

(Deliver and be delivered.)

ਗੁਰੂ ਨਾਨਕ ਨੇ ਆਪਣੇ ਸਮੇਂ ਦੀਆਂ ਮੁੱਖ ਬੁਰਾਈਆਂ ਦਾ ਡੱਟ ਕੇ ਵਿਰੋਧ ਕੀਤਾ। ਪਹਿਲੀ ਬੁਰਾਈ ਸੰਪਰਦਾਇਕ ਘ੍ਰਿਣਾਂ ਤੇ ਵਿਰੋਧ ਦੀ ਭਾਵਨਾ ਸੀ। ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਸਾਹਿਬ ਅਜੋਕੇ ਕਪੂਰਥਲਾ ਦੇ ਇਕ ਸਥਾਨ ਸੁਲਤਾਨਪੁਰ ਵਿਖੇ ਆਪਣੀ ਪਰਮ ਆਨੰਦ ਵਾਲੀ ਅਵਸਥਾ ਵਿਚੋਂ ਬਾਹਰ ਆਏ ਤਾਂ ਸਭ ਤੋਂ ਪਹਿਲੇ ਸ਼ਬਦ ਜੋ ਉਹਨਾਂ ਨੇ ਉਚਾਰੇ ਉਹ ਸਨ :

ਨਾ ਕੋ ਹਿੰਦੂ, ਨਾ ਕੋ ਮੁਸਲਮਾਨ

ਇਸ ਉਚਾਰਨ ਤੋਂ ਭਾਵ ਇਹ ਹੈ ਕਿ ਹਿੰਦੂ ਤੇ ਮੁਸਲਮਾਨਾਂ ਵਿਚ ਕੋਈ ਫਰਕ ਨਹੀਂ ਸਾਰੇ ਭੇਦ ਭਾਵ ਮਨੁੱਖ ਦੇ ਆਪਣੇ ਬਣਾਏ ਹੋਏ ਹਨ। ਪਰਮਾਤਮਾ ਦੀਆਂ ਨਜ਼ਰਾਂ ਵਿਚ ਸਭ ਸਮਾਨ ਹਨ ਤੇ ਉਸਦੇ ਦਰਬਾਰ ਵਿਚ ਜਨਮ ਦਾ ਨਹੀਂ ਸਗੋਂ ਕਰਮਾਂ ਦਾ ਲੇਖਾ ਮੰਗਿਆ ਜਾਵੇਗਾ। ਸੱਚਾ ਧਰਮ ਉਹ ਹੈ ਜੋ ਮਨੁੱਖਾਂ ਦਾ ਪਰਮਾਤਮਾ ਨਾਲ ਮੇਲ ਕਰਵਾਉਂਦਾ ਹੈ ਤੇ ਉਸਨੂੰ ਸੱਚੇ ਜੀਵਨ ਵੱਲ ਪ੍ਰੇਰਿਤ ਕਰਦਾ ਹੈ। ਇਸੇ ਲਈ ਉਨ੍ਹਾਂ ਹਿੰਦੂਆਂ ਤੇ ਅਭਿਆਸ ਅਤੇ ਕੱਟੜ ਧਰਮੀਆਂ ਦੇ ਝੂਠੇ ਦਿਖਾਵੇ ਛੱਡ ਦੇਣ ਲਈ ਕਿਹਾ 'ਛੋਡੀਲੇ ਪਾਖੰਡਾਂ' ਉਹਨਾਂ ਨੇ ਕਿਹਾ, ਭਾਵ ਪਖੰਡ ਜਾਂ ਝੂਠ ਦਿਖਾਵੇ ਛੱਡ ਦਿਓ। ਹਿੰਦੂ ਧਰਮ ਤੇ ਇਸਲਾਮ ਵਿਚਲੇ ਧਾਰਮਿਕ ਫਰਕ ਬਾਰੇ ਉਹਨਾਂ ਕਿਹਾ, ਕਿ ਅਸਲ ਵਿਚ ਇਹ ਦੋਵੇਂ ਪਰਮਾਤਮਾ ਤੱਕ ਪਹੁੰਚਣ ਦੇ ਦੋ ਵੱਖ ਵੱਖ ਰਾਹ ਮਾਤਰ ਹਨ। ਜਿਹੜਾ ਇਸ ਤੱਥ ਜਾਂ ਸੱਚਾਈ ਨੂੰ ਸਮਝ ਲੈਂਦਾ ਹੈ ਉਹ ਪਰਮਾਤਮਾ ਦੇ ਦਰ ਤੇ ਕਬੂਲ ਹੈ ਤੇ ਜੋ ਇਸ ਤੋਂ ਉਲਟ ਸੋਚਦਾ ਹੈ ਉਹ ਨਰਕ ਦੀ ਅੱਗ ਵਿਚ ਸੜੇਗਾ।

ਨੈਤਿਕ ਜੀਵਨ ਜਾਂਚ ਨੂੰ ਗੁਰੂ ਸਾਹਿਬ ਨੇ ਧਾਰਮਿਕ ਜੀਵਨ ਦਾ ਇਕ ਮਹੱਤਵਪੂਰਣ ਅੰਗ ਮੰਨਿਆ ਹੈ। ਨੈਤਿਕਤਾ ਤੋਂ ਬਗੈਰ ਧਰਮ ਇਕ ਦਿਖਾਵਾ ਮਾਤਰ ਤੇ ਖੋਖਲਾ ਹੈ। ਇਸ ਤੱਥ ਨੂੰ ਸਪੱਸ਼ਟ ਕਰਨ ਲਈ ਉਹਨਾਂ ਭਾਰਤ ਵਿਚ ਪ੍ਰਚਲਿਤ ਮੱਤਾਂ ਤੇ ਸੰਪਰਦਾਇਆਂ ਦੀਆਂ ਧਾਰਮਿਕ ਰੀਤੀਆਂ ਦੀ ਉਦਾਹਰਣ ਦਿੱਤੀ। ਉਦਾਹਰਣ ਵਜੋਂ ਹਿੰਦੂਆਂ ਵਿਚ ਇਕ ਪ੍ਰਮੁੱਖ ਸੰਸਕਾਰ ਜਨੇਊ ਜਾਂ ਪਵਿੱਤਰ ਧਾਗਾ ਧਾਰਨ ਕਰਨਾ ਦਾ ਹੈ, ਜੋ ਉੱਚੀਆਂ ਜਾਤਾਂ ਦੇ ਸਾਰੇ ਲੋਕਾਂ ਲਈ ਲਾਜ਼ਮੀ ਹੈ। ਜਦੋਂ ਗੁਰੂ ਸਾਹਿਬ ਨੂੰ ਜਨੇਊ ਧਾਰਨ ਲਈ ਕਿਹਾ ਗਿਆ ਉਨ੍ਹਾਂ ਨੇ ਕਿਹਾ, ''ਤੁਸੀਂ ਪਵਿੱਤਰ ਧਾਗਾ ਜਾਂ ਜਨੇਉ ਪਹਿਨਦੇ ਹੋ ਪਰ ਤੁਹਾਡਾ ਮਨ ਬੁਰੇ ਵਿਚਾਰਾਂ ਦੀ ਲਾਲਸਾ ਕਾਰਨ ਭ੍ਰਿਸ਼ਟ ਹੈ। ਕਪਾਹ ਤੋਂ ਬਣੇ ਇਸ ਧਾਗੇ ਦੀ ਥਾਂ ਸੰਜਮ, ਸੱਚ ਦਇਆ ਅਤੇ ਸਵੈ-ਕਾਬੂ ਦਾ ਧਾਗਾ ਮੈਨੂੰ ਧਾਰਨ ਕਰਵਾਉ। ਜਿਸ ਸਮਾਜ ਵਿਚ ਹਜ਼ਾਰਾਂ ਵਰ੍ਹਿਆਂ ਤੋਂ ਇਹਨਾਂ ਬਾਹਰੀ ਕਰਮਕਾਂਡਾਂ ਤੇ ਸੰਸਕਾਰਾਂ ਨੂੰ ਹੀ ਧਰਮ ਮੰਨਿਆ ਜਾ ਰਿਹਾ ਸੀ, ਉਸ ਵਿਚ ਅਜਿਹੇ ਵਿਚਾਰ ਨਿਸ਼ਚੇ ਹੀ ਕ੍ਰਾਂਤੀਕਾਰੀ (revolutionary) ਮੰਨੇ ਗਏ। ਇਸ ਤਰ੍ਹਾਂ ਗੁਰੂ ਨਾਨਕ ਦੇ ਮਾਤਰ ਛੂਹ ਨਾਂਲ ਸ਼ੁੱਧ ਜਾਂ ਅਸ਼ੁੱਧ ਹੋ ਜਾਣ ਤੇ ਵਿਚਾਰ ਦੀ ਵੀ ਨਿਖੇਧੀ ਕੀਤੀ। ਛੂਤਛਾਤ ਦੇ ਵਿਸ਼ੇ ਨਾਲ ਸੰਬੰਧਤ ਉਹਨਾਂ ਦੇ ਵਿਚਾਰਾਂ ਦੀ ਚਰਚਾ ਅਸੀਂ ਇਸੇ ਪਾਠ ਵਿਚ ਅੱਗੇ ਜਾ ਕੇ ਕਰਾਂਗੇ।

ਤੀਰਥ ਅਸਥਾਨਾਂ ਤੇ ਇਸ਼ਨਾਨ ਦੁਆਰਾ ਸ਼ੁੱਧੀ ਬਾਰੇ ਪਹਿਲੀ ਸਿੱਖਿਆ ਉਹਨਾਂ ਇਹ ਦਿੱਤੀ ਕਿ ਪਰਮਾਤਮਾ ਹੀ ਸੱਚਾ ਹੈ ਉਸ ਦੇ ਨਾਮ ਦੇ ਪਵਿੱਤਰ ਜਲ ਵਿਚ ਇਸ਼ਨਾਨ ਕਰੋ। ਉਹ ਜਿਹੜੇ ਨਹਾ ਕੇ ਆਪਣੇ

ਅੰਗ ਤਾਂ ਸ਼ੁੱਧ ਕਰ ਲੈਂਦੇ ਹਨ, ਪਰ ਮਨ ਨੂੰ ਅਸ਼ੁੱਧ ਹੀ ਰੱਖਦੇ ਹਨ ਉਹ ਅਜਿਹੇ ਭਾਂਡੇ ਵਾਂਗ ਹਨ ਜਿਸ ਨੂੰ ਬਾਹਰੋਂ ਤਾਂ ਸਾਫ ਸੁਥਰਾ ਰੱਖਿਆ ਜਾਏ ਪਰ ਜਿਸਦੇ ਅੰਦਰ ਵਿਸ਼ ਜਾਂ ਜ਼ਹਿਰ ਭਰਿਆ ਹੋਵੇ। ਬਾਹਰੋਂ ਸਫਾਈ ਕਰਨ ਨਾਲ ਅੰਦਰਲਾ ਵਿਸ਼ ਖਤਮ ਨਹੀਂ ਹੋ ਸਕਦਾ। ਇਕ ਹੋਰ ਥਾਂ ਤੇ ਗੁਰੂ ਨਾਨਕ ਬਾਹਰੀ ਸੰਸਕਾਰਾਂ (rituals) ਦੀ ਇਕ ਅਜਿਹੇ ਸੱਪ ਨਾਲ ਕਰਦੇ ਹਨ ਜਿਸ ਨੂੰ ਟੋਕਰੀ ਵਿਚ ਬੰਦ ਕਰ ਦਿੱਤਾ ਜਾਏ। ਟੋਕਰੀ ਵਿਚ ਬੰਦ ਕਰਨ ਨਾਲ ਉਸਦੇ ਜ਼ਹਿਰੀਲੇਪਨ ਵਿਚ ਤਾਂ ਕੋਈ ਕਮੀ ਨਹੀਂ ਆਉਂਦੀ ਤੇ ਨਾ ਉਸ ਦੇ ਡੰਗ ਮਾਰਨ ਦਾ ਖਤਰਾ ਹੀ ਘੱਟ ਹੁੰਦਾ ਹੈ।

ਸੁਆਹ ਜਾਂ ਭਸਮ ਨਾਲ ਲਿਬੜੇ ਅੰਗਾਂ, ਪਾਟੇ ਕੰਨਾ, ਟਾਂਕੀ ਲੱਗੇ ਕਪੜਿਆਂ ਤੇ ਭਿਖਿਆ ਪਾਤਰਾਂ ਅਤੇ ਅਜਿਹੀ ਹੀ ਹੋਰ ਕਈ ਤਰ੍ਹਾਂ ਦੇ ਸਾਜੋ ਸਮਾਨ ਨਾਲ ਲੱਦੇ ਯੋਗੀਆਂ ਨੂੰ ਸੰਬੋਧਨ ਕਰਦੇ ਹੋਏ ਗੁਰੂ ਸਾਹਿਬ ਨੇ ਕਿਹਾ ਕਿ ਸੱਚਾ ਅਧਿਆਤਮਮਕ ਜੀਵਨ ਇਹਨਾਂ ਸਭ ਚੀਜ਼ਾਂ ਨੂੰ ਧਾਰਨ ਕਰਨ ਵਿਚ ਨਹੀਂ ਸਗੋਂ ਮਨ ਨੂੰ ਸ਼ੁੱਧ ਕਰਨ ਵਿਚ ਹੈ। ਸੰਸਾਰ ਦਾ ਸ਼ੁੱਧਤਾ ਵਿਚ ਸ਼ੁੱਧ ਰਹਿ ਸਕਣਾ ਹੀ ਸੱਚਾ ਯੋਗ ਅਭਿਆਸ ਹੈ। ਗੁਰੂ ਨਾਨਕ ਨੇ ਧਾਰਮਿਕ ਜੀਵਨ ਬਾਰੇ ਆਪਣੇ ਵਿਚਾਰਾਂ ਨੂੰ ਕਮਲ ਫੁੱਲ ਦੇ ਪ੍ਰਤੀਬਿੰਬ ਰਾਹੀਂ ਦਰਸਾਇਆ ਹੈ ਜਿਸ ਦੀਆਂ ਜੜ੍ਹਾਂ ਤਲਾਬ ਦੇ ਚਿਕੜ ਵਿਚ ਹੁੰਦੀਆਂ ਹਨ ਪਰ ਫਿਰ ਵੀ ਪਾਣੀ ਉਪਰ ਰਹਿੰਦਾ ਹੈ ਤੇ ਸੱਚੇ ਅਰਥਾਂ ਵਿਚ ਧਾਰਮਿਕ ਵਿਅਕਤੀ ਅਜਿਹਾ ਹੀ ਹੋਣਾ ਚਾਹੀਦਾ ਹੈ, ਜਿਸ ਨੂੰ ਰੋਜ਼ਾਨਾਂ ਜੀਵਨ ਦੇ ਫਰਜ਼ ਤਾਂ ਪੂਰੀ ਤਰ੍ਹਾਂ ਨਿਭਾਉਣੇ ਚਾਹੀਦੇ ਹਨ, ਪਰ ਪਾਪਾਂ ਤੇ ਭਰਮ ਭੁਲਾਵਿਆਂ ਵਿਚ ਗਲਤਾਨ ਨਹੀਂ ਹੋਣਾ ਚਾਹੀਦਾ। ''ਜੈਸੇ ਜਲ ਮਹਿ ਕਮਲ ਅਲੇਪਾ। ਉਸ ਯੁੱਗ ਜਾਂ ਸਮੇਂ ਵਿਚ ਜੋਗੀਆਂ ਬਾਰੇ ਅਜਿਹੀ ਸਿੱਖਿਆ ਦੀ ਖਾਸ ਲੋੜ ਸੀ ਕਿਉਂਕਿ ਆਮ ਜਨਤਾ ਜੋਗੀ ਬੈਰਾਗੀ ਸੰਨਿਆਸੀ ਤੋਂ ਅਵਧੂਤ ਕਹੇ ਜਾਣ ਵਾਲੇ ਹਿੰਦੂ ਸਮਾਜ ਵਾਂਗ ਮੁਸਲਮਾਨ ਸਮਾਜ ਅਨੇਕਾਂ ਬੁਰਾਈਆਂ ਦਾ ਸ਼ਿਕਾਰ ਸੀ। ਇਸਲਾਮ ਉਸ ਵੇਲੇ ਦੇ ਸ਼ਾਸਕਾਂ ਦਾ ਧਰਮ ਸੀ, ਇਸ ਲਈ ਅਨੇਕਾਂ ਹਿੰਦੂ ਜਾਤੀਆਂ ਤੇ ਲੋਕਾਂ ਨੇ ਵੀ ਇਹੀ ਧਰਮ ਅਪਣਾਲਿਆ। ਕਿਉਂਕਿ ਮੁਸਲਮਾਨਾਂ ਦੇ ਅਧਿਕਾਰ ਹਿੰਦੂਆਂ ਤੋਂ ਕਿਤੇ ਵੱਧ ਸਨ ਭਾਵੇਂ ਸ਼ਾਸਨ ਪ੍ਰਕ੍ਰਿਆ ਵਿਚ ਗਿਣੇ ਚੁਣੇ ਮੁਸਲਮਾਨ ਹੀ ਭਾਗ ਲੈਂਦੇ ਸਨ, ਪਰ ਆਮ ਮੁਸਲਮਾਨ ਵੀ ਆਪਣੇ ਆਪ ਹਿੰਦੂਆਂ ਤੋਂ ਵਧੀਆ ਸਮਝਦੇ ਸਨ ਤੇ ਇਸ ਭਾਵਨਾ ਨੇ ਉਹਨਾਂ ਨੂੰ ਅਹੰਕਾਰੀ ਅਤੇ ਲੋਭੀ ਬਣਾ ਦਿੱਤਾ ਸੀ। ਮੁਸਲਿਮ ਪੁਜਾਰੀ ਜਿਹਨਾਂ ਨੂੰ ਮੌਲਵੀ ਕਿਹਾ ਜਾਂਦਾ ਸੀ, ਕੱਟੜ ਸਨ ਤੇ ਪੀਰ ਸੂਫੀ ਤੇ ਕਲੰਦਰ ਆਦਿ ਹਿੰਦੂ ਜੋਗੀਆਂ ਤੇ ਬੈਰਾਗੀਆਂ ਆਦਿ ਦੇ ਸਮਾਨਾਂਤਰ ਹੀ ਸਨ, ਹਿੰਦੂ ਜੋਗੀਆਂ ਤੇ ਬੈਰਾਗੀਆਂ ਵਾਂਗ ਹੀ ਪਾਖੰਡੀ ਤੇ ਵਿਹਲੜ ਸਨ। ਗੁਰੂ ਨਾਨਕ ਦੇ ਧਾਰਮਿਕ ਸਹਿਨਸ਼ੀਲਤਾ ਤੇ ਭਰਾਤਰੀ ਭਾਵ ਦੀ ਭਾਵਨਾ ਦਾ ਪ੍ਰਚਾਰ ਕਰਨ ਦੇ ਨਾਲ ਇਸਲਾਮ ਦੇ ਧਾਰਨੀਆਂ ਨੂੰ ਵੀ ਇਹ ਕਿਹਾ ਕਿ ਨੈਤਿਕ ਤੇ ਅਧਿਆਤਮਕ ਜੀਵਨ ਜਾਂਚ ਬਿਨਾਂ ਨਮਾਜ਼, ਰਮਜ਼ਾਨ, ਰੋਜ਼ੇ ਸੁਨੰਤ (revolutionary) ਅਤੇ ਅਜਿਹੀਆਂ ਹੋਰ ਰੀਤਾਂ ਰਸਮਾਂ ਸਭ ਬੇਕਾਰ ਹਨ। ਉਹਨਾਂ ਕਿਹਾ, ''ਨਮਰਤਾ ਨੂੰ ਸੁੰਨਤਾ, ਮਾਨਵਤਾ ਦੇ ਪਿਆਰ ਨੂੰ ਮਸਜਿਦ ਤੇ ਸੁੱਚੀ ਤੇ ਸੱਚੀ ਕਮਾਈ ਨੂੰ ਕੁਰਾਨ ਮੰਨੋ। ਚੰਗਾ ਆਚਰਣ ਤੁਹਾਡੇ ਰੋਜ਼ੇ ਹਨ, ਚੰਗੇ ਕੰਮ ਤੁਹਾਡੇ ਕਾਬਾ, ਸੱਚ ਤੁਹਾਡਾ ਉਪਦੇਸ਼ਕ ਅਤੇ ਸੱਚਾ ਸੁੱਚਾ ਆਚਰਣ ਤੁਹਾਡਾ ਕਲਮਾ ਹੈ।'' ਉਹਨਾਂ ਦਾ ਮੱਤ ਸੀ ਕਿ ਅਜਿਹੇ ਚਾਲ ਚਲਣ ਵਾਲਾ ਮੁਸਲਮਾਨ ਮਨੁੱਖਤਾ ਲਈ ਵਰਦਾਨ ਹੋਵੇਗਾ ਤੇ ਉਹਨਾਂ ਇਸਲਾਮ ਦੇ ਅਨੁਯਾਈਆਂ ਨੂੰ ਵੀ ਆਪਣੀ ਰੋਜ਼ਾਨ ਜ਼ਿੰਦਗੀ ਵਿਚ ਅਜਿਹਾ ਹੀ ਮਾਰਗ ਅਪਨਾਉਣ ਲਈ ਪ੍ਰੇਰਿਤ ਕੀਤਾ। ਆਪਣੀ ਰੋਜ਼ੀ ਰੋਟੀ ਇਮਾਨਦਾਰੀ ਤੇ ਮਿਹਨਤ ਨਾਲ ਕਮਾਉਣ ਤੇ ਉਹਨਾਂ ਖਾਸ ਜ਼ੋਰ ਦਿੱਤਾ। ਉਹਨਾਂ ਅਨੁਸਾਰ ਦੂਜਿਆਂ ਦਾ ਹਿੱਸਾ ਖੋਹਣਾ ਬਹੁਤ ਮਾੜਾ ਹੈ। ਉਹਨਾਂ ਅਨੁਸਾਰः

ਹੱਕ ਪਰਾਇਆ ਨਾਨਕਾ,

ਉਸ ਸੂਅਰ ਉਸ ਗਾਇ।।

ਭਾਵ ਦੂਜਿਆਂ ਦਾ ਹੱਕ ਮਾਰਨਾ ਅਪਵਿੱਤਰ ਜਾਂ ਮਾੜਾ ਹੈ ਜਿੰਨਾ ਕਿ ਹਿੰਦੂਆਂ ਲਈ ਗਾਂ ਅਤੇ ਮੁਸਲਮਾਨਾਂ ਲਈ ਸੂਅਰ ਦਾ ਮਾਸ। ਆਮ ਮੁਸਲਮਾਨ ਜਨਤਾ ਤੇ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਦਾ ਬਹੁਤ ਡੂੰਘਾ ਅਸਰ ਪਿਆ ਤੇ ਉਹ ਗੁਰੂ ਨਾਨਕ ਸਾਹਿਬ ਨੂੰ ਪੀਰ ਤੇ ਪਵਿੱਤਰ ਮਨੁੱਖ ਵਾਂਗ ਪੂਜਣ ਲੱਗ ਪਏ।

ਛੂਤ-ਛਾਤ ਭਾਰਤੀ ਸਮਾਜ ਦੀ ਇਕ ਅਜਿਹੀ ਵੱਡੀ ਬੁਰਾਈ ਹੈ ਜਿਸ ਤੋਂ ਸਾਡਾ ਸਮਾਜ ਤੇ ਤੱਕ ਮੁਕਤ ਨਹੀਂ ਕੀਤਾ ਸਗੋਂ ਉਹਨਾਂ ਨੇ ਬ੍ਰਾਹਮਣਾਂ, ਯੋਗੀਆਂ, ਪੀਰਾਂ ਅਤੇ ਮਛੰਦਰਾਂ ਆਦਿ ਦੀ ਵੀ ਨਿਖੇਧੀ ਕੀਤੀ। ਵਿਭਿੰਨ ਤਬਕਿਆਂ ਦੇ ਲੋਕ ਇਹਨਾਂ ਲੋਕਾਂ ਨੂੰ ਬਹੁਤ ਹੀ ਪਵਿੱਤਰ ਸਮਝਦੇ ਹਨ ਤੇ ਉਹਨਾਂ ਦੀ ਪੂਜਾ ਕਰਦੇ ਹਨ। ਪਰ ਇਹ ਲੋਕ ਆਮ ਤੌਰ ਤੇ ਢੌਂਗੀ ਤੇ ਵਿਹਲੜ ਅਤੇ ਸਮਾਜ ਤੇ ਇਕ ਬੋਝ ਹੁੰਦੇ ਸਨ ਜਿਵੇਂ ਕਿ ਅਸੀਂ ਉਹਨਾਂ ਤੋਂ ਕੋਈ ਫਾਇਦਾ ਨਹੀਂ ਉਠਾ ਸਕਦਾ। ਗੁਰੂ ਨਾਨਕ ਜੀ ਨੇ ਇਸ ਗੱਲ ਤੇ ਖਾਸ ਜ਼ੋਰ ਦਿੱਤਾ ਹੈ ਕਿ ਹਰ ਵਿਅਕਤੀ ਨੂੰ ਸਮਾਜ ਦਾ ਉਪਯੋਗੀ ਮੈਂਬਰ ਬਣਨਾ ਚਾਹੀਦਾ ਹੈ ਤੇ ਇਸਦੀ ਭਲਾਈ ਵਿਚ ਆਪਣਾ ਪੂਰਾ ਯੋਗਦਾਨ ਪਾਣਾ ਚਾਹੀਦਾ ਹੈ। ਧਾਰਮਿਕ ਤੇ ਨੈਤਿਕ ਗੁਰੂ ਅਖਵਾਉਣ ਵਾਲੇ ਲੋਕਾਂ ਦੁਆਰਾ ਸਮਾਜ ਦੀ ਭਲਾਈ ਵਿਚ ਯੋਗਦਾਨ ਉਹ ਹੋਰ ਵੀ ਲਾਜ਼ਮੀ ਮੰਨਦੇ ਹਨ।

ਅੱਜ ਜਦੋਂ ਮਾਨਵਵਾਦ, ਲੋਕਤੰਤਰ ਤੇ ਸਮਾਜਵਾਦ ਆਦਿ ਵਿਚਾਰਧਾਰਾਵਾਂ ਦੇ ਅਧੀਨ ਸਮਾਨਤਾ ਦਾ ਸਿੱਧਾਂਤ ਆਮ ਪ੍ਰਚਲਿੱਤ ਹੈ, ਛੂਤ-ਛਾਤ ਉੱਚੀ ਨੀਵੀਂ ਜਾਤ ਦਾ ਵਿਚਾਰ ਮਾਤਰਾ ਹੀ ਪੁਰਾਤਨ ਲੱਗਦਾ ਹੈ। ਸਾਡੇ ਦੇਸ਼ ਵਿਚ ਤਾਂ ਇਹ ਪ੍ਰਥਾ ਗੈਰ ਕਾਨੂੰਨੀ ਵੀ ਕਰਾਰ ਕੀਤੀ ਗਈ ਹੈ ਪਰ ਪਿਛਲੀਆਂ ਕਈ ਸਦੀਆਂ ਵਿਚ ਇਸ ਬੁਰਾਈ ਨੂੰ ਧਰਮ ਦੀ ਮਾਨਤਾ ਪ੍ਰਾਪਤ ਰਹੀ ਹੈ। ਜਾਤ-ਪਾਤ ਦੇ ਆਧਾਰ ਤੇ ਨੀਵੀਂ ਜਾਤ ਕਹਾਏ ਜਾਣ ਵਾਲੇ ਲੋਕਾਂ ਦਾ ਪ੍ਰਵੇਸ਼ ਧਾਰਮਿਕ ਤੇ ਸਕੂਲਾਂ, ਘਰਾਂ, ਖੂਹਾਂ, ਤੇ ਹਸਪਤਾਲਾਂ ਤੇ ਹੋਰ, ਅਜਿਹੇ ਜਨਤਕ ਸਥਾਨਾਂ ਤੇ ਵਰਜਿਤ ਸੀ। ਗੁਰੂ ਨਾਨਕ ਨੂੰ ਇਹਨਾਂ ਮਨੁੱਖੀ ਹੱਕ ਤੇ ਇਜ਼ੱਤ ਤੋਂ ਵਾਂਝੇ ਅਭਾਗੇ ਲੋਕਾਂ ਨਾਲ ਡੂੰਘੀ ਹਮਦਰਦੀ ਸੀ। ਉਹ ਬ੍ਰਾਹਮਣਾਂ ਤੇ ਹੋਰ ਉੱਚੀ ਜਾਤਾਂ ਕਹਾਏ ਜਾਣ ਵਾਲੇ ਲੋਕਾਂ ਦੇ ਹੰਕਾਰ ਤੇ ਪਵਿੱਤਰਤਾ ਦੇ ਵੀ ਸਖਤ ਵਿਰੋਧੀ ਸਨ। ਸਿਰਫ ਅਛੂਤਾਂ ਨੂੰ ਨਹੀਂ ਸਗੋਂ ਮੁਸਲਮਾਨਾਂ ਨੂੰ ਵੀ ਅਪਵਿੱਤਰ ਤੇ ਅਸ਼ੁੱਧ ਮੰਨਿਆ ਜਾਂਦਾ ਸੀ, ਜਿਨ੍ਹਾਂ ਦੀ ਛੋਹ ਮਾਤਰ ਨਾਲ ਇਕ ਚੰਗਾ ਹਿੰਦੂ ਅਪਵਿੱਤਰ ਹੋ ਜਾਂਦਾ ਸੀ। ਅੱਜ ਤੋਂ ਪੈਂਤੀ ਚਾਲ੍ਹੀ ਸਾਲ ਪਹਿਲਾਂ ਤੱਕ ਵੀ ਮੁਸਲਮਾਨਾਂ ਤੇ ਅਛੂਤਾਂ ਲਈ ਭੋਜਨ ਤੇ ਪਾਣੀ ਵੱਖ ਰੱਖਿਆ ਜਾਂਦਾ ਸੀ। ਇਹ ਸਾਰਾ ਕੁਝ ਛੂਤ ਤੇ ਜਾਤ ਪ੍ਰਥਾ ਵਿਚ ਵਿਸ਼ਵਾਸ ਕਾਰਨ ਹੀ ਸੀ। ਜਾਤ ਪਾਤ ਪ੍ਰਥਾ ਦਾ ਦੁੱਖਾਂਤ ਇਹ ਹੈ ਕਿ ਜਨਮ ਕਾਰਨ ਹੀ ਲੋਕ ਸ਼ੁੱਧ ਜਾਂ ਅਸ਼ੁੱਧ ਅਤੇ ਪਵਿੱਤਰ ਬਣ ਜਾਂਦੇ ਤੇ ਹਮੇਸ਼ਾਂ ਹੀ ਉਹੀ ਰਹਿੰਦੇ ਸਨ। ਜੋ 'ਸਵਛ' ਪੈਦਾ ਹੁੰਦੇ ਹਨ, ਉਹ ਆਪਣੇ ਆਪ ਨੂੰ ਦੂਜਿਆਂ ਤੇ ਸ੍ਰੇਸ਼ਟ ਮੰਨਦੇ ਹਨ ਜਦ ਕਿ ਅਸਵਛ ਕਹਾਏ ਜਾਣ ਵਾਲੇ ਲੋਕਾਂ ਨੂੰ ਕਿਸੇ ਵੀ ਤਰੀਕੇ ਨਾਲ ਨਾ ਤਾਂ ਉਪਰ ਹੀ ਚੁੱਕਿਆ ਜਾ ਸਕਦਾ ਨਾ ਹੀ ਨਿਰਮਲ ਤੇ ਸ਼ੁੱਧ ਬਣਾਇਆ ਜਾ ਸਕਦਾ ਹੈ। ਇਸ ਬੁਰਾਈ ਨੇ ਅੰਨਿਆਂ ਨੂੰ ਜਨਮ ਦਿੱਤਾ। ਅਛੂਤ ਕਹਾਉਣ ਵਾਲੇ ਮਾਂ ਬਾਪ ਦੇ ਘਰ ਜਨਮ ਲੈਣ ਵਾਲਿਆਂ ਲਈ ਵਿੱਦਿਆ ਹਾਸਲ ਕਰਨ, ਕੋਈ ਇੱਜ਼ਤਦਾਰ ਕੰਮ ਕਰਨ ਤੇ ਇੱਜ਼ਤ ਮਾਣ ਵਾਲਾ ਜੀਵਨ ਬਤੀਤ ਕਰਨ ਦਾ ਕੋਈ ਸੰਜੋਗ ਨਹੀਂ ਸੀ, ਉਹਨਾਂ ਨੂੰ ਤਾਂ ਪੁਸ਼ਤ ਦਰ ਪੁਸ਼ਤ ਕਾਮਿਆਂ ਵਾਂਗ ਉੱਚੀ ਜਾਤਾਂ ਦੀ ਸੇਵਾ ਕਰਨੀ ਪੈਂਦੀ ਸੀ ਪਰ ਫਿਰ ਵੀ ਉਹਨਾਂ ਨੂੰ ਘ੍ਰਿਣਾ ਦੀ ਨਿਗਾਹ ਨਾਲ ਦੇਖਿਆ ਜਾਂਦਾ ਸੀ। ਉਹਨਾਂ ਨਾਲ ਪਸ਼ੂਆਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਸੀ। ਗੁਰੂ ਨਾਨਕ ਦੇਵ ਨੇ

ਰੂੜ੍ਹੀਵਾਦੀ ਤੇ ਅਗਿਆਨੀ ਭਾਰਤੀਆਂ ਦੁਆਰਾ ਜਾਤ-ਪਾਤ ਦੇ ਰੂਪ ਵਿਚ ਕੀਤੇ ਜਾ ਰਹੇ ਅੰਨਿਆਂ ਪ੍ਰਬੰਧ ਵਿਰੁੱਧ ਆਪਣੀ ਆਵਾਜ਼ ਉਠਾਈ। ਉਹਨਾਂ ਦਾ ਮੱਤ ਸੀ ਮਨੁੱਖ ਦਾ ਮੁੱਲ ਉਸਦੇ ਉੱਚੀ ਜਾਂ ਨੀਵੀਂ ਜਾਤ ਵਿਚ ਜਨਮ ਦੇ ਆਧਾਰ ਤੇ ਨਹੀਂ ਸਗੋਂ ਉਸਦੇ ਨੈਤਿਕ ਗੁਣਾਂ ਤੇ ਕਰਮਾਂ ਦੇ ਆਧਾਰ ਤੇ ਪਾਇਆ ਜਾਣਾ ਚਾਹੀਦਾ ਹੈ। ਪਰਮਾਤਮਾ ਦੀ ਨਜ਼ਰ ਵਿਚ ਉਹੋ ਉਸਤਤੀ ਯੋਗ ਹੈ ਜਿਸਦੇ ਕਰਮ ਸ਼ੁੱਧ ਹਨ। ਪਰ ਜੇ ਕੋਈ ਉੱਚੀ ਜਾਤੀ ਦਾ ਕਹਾਉਣ ਵਾਲਾ ਅਨੈਤਿਕ ਤੇ ਮਾੜੇ ਕੰਮ ਕਰਦਾ ਹੈ, ਤਾਂ ਉਹ ਨੀਵਾਂ ਹੀ ਮੰਨਿਆ ਜਾਵੇਗਾ। ਅੱਜ ਦੇ ਯੁੱਗ ਵਿਚ ਭਾਵੇਂ ਸਾਨੂੰ ਇਹ ਵਿਚਾਰ ਵਿਲੱਖਣ ਨਾ ਜਾਪਣ ਪਰ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਇਹ ਨਿਸ਼ਚੇ ਹੀ ਨਵੇਂ ਤੇ ਕ੍ਰਾਂਤੀਕਾਰੀ ਸਨ। ਛੂਆਛਾਤ ਨੂੰ ਸੰਵਿਧਾਨਕ ਤੌਰ ਤੇ ਗੈਰ-ਕਾਨੂੰਨੀ ਠਹਿਰਾਏ ਜਾਣ ਦੇ ਬਾਵਜੂਦ ਵੀ ਭਾਰਤੀ ਸਮਾਜ ਅਜੇ ਵੀ ਇਸ ਤੋਂ ਪੂਰਨ ਤੌਰ ਤੇ ਮੁਕਤ ਨਹੀਂ ਹੋ ਸਕਿਆ। ਗੁਰੂ ਨਾਨਕ ਤੇ ਉਹਨਾਂ ਤੋਂ ਬਾਅਦ ਹੋਏ ਗੁਰੂਆਂ ਨੇ ਲੰਗਰ ਪ੍ਰਥਾਂ ਦੀ ਸਥਾਪਨਾ ਕੀਤੀ, ਜਿਸ ਵਿਚ ਸਾਰੇ ਲੋਕ ਬਿਨਾਂ ਛੂਤ ਛਾਤ ਦੇ ਭੇਦ ਭਾਵ ਦੇ ਇਕੱਠੇ ਬੈਠ ਕੇ ਭੋਜਨ ਕਰਦੇ ਹਨ। ਲੰਗਰ ਦੀ ਮਹੱਤਤਾ ਇਸ ਤੱਥ ਤੋਂ ਸਪੱਸ਼ਟ ਹੁੰਦੀ ਹੈ ਕਿ ਭਾਰਤ ਵਿਚ ਕੋਈ ਵੀ ਕੱਟੜ ਵਿਅਕਤੀ ਨੀਵੀਂ ਜਾਤ ਦੇ ਲੋਕਾਂ ਦੁਆਰਾ ਪਕਾਏ ਗਏ ਜਾਂ ਛੂਹੇ ਗਏ ਭੋਜਨ ਨੂੰ ਛੂੰਹਦਾ ਤੱਕ ਨਹੀਂ, ਜਦ ਕਿ ਲੰਗਰ ਵਿਚ ਸਾਰੇ ਇਕੱਠੇ ਬੈਠ ਕੇ ਇਕੋ ਹੀ ਰਸੋਈ ਵਿਚ ਤਿਆਰ ਕੀਤੇ ਭੋਜਨ ਖਾਂਦੇ ਹਨ ਅਤੇ ਅੰਤ ਵਿਚ ਹਰ ਇਕ ਨੂੰ ਆਪਣੇ ਜੂਠੇ ਬਰਤਨ ਖੁਦ ਸਾਫ ਕਰਨੇ ਪੈਂਦੇ ਹਨ। ਦੂਜਿਆਂ ਦੇ ਜੂਠੇ ਬਰਤਨ ਮਾਂਜ ਕੇ ਹੋਰ ਵਧੇਰੇ ਪੁੰਨ ਅਰਜਿਤ ਕੀਤਾ ਜਾ ਸਕਦਾ ਹੈ। ਇਹ ਕਾਰਜ ਮੰਨਿਆ ਜਾਣ ਵਾਲਾ ਹੈ, ਪਰ ਇਸਨੂੰ ਪਰਮਾਤਮਾ ਪ੍ਰਤੀ ਭਗਤੀ ਭਾਵਨਾ ਨਾਲ ਸੰਪੰਨ ਕੀਤਾ ਜਾਂਦਾ ਹੈ। ਇਹਨਾਂ ਸਾਰੇ ਪ੍ਰਯਤਨਾਂ ਰਾਹੀਂ ਜਾਤ ਪਾਤ ਦੀ ਭੇਦ ਭਾਵ ਮਿਟਾਉਣ ਅਤੇ ਬਰਾਬਰੀ ਦੀ ਭਾਵਨਾ ਪੈਦਾ ਕਰਨ ਵਿਚ ਕਾਫੀ ਹੱਦ ਤੱਕ ਸਹਾਇਤਾ ਮਿਲੀ। ਗੁਰੂ ਸਾਹਿਬ ਦੀ ਬਾਣੀ ਵਿਚੋਂ ਛੂਤਛਾਤ ਤੇ ਜਾਤ ਪਾਤ ਸੰਬੰਧੀ ਵਿਚਾਰ ਹੇਠ ਲਿਖੇ ਅਨੁਸਾਰ ਹਨ :

ਜਾਤਿ ਜਨਮ ਨਹ ਪੂਛੀਐ ਸਚੁ ਘਰੁ ਲੇਹ ਬਤਾਇ,
ਸਾ ਜਾਤਿ ਸਾ ਪਤਿ ਹੈ ਜੈਹੇ ਕਰਮ ਕਮਾਇ।।

ਭਾਵ ਪਰਮਾਤਮਾ ਦੇ ਦਰਬਾ ਵਿਚ ਜਾਤ ਜਾਂ ਜਨਮ ਦੇ ਆਧਾਰ ਤੇ ਨਹੀਂ ਸਗੋਂ ਕਰਮਾਂ ਅਨੁਸਾਰ ਨਿਬੇੜਾ ਹੋਣਾ ਹੈ :

ਫਕੜ ਜਾਤੀ ਫਕੜ ਨਾਉਂ ।।
ਸਭਨਾਂ ਜੀਆਂ ਇਕ ਛਾਉਂ ।।
ਆਪਹੁ ਜੇ ਕੋ ਭਲਾ ਕਹਾਏ ।।
ਨਾਨਕ ਤਾਂ ਪਰੁ ਜਾਪੈ ਜਾਂ ਪਤਿ ਲੇਖੈ ਪਾਇ ।।

ਭਾਵ ਜਾਤ ਪਾਤ ਤੇ ਉੱਚਾ ਨਾਮ ਆਦਿ ਸਭ ਬੇਕਾਰ ਹੈ, ਸਾਰੇ ਲੋਕਾਂ ਤੇ ਇਕੋ ਪਰਮਾਤਮਾ ਦੀ ਮਿਹਰ ਹੈ ਕੋਈ ਜ਼ਿਆਦਾ ਚੰਗਾ ਤਾਂ ਹੀ ਅਖਵਾ ਸਕਦਾ ਹੈ ਜੇਕਰ ਉਹ ਚੰਗੇ ਕੰਮ ਕਰੇ।

ਅਸਲ ਵਿਚ ਨੀਵੀਂ ਜਾਤ ਦੇ ਕੌਣ ਹਨ? ਗੁਰੂ ਸਾਹਿਬ ਫੁਰਮਾਉਂਦੇ ਹਨ :

ਖਸਮ ਵਸਾਰਹਿ ਤੇ ਕਮਜਾਤਿ
ਨਾਨਕ ਨਾਵੈ ਬਾਝ ਸੁਨਾਤਿ ।। (ਆਸਾ ਪੰਨਾ 349)

ਅਰਥਾਤ ਜੋ ਪਰਮਾਤਮਾ ਨੂੰ ਭੁਲਾ ਦਿੰਦੇ ਹਨ ਉਹੀ ਅਸਲ ਵਿਚ ਨੀਵੀਂ ਜਾਤ ਦੇ ਹਨ। ਜੋ ਪਰਮਾਤਮਾ ਦਾ ਨਾਂ ਨਹੀਂ ਲੈਂਦੇ ਉਹ ਹੀ ਡਿਗੇ ਹੋਏ ਹਨ :

ਜਾਤ ਬਰਨ ਕੁਲ ਸਹਸਾ ਚੂਕਾ,
ਗੁਰਮਤਿ ਸ਼ਬਦ ਬੀਚਾਰੀ ।। (ਸਾਰੰਗ, ਪੰਨਾ 1198)

ਭਾਵ ਪਵਿੱਤਰ ਸ਼ਬਦ ਦੇ ਜਾਪ ਨਾਲ ਮੇਰੇ ਜਾਤ ਤੇ ਜਮਾਤ ਬਾਰੇ ਸਭ ਭਰਮ ਦੂਰ ਹੋ ਗਏ। ਉਹ ਫਿਰ ਫਰਮਾਉਂਦੇ ਹਨ :

ਨੀਚਾ ਅੰਦਰ ਨੀਚ ਜਾਤ ਨੀਚੀ ਹੂੰ ਅਤ ਨੀਚ
ਨਾਨਕ ਤਿਨਕੇ ਸੰਗ ਸਾਥ ਵਡਿਆ ਸਿਓ ਕਿਆ ਰੀਸ
ਜਿਥੇ ਨੀਚ ਸਮਾਲਿਅਨ ਤਿਥੇ ਨਦਰ ਤੇਰੀ ਬਖਸੀਸ ।। (ਸ੍ਰੀ ਰਾਗ)

ਭਾਵ ਨੀਵੀਂ ਤੋਂ ਨੀਵੀਂ ਜਾਤ ਦੇ ਮਨੁੱਖ ਤੇ ਵੀ ਜੇ ਉਸ ਪਰਮਾਤਮਾ ਦੀ ਬਖਸ਼ਸ਼ ਹੋ ਜਾਵੇ ਤਾਂ ਉਚੀ ਜਾਤ ਵਾਲਿਆਂ ਤੋਂ ਕਿਤੇ ਉੱਚਾ ਹੋ ਜਾਂਦਾ ਹੈ ਤੇ ਉਹ ਵੀ ਬਰਾਬਰੀ ਨਹੀਂ ਕਰ ਸਕਦੇ।

ਕੱਟੜ ਹਿੰਦੂਆਂ ਦੁਆਰਾ ਰਸੋਈ ਦੀ ਸਫਾਈ ਦੇ ਸੰਸਕਾਰ ਬਾਰੇ, ਗੁਰੂ ਨਾਲਕ ਦੇਵ ਜੀ ਫਰਮਾਉਂਦੇ ਹਨ ਕਿ ਅਸਲ ਅਛੂਤ ਮਨੁੱਖ ਦੇ ਮਨ ਵਿਚ ਪਲ ਰਹੇ ਹਨ ਨਾ ਕਿ ਉਹ ਅਭਾਗੇ ਲੋਕ ਜਿਨ੍ਹਾਂ ਨੂੰ ਅਛੂਤ ਮੰਨ ਲਿਆ ਗਿਆ ਹੈ ਆਪਣੇ ਅੰਦਰਲੀ ਬੁਰਾਈ ਨੂੰ ਦੂਰ ਕਰੋ ਤੇ ਕਿਸੇ ਵੀ ਮਨੁੱਖ ਨੂੰ ਨਫਰਤ ਨਾ ਕਰੋ। ਗੁਰੂ ਸਾਹਿਬ ਦੀ ਬਾਣੀ ਅਨੁਸਾਰ :

ਕੁਬਧਿ ਡੂਮਣੀ ਕੁਦਾਇਆ ਕਾਸਾਇਣ
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧੀ ਚੰਡਾਲਿ ।।
ਕਾਰ ਕਢੀ ਕਿਆ ਖੀਐ ਜਾਂ ਚਾਰੇ ਬੈਠੀਆਂ ਨਾਲ ।।
ਸਚੁ ਸੰਜਮੁ ਕਹਾਣੀ ਕਾਰਾਂ ਨਾਵੁਣ ਨਾਂਵ ਜਪੇਹੀ ।।
ਨਾਨਕ ਅਗੇ ਉਤਮ ਸੋਈ ਜਿ ਪਾਪਾਂ ਪੰਦਿ ਨਾ ਦੇਹੀ ।।
(ਸ੍ਰੀ ਰਾਗ, ਪੰਨਾ 91)

ਉਪਰੋਕਤ ਵਿਚਾਰਾਂ ਤੇ ਗੁਰੂ ਸਾਹਿਬ ਦੀ ਬਾਣੀ ਵਿਚੋਂ ਦਿੱਤੀਆਂ ਉਦਾਹਰਣਾਂ ਤੋਂ ਸਪਸ਼ੱਟ ਹੋ ਜਾਂਦਾ ਹੈ ਕਿ ਉਹਨਾਂ ਅਨੁਸਾਰ ਜਾਤ ਪਾਤ ਦੀ ਕੋਈ ਮਹੱਤਤਾ ਨਹੀਂ ਸੀ ਤੇ ਉਹ ਸ਼ੁੱਧ ਚਰਿੱਤਰ ਤੇ ਸੁੱਚੇ ਸੱਚੇ ਵਿਹਾਰ ਨੂੰ ਅਜਿਹਾ ਮਾਪ ਦੰਡ ਮੰਨਦੇ ਸਨ ਜਿਸ ਦੇ ਆਧਾਰ ਤੇ ਮਨੁੱਖਾਂ ਵਿਚਕਾਰ ਅੰਤਰ ਕੀਤਾ ਜਾ ਸਕਦਾ ਹੈ। ਅਜੋਕੇ ਸਮੇਂ ਵਿਚ ਵਿਚਾਰ ਭਾਵੇਂ ਸਾਨੂੰ ਏਨਾ ਮਹੱਤਵਪੂਰਨ ਨਾ ਜਾਪੇ, ਪਰ ਮੱਧਕਾਲ ਦੇ ਸੁਧਾਰ ਵਿਰੋਧੀ ਕਾਲ ਵਿਚ ਇਹ ਸਿੱਖਿਆ ਕ੍ਰਾਂਤੀਕਾਰੀ ਸੀ।

ਔਰਤਾਂ ਪ੍ਰਤੀ ਦ੍ਰਿਸ਼ਟੀਕੋਣ ਜਾਂ ਵਤੀਰਾ ਜੀਵਨ ਦਾ ਇਕ ਹੋਰ ਅਜਿਹਾ ਖੇਤਰ ਸੀ ਜਿਸ ਵਿਚ ਉਸ ਸਮੇਂ ਉਹਨਾਂ ਸੁਧਾਰ ਦੀ ਲੋੜ ਮਹਿਸੂਸ ਕੀਤੀ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਸਦੀਆਂ ਤੱਕ ਸਾਡੇ ਸਮਾਜ ਵਿਚ ਔਰਤ ਨੂੰ ਹਮੇਸ਼ਾ ਹੀ ਮਰਦ ਤੋਂ ਨੀਵਾਂ ਸਮਝਿਆ ਜਾਂਦਾ ਰਿਹਾ ਹੈ। ਉਸ ਨੂੰ ਕਦੇ ਵੀ ਸਮਾਨਤਾ ਦਾ ਦਰਜਾ ਨਹੀਂ ਦਿੱਤਾ ਗਿਆ। ਉਸ ਨੂੰ ਮਰਦ ਦੀ ਜੁੱਤੀ ਤੋਂ ਵੱਧ ਨਹੀਂ ਸੀ ਸਮਝਿਆ ਜਾਂਦਾ ਰਿਹਾ। ਉਸਦਾ ਸਥਾਨ ਘਰ ਦੀ ਚਾਰ ਦੀਵਾਰੀ ਦੇ ਅੰਦਰ ਹੀ ਸੀਮਿਤ ਮੰਨਿਆ ਜਾਂਦਾ ਸੀ। ਆਮ ਧਾਰਣਾ ਇਹੀ

ਸੀ ਕਿ ਉਹਨਾਂ ਵਿਚ ਬੁੱਧੀਮਤਾ ਦੀ ਘਾਟ ਹੁੰਦੀ ਹੈ। ਇਸ ਲਈ ਨਾ ਕਿਸੇ ਮਹੱਤਵਪੂਰਣ ਮਸਲੇ ਤੇ ਉਹਨਾਂ ਦੀ ਸਲਾਹ ਹੀ ਲਈ ਜਾਣੀ ਚਾਹੀਦੀ ਹੈ ਤੇ ਨਾ ਹੀ ਕਿਸੇ ਅਜਿਹੇ ਮਸਲੇ ਵਿਚ ਜਿਥੇ ਗੁਪਤਤਾ ਤੇ ਯੋਜਨਾਬੱਧ ਕਾਰਵਾਈ ਲੋੜੀਂਦੀ ਹੋਵੇ, ਔਰਤਾਂ ਨੂੰ ਸ਼ਾਮਿਲ ਨਹੀਂ ਕਰਨਾ ਚਾਹੀਦਾ। ਇਹੀ ਨਹੀਂ, ਔਰਤ ਨੂੰ ਮਰਦ ਲਈ ਐਸ਼ੋ ਇਸ਼ਰਤ ਲਈ ਲੋੜੀਂਦੀ ਵਸਤੂ ਮੰਨਿਆ ਜਾਂਦਾ ਸੀ। ਬਹੁ-ਵਿਆਹ ਆਮ ਪ੍ਰਚਲਿੱਤ ਸੀ ਅਤੇ ਅਜਿਹੀ ਪ੍ਰਸਥਿਤੀ ਵਿਚ ਪਤਨੀ ਦਾ ਸਥਾਨ ਖਰੀ ਦਾਸੀ ਤੋਂ ਕਿਸੇ ਤਰ੍ਹਾਂ ਵੀ ਬਿਹਤਰ ਨਹੀਂ ਸੀ।

ਗੁਰੂ ਸਾਹਿਬ ਜੀ ਨੂੰ ਔਰਤ ਦੀ ਇਹ ਦੁਰਦਸ਼ਾ ਬਹੁਤ ਬੁਰੀ ਲੱਗੀ। ਸੋ ਉਹਨਾਂ ਤਾਕੀਦ ਕੀਤੀ ਕਿ ਔਰਤਾਂ ਦਾ ਇਕ ਵਿਅਕਤੀ ਹੋਣ ਦੇ ਨਾਤੇ ਪੂਰਾ ਆਦਰ ਕੀਤਾ ਜਾਵੇ। ਆਪਣੀ ਰਚਨਾ ਆਸਾ ਦੀ ਵਾਰ ਵਿਚ ਗੁਰੂ ਨਾਨਕ ਨੇ ਫਰਮਾਇਆ ਹੈ :

ਸੋ ਕਿਉ ਮੰਦਾ ਆਖੀਐ,
ਜਿਤ ਜੰਮੇ ਰਾਜਾਨੁ ।।

ਭਾਵ ਉਸ ਔਰਤ ਦਾ ਤਿਰਸਕਾਰ ਕਿਉਂ ਕੀਤਾ ਜਾਵੇ ਜਿਸਨੇ ਸੰਸਾਰ ਦੇ ਮਹਾਨ ਵਿਅਕਤੀ ਨੂੰ ਜਨਮ ਦਿੱਤਾ ਹੈ? ਉਹਨਾਂ ਕਿਹਾ ਕਿ ਭਾਵੇਂ ਪਰਮਾਤਮਾ ਨੂੰ ਔਰਤ ਦੀ ਮਦਦ ਦੀ ਲੋੜ ਨਹੀਂ, ਪਰ ਸਾਰੀ ਮਨੁੱਖ ਜਾਤੀ ਔਰਤ ਤੇ ਨਿਰਭਰ ਹੈ। ਸਾਰੇ ਮਨੁੱਖਾਂ ਦਾ ਜਨਮ, ਔਰਤ ਦਾ ਜਨਮ ਔਰਤ ਤੋਂ ਹੀ ਹੁੰਦਾ ਹੈ ਅਤੇ ਆਪਣੀ ਖੁਸ਼ੀ ਤੇ ਪਰਿਵਾਰ ਦੇ ਵਾਧੇ ਲਈ ਵੀ ਮਰਦ ਔਰਤ ਤੇ ਨਿਰਭਰ ਹੈ। ਗੁਰੂ ਸਾਹਿਬ ਨੇ ਔਰਤ ਨੂੰ ਮਾਨਵੀ ਜਾਤੀ ਦੀ ਸਤਿਕਾਰ ਯੋਗ ਮਾਂ ਅਤੇ ਇਕ ਅਜਿਹੀ ਗ੍ਰਹਿਣੀ ਦਾ ਦਰਜਾ ਦਿੱਤਾ, ਜਿਸ ਨੂੰ ਘਰ ਨਾਲ ਸੰਬੰਧਿਤ ਹਰ ਖੇਤਰ ਸਨੇ ਆਰਥਿਕਤਾ (Economy) ਦੇ ਇਕ ਮਹੱਤਵਪੂਰਣ ਸਥਾਨ ਮਿਲਣਾ ਚਾਹੀਦਾ ਹੈ। ਆਪਣੀ ਬਾਣੀ ਵਿਚ ਉਹਨਾਂ ਸੱਤ ਜਾਂ ਰੱਬ ਦੇ ਭਗਤ ਨੂੰ ਇਕ ਅਜਿਹੀ ਵਿਆਕੁਲ ਪਤਨੀ ਦੇ ਚਿੰਨ੍ਹ ਰਾਹੀਂ ਪ੍ਰਤਿਬਿੰਬਤ ਕੀਤਾ ਹੈ ਜਿਸ ਦਾ ਪਤੀ ਘਰ ਤੋਂ ਦੂਰ ਵਪਾਰ ਕਰਨ ਲਈ ਗਿਆ ਹੈ। ਉਹਨਾਂ ਸਤੀ ਪ੍ਰਥਾ ਨੂੰ ਜੋ ਕਿ ਕੁਲੀਨ ਹਿੰਦੂਆਂ ਵਿਚ ਉਦੋਂ ਆਮ ਪ੍ਰਚਲਿੱਤ ਸੀ, ਸਿੱਖਾਂ ਲਈ ਬਿਲਕੁਲ ਵਰਜਿਤ ਕਰ ਦਿੱਤਾ। ਉਹਨਾਂ ਦਾ ਮੱਤ ਸੀ ਕਿ ਪਤੀ ਦੀ ਮੌਤ ਬਾਅਦ ਪਤਨੀ ਨੂੰ ਪਰਿਵਾਰ ਦੀ ਦੇਖਭਾਲ ਕਰਨੀ ਚਾਹੀਦੀ ਹੈ।

ਔਰਤਾਂ ਦੀ ਦਸ਼ਾ ਨਾਲ ਸੰਬੰਧਤ ਇਕ ਹੋਰ ਵਹਿਮ ਜਾਂ ਭਰਮ ਸੂਤਕੀ ਸੀ। ਭਾਵ ਜਿਸ ਸਥਾਨ ਤੇ ਬੱਚੇ ਦਾ ਜਨਮ ਹੁੰਦਾ ਹੈ, ਉਹ ਥਾਂ 40 ਦਿਨ ਤੱਕ ਅਸ਼ੁੱਧ ਰਹਿੰਦੀ ਹੈ। ਗੁਰੂ ਸਾਹਿਬ ਨੇ ਇਸ ਵਿਚਾਰ ਦਾ ਵੀ ਖੰਡਨ ਕੀਤਾ ਤੇ ਕਿਹਾ ਕਿ ਜਨਮ ਅਤੇ ਮੌਤ ਅਕਾਲਪੁਰਖ ਦੇ ਭਾਣੇ ਦਾ ਫਲ ਹੈ ਤੇ ਇਸ ਦਾ ਸ਼ੁੱਧਤਾ ਜਾਂ ਅਸ਼ੁੱਧਤਾ ਨਾਲ ਕੋਈ ਸੰਬੰਧ ਨਹੀਂ। ਉਹਨਾਂ ਨੇ ਇਹ ਕਿਹਾ ਕਿ ਜੇਕਰ ਸੂਤਕ ਦਾ ਅਰਥ ਅਸ਼ੁੱਧਤਾ ਹੈ ਤਾਂ ਇਸ ਦਾ ਸੰਬੰਧ ਵਸਤਾਂ ਨਾਲ ਨਹੀਂ ਸਗੋਂ ਮਨ ਨਾਲ ਹੈ, ਜਿਸ ਨੂੰ ਬੁਰਾਈਆਂ ਰਹਿਤ ਕਰਕੇ ਸ਼ੁੱਧ ਕਰਨਾ ਚਾਹੀਦਾ ਹੈ। ਆਪਣੀ ਬਾਣੀ ਵਿਚ ਗੁਰੂ ਸਾਹਿਬ ਫਰਮਾਉਂਦੇ ਹਨ :

ਜੇਕਰ ਸੂਤਕ ਮੰਨੀਐ ਸਭ ਤੇ ਸੂਤਕ ਹੋਇ ।।
ਗੋਹੇ ਅਤੇ ਲਕੜੀ ਅੰਦਰ ਕੀੜਾ ਹੋਇ ।।
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨਾ ਕੋਇ ।।
ਪਹਿਲਾ ਪਾਣੀ ਜੀਉ ਜੀਉ ਹੈ ਜਿਤ ਹਰਿਆ ਸਭੁ ਕੋਇ ।।
ਸੂਤਕ ਕਿਓਕਰਿ ਰਖੀਐ ਸੂਤਕੁ ਪਵੈ ਰਸੋਇ ।।

ਨਾਨਕ ਸੂਤਕ ਏਵ ਨਾ ਉਤਰੇ ਗਿਆਨ ਉਤਾਰੇ ਧੋਇ ।।
ਮਨ ਦਾ ਸੂਤਕ ਲੋਭ ਹੈ, ਜਿਹਵਾ ਸੂਤਕੁ ਕੂੜੁ ।।
ਅਖੀਂ ਸੂਤਕੁ ਵੇਖਣਾ ਪਰਤ੍ਰਿਆ ਪਰਧਾਨ ਰੂਪ ।।
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ।।
ਨਾਨਕ ਹਸਾ ਆਦਮੀ ਬਧੇ ਜਮਪੁਰਿ ਜਾਇ ।। [11]
ਸਭੋ ਸੂਤਕੁ ਭਰਮ ਹੈ ਦੂਜੇ ਲਗੈ ਜਾਇ ।।
ਜੰਮਣ ਮਰਨ ਹੁਕਮੁ ਹੈ ਭਾਣੈ ਆਵੈ ਜਾਇ ।।
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕ ਸੰਬਾਹਿ ।।

ਉਪਰੋਕਤ ਵਿਚਾਰ ਸਮਾਜ ਸੁਧਾਰ ਦੇ ਕੁੱਝ ਮਹੱਤਵਪੂਰਣ ਪੱਖਾਂ ਨਾਲ ਸੰਬੰਧਤ ਹਨ, ਜੋ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਜਾਂ ਸਿੱਖਿਆਵਾਂ ਦਾ ਅੰਗ ਬਣੇ। ਆਪਣਾ ਸੰਦੇਸ਼ ਉਹਨਾਂ ਨੇ ਆਮ ਜਨਤਾ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ, ਜੋ ਕਿ ਮੁੱਖ ਤੌਰ ਤੇ ਪੰਜਾਬੀ ਤੇ ਹਿੰਦੀ ਸੀ ਅਤੇ ਜਿਸ ਨੂੰ ਸਾਰੇ ਉੱਤਰ ਭਾਰਤ ਵਿਚ ਸਮਝਿਆ ਜਾਂਦਾ ਸੀ, ਵਿਚ ਲੋਕਾਂ ਤੱਕ ਪਹੁੰਚਾਇਆ। ਪਰੰਪਰਾ ਅਨੁਸਾਰ ਸੰਸਕ੍ਰਿਤ ਨੂੰ ਬ੍ਰਾਹਮਣਾਂ ਦੁਆਰਾ ਅਰਬੀ ਨੂੰ ਮੌਲਵੀਆਂ ਦੁਆਰਾ ਪਵਿੱਤਰ ਭਾਸ਼ਾ ਸਮਝਿਆ ਜਾਂਦਾ ਸੀ। ਇਹ ਭਾਸ਼ਾਵਾਂ ਆਮ ਜਨਤਾ ਦੀ ਸਮਝ ਵਿਚ ਨਹੀਂ ਸੀ ਆਉਂਦੀਆਂ, ਜਿਸ ਕਰਕੇ ਸਦੀਆਂ ਤੱਕ ਧਰਮ ਪੁਜਾਰੀਆਂ ਅਤੇ ਹੋਰ ਉੱਚ ਸ਼੍ਰੇਣੀ ਦੇ ਪੜ੍ਹੇ ਲਿਖੇ ਲੋਕਾਂ ਤੱਕ ਹੀ ਸੀਮਿਤ ਰਿਹਾ। ਗੁਰੂ ਨਾਨਕ ਤੇ ਉਹਨਾਂ ਦੇ ਸਮਕਾਲੀ ਕੁੱਝ ਹੋਰ ਧਾਰਮਿਕ ਗੁਰੂਆਂ ਨੇ ਜਨਤਾ ਦੀ ਭਾਸ਼ਾ ਵਿਚ ਆਪਣੇ ਅਧਿਆਤਮਿਕ ਵਿਚਾਰ ਦੇ ਕੇ ਸਾਧਾਰਣ ਲੋਕਾਂ ਵਿਚ ਇਕ ਜਾਗ੍ਰਿਤੀ ਲੈ ਆਂਦੀ ਤੇ ਇਹਨਾਂ ਲੋਕਾਂ ਨੂੰ ਇਕ ਨਵਾਂ ਆਦਰਸ਼ਵਾਦ ਦੇ ਕੇ ਉਹਨਾਂ ਉਤੇ ਮਹਾਨ ਉਪਕਾਰ ਕੀਤਾ। ਉਹਨਾਂ ਦੇ ਯੁੱਗ ਦੇ ਹੋਰ ਅਧਿਆਤਮਿਕ ਗੁਰੂ ਸਨ— ਬਨਾਰਸ ਦੇ ਕਬੀਰ, ਰਵਿਦਾਸ ਤੇ ਨਾਮਦੇਵ ਅਤੇ ਦੋ ਮੁਸਲਮਾਨ ਫਰੀਦ ਤੇ ਭੀਖਣ ਦੀਆਂ ਰਚਨਾਵਾਂ ਜਾਂ ਸ਼ਬਦ ਵੀ ਪਵਿੱਤਰ ਆਦਿ ਗ੍ਰੰਥ ਵਿਚ ਸ਼ਾਮਲ ਹਨ। ਅਜਿਹਾ ਕਰਨਾ ਹੀ ਜਾਤ-ਪਾਤ ਦੇ ਸੰਪਰਦਾਇਕ ਬੰਧਨਾਂ ਨੂੰ ਨਕਾਰ ਕੇ ਸਭ ਨੂੰ ਸਮਝਣਾ ਹੈ।

**ਗੁਰੂ ਨਾਨਕ ਦੇ ਰਾਜਨੀਤਿਕ ਸਮੱਸਿਆਵਾਂ ਬਾਰੇ ਵਿਚਾਰ :** ਜਿਵੇਂ ਕਿ ਅਸੀਂ ਪਹਿਲਾਂ ਵੀ ਦੱਸ ਚੁੱਕੇ ਹਾਂ, ਗੁਰੂ ਨਾਨਕ ਅਜਿਹੇ ਧਾਰਮਿਕ ਜੀਵਨ ਦੇ ਸਮਰਥਕ ਨਹੀਂ ਸਨ ਜੋ ਕਿ ਮਨੁੱਖ ਨੂੰ ਧਾਰਮਿਕ ਤੇ ਮਾਨਵ ਜੀਵਨ ਦੀਆਂ ਸਮੱਸਿਆਵਾਂ ਤੋਂ ਬਿਲਕੁਲ ਹੀ ਵੱਖ ਕਰ ਦੇਵੇ। ਇਸੇ ਲਈ ਉਹਨਾਂ ਸਮਾਜਿਕ ਜੀਵਨ ਤੋਂ ਅਲੱਗ ਪਰਬਤਾਂ ਦੀਆਂ ਗੁਫਾਵਾਂ ਵਿਚ ਰਹਿ ਰਹੇ ਜੋਗੀਆਂ ਨੂੰ ਫਿਟਕਾਰਿਆ। ਉਹਨਾਂ ਦਾ ਮੱਤ ਸੀ ਕਿ ਹਰ ਮਨੁੱਖ ਨੂੰ ਆਪਣੀ ਸਮਾਜਿਕ ਜ਼ਿੰਮੇਵਾਰੀ ਪੂਰੀ ਤਰ੍ਹਾਂ ਨਿਭਾਉਣੀ ਚਾਹੀਦੀ ਹੈ। ਮਨੁੱਖੀ ਜੀਵਨ ਨੈਤਿਕ ਕਰਤੱਵਾਂ ਦੀ ਪਾਲਣਾ ਤੇ ਕੇਂਦਰਿਤ ਹੋਣਾ ਚਾਹੀਦਾ ਹੈ, ਆਪਣੇ ਕਰਤੱਵਾਂ ਤੋਂ ਉਸ ਨੂੰ ਇਹ ਕਹਿ ਕੇ ਜੀਅ ਨਹੀਂ ਚੁਰਾਉਣਾ ਚਾਹੀਦਾ ਕਿ ਉਹ ਪ੍ਰਾਰਥਨਾ ਜਾਂ ਹੋਰ ਸਮਾਜਿਕ ਕਾਰਜਾਂ ਤੇ ਹੀ ਸੰਭਵ ਹੈ। ਭਾਰਤ ਤੇ ਹੋਰ ਅਧਿਆਤਮਿਕ ਗੁਰੂਆਂ ਤੋਂ ਵਿਪਰੀਤ ਗੁਰੂ ਸਾਹਿਬ ਨੇ ਨਿਆਂ ਪੂਰਵਕ ਸਮਾਜ ਦੀ ਸਥਾਪਨਾ ਤੇ ਖਾਸ ਜ਼ੋਰ ਦਿੱਤਾ ਹੈ। ਗੁਰੂ ਨਾਨਕ ਦੇਵ ਦੇ ਵਿਚਾਰਾਂ ਦੇ ਇਸ ਪੱਖ ਨੇ ਆਧੁਨਿਕ ਵਿਅਕਤੀਆਂ ਤੇ ਉਹਨਾਂ ਨੂੰ ਵੀ ਜੋ ਧਰਮ ਵਿਚ ਵਿਸ਼ਵਾਸ ਨਹੀਂ ਰੱਖਦੇ, ਨੂੰ ਵੀ ਅਪੀਲ ਕੀਤੀ ਹੈ।

ਇਕ ਨਿਆਂ ਪੂਰਵਕ ਸਮਾਜ ਦੀ ਸਥਾਪਨਾ ਤੇ ਜ਼ੋਰ ਦੇਣ ਕਾਰਣ ਹੀ ਅਜੋਕੇ ਸਮੇਂ ਵਿਚ ਉਹਨਾਂ ਦੇ ਵਿਚਾਰ ਢੁੱਕਵੇਂ ਹਨ, ਪਰ ਇਸ ਦੇ ਨਾਲ ਹੀ ਸਾਨੂੰ ਇਹ ਵੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਉਹਨਾਂ ਦੇ ਵਿਚਾਰਾਂ ਦੀ ਪ੍ਰਾਸੰਗਿਕਤਾ ਬਹੁਪੱਖੀ ਹੈ ਅਤੇ ਉਹਨਾਂ ਦੀ ਸਖ਼ਸ਼ੀਅਤ ਤੇ ਦ੍ਰਿਸ਼ਟੀਕੋਣ ਦਾ ਪੂਰਾ ਅੰਦਾਜ਼ਾ ਸਾਨੂੰ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਉਹਨਾਂ ਦੇ ਵਿਚਾਰਾਂ ਦੇ ਹਰ ਪੱਖ ਨੂੰ ਧਿਆਨ ਵਿਚ ਰੱਖੀਏ।

ਗੁਰੂ ਨਾਨਕ ਦੇ ਕਾਲ ਵਿਚ ਰਾਜਨੀਤਿਕ ਸੰਗਠਨ ਦਾ ਪ੍ਰਚਲਿੱਤ ਮਾਡਲ ਰਾਜਤੰਤਰ ਸੀ, ਪਰ ਗੁਰੂ ਸਾਹਿਬ ਨੇ ਸ਼ਾਸਕ ਵਰਗਾਂ ਦੇ ਵਿਸ਼ੇਸ਼ ਅਧਿਕਾਰਾਂ ਦੀ ਇਕ ਪੱਖੀ ਧਾਰਨਾ ਦੀ ਸਖਤ ਨਿਖੇਧੀ ਕੀਤੀ। ਉਹਨਾਂ ਅਨੁਸਾਰ ਨਿਆਂ ਪ੍ਰਦਾਨ ਕਰਨਾ ਅਤੇ ਧਰਮ ਦੀ ਸਥਾਪਨਾ ਭਾਵ ਉੱਤਮ ਜੀਵਨ ਸੰਭਵ ਬਣਾਉਣਾ ਸ਼ਾਸਕਾਂ ਦਾ ਕਰਤੱਵ ਸੀ ਪਰ ਅਸਲੀਅਤ ਕੁੱਝ ਹੋਰ ਸੀ, ਹਿੰਦੂ ਤੇ ਮੁਸਲਿਮ ਦੋਵੇਂ ਸ਼ਾਸਕ ਵਰਗ ਹੀ ਭ੍ਰਿਸ਼ਟ ਤੇ ਅਤਿਆਚਾਰੀ ਸਨ। ਉਹ ਇਕੋ ਇਕ ਅਜਿਹੇ ਅਧਿਆਤਮਕ ਗੁਰੂ ਸਨ ਜਿਹਨਾਂ ਨੇ ਉਸ ਸਮੇ ਦੀਆਂ ਪ੍ਰਚਲਿੱਤ ਬੁਰਾਈਆਂ ਵਿਰੁੱਧ ਆਵਾਜ਼ ਉਠਾਈ। ਉਹਨਾਂ ਦੇ ਸਮੇਂ ਦੇ ਬਹੁਤ ਗੁਰੂ ਜਾਂ ਤਾਂ ਅਮੀਰਾਂ ਦੁਆਰਾ ਦਿੱਤੇ ਦਾਨ ਤੇ ਐਸ਼ ਕਰ ਰਹੇ ਸਨ ਜਾਂ ਸਮਾਜਿਕ ਨਿਆਂ ਦੇ ਵਿਸ਼ੇ ਨਾਲ ਉਹਨਾਂ ਦਾ ਕੋਈ ਵਾਸਤਾ ਨਹੀਂ ਸੀ। ਉਨ੍ਹਾਂ ਸੁਆਰਥੀ ਪੁਜਾਰੀਆਂ ਤੇ ਧਰਮ ਦੇ ਠੇਕੇਦਾਰਾਂ ਬਾਰੇ ਜੋ ਅਮੀਰਾਂ ਦੇ ਅਤਿਆਚਾਰ ਤੇ ਸ਼ੋਸਣ ਦੁਆਰਾ ਅਰਜਿਤ ਕੀਤੇ ਧਨ ਵਿਚੋਂ ਮਿਲੇ ਦਾਨ ਤੇ ਜੀਵਨ ਨਿਰਬਾਹ ਕਰਦੇ ਸਨ। ਗੁਰੂ ਸਾਿਹਬ ਆਸਾ ਦੀ ਵਾਰ ਵਿਚ ਕਹਿੰਦੇ ਹਨ ਕਿ ਭ੍ਰਿਸ਼ਟ ਸਾਧਨਾਂ ਤੇ ਸ਼ੋਸਣ ਦੁਆਰਾ ਕਮਾਏ ਧਨ ਵਿਚੋਂ ਪੂਰਵਜਾਂ ਦੀ ਆਤਮਾ ਦੀ ਸ਼ਾਂਤੀ ਲਈ ਦਿੱਤਾ ਗਿਆ ਦਾਨ, ਸਹੀ ਅਰਥਾਂ ਵਿਚ ਨਹੀਂ ਕਿਹਾ ਜਾ ਸਕਦਾ। ਇਹ ਤਾਂ ਚੋਰੀ ਦੀਆਂ ਵਸਤਾਂ ਨੂੰ ਧਾਰਮਿਕ ਦਾਨ ਪੁੰਨ ਦੇ ਮੰਤਵ ਨਾਲ ਭੇਟ ਕਰਨ ਵਾਂਗ ਹੈ। ਅਜਿਹਾ ਦਾਨ ਪਰਮਾਤਮਾ ਦੇ ਦਰਬਾਰ ਵਿਚ ਪ੍ਰਵਾਨ ਨਹੀਂ, ਕੇਵਲ ਉਹੀ ਦਾਨ ਖਰਾ ਤੇ ਪਰਮਾਤਮਾ ਦੁਆਰਾ ਕਬੂਲ ਹੈ ਜੋ ਮਨੁੱਖ ਦੀ ਮਿਹਨਤ ਦੀ ਤੇ ਈਮਾਨਦਾਰੀ ਦੀ ਕਮਾਈ ਵਿਚੋਂ ਕੀਤਾ ਜਾਏ। ਇਸੇ ਵਿਚਾਰ ਨੂੰ ਸਪੱਸ਼ਟ ਕਰਨ ਵਾਲੀ ਤੇ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਤ ਇਕ ਪ੍ਰਸਿੱਧ ਤੇ ਪ੍ਰਚਲਿੱਤ ਕਥਾ ਉਸ ਘਟਨਾ ਬਾਰੇ ਹੈ ਜਦੋਂ ਗੁਰੂ ਨਾਨਕ ਨੇ ਇਕ ਹਿੰਦੂ ਕਰ ਉਗਰਾਹਰ ਅਮੀਰ ਨਵਾਬ ਮਲਕ ਭਾਗੋ ਦੇ ਪ੍ਰੀਤੀ ਭੋਜ ਨਿਮੰਤਰਣ ਨੂੰ ਅਸਵੀਕਾਰ ਕਰਕੇ ਇਕ ਮਜ਼ਦੂਰ ਭਾਈ ਲਾਲੋ ਦੀ ਸੁਕੀ ਰੋਟੀ ਨੂੰ ਤਰਜੀਹ ਦਿੱਤੀ। ਅਮੀਰ ਆਦਮੀ ਦੁਆਰਾ ਇਹ ਪੁੱਛੇ ਜਾਣ ਤੇ ਕਿ ਤੁਸੀਂ ਇੰਝ ਕਿਉਂ ਕੀਤਾ। ਗੁਰੂ ਸਾਹਿਬ ਨੇ ਆਪਣੇ ਹੱਥ ਵਿਚ ਅਮੀਰ ਮਲਕ ਭਾਗੋ ਦਾ ਭੋਜਨ ਤੇ ਦੂਜੇ ਹੱਥ ਵਿਚ ਭਾਈ ਲਾਲੋ ਦੀ ਸੁੱਕੀ ਰੋਟੀ ਫੜ ਲਈ। ਦੋਹਾਂ ਨੂੰ ਦਬਾਉਣ ਤੇ ਮਲਕ ਭਾਗੋ ਦੇ ਭੋਜਨ ਵਿਚ ਖੂਨ ਦੀਆਂ ਬੂੰਦਾਂ ਗਿਰੀਆਂ ਤੇ ਗਰੀਬ ਲਾਲੋ ਦੀ ਰੋਟੀ ਵਿਚੋਂ ਦੁੱਧ ਦੀ ਧਾਰ। ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਅਮੀਰ ਆਦਮੀ ਦੀ ਕਮਾਈ ਅਤਿਆਚਾਰੀ ਤੇ ਸ਼ੋਸਣ ਵਾਲੀ ਸੀ ਤੇ ਗਰੀਬ ਆਦਮੀ ਦੀ ਕਮਾਈ ਨੇਕ ਤੇ ਈਮਾਨਦਾਰੀ ਵਾਲੀ। ਗੁਰੂ ਸਾਹਿਬ ਦਾ ਇਹੀ ਦ੍ਰਿਸ਼ਟੀਕੋਣ ਸੀ, ਉਹਨਾਂ ਕਦੇ ਵੀ ਅਮੀਰਾਂ ਤੇ ਸ਼ਕਤੀਸ਼ਾਲੀ ਨਾਲ ਸਮਝੌਤਾ ਨਹੀਂ ਸੀ ਕੀਤਾ ਅਤੇ ਸਦਾ ਗਰੀਬਾਂ ਦਾ ਸਾਥ ਦਿੱਤਾ।

ਆਪਣੇ ਯੁੱਗ ਦੀ ਹਿੰਦੂ ਉੱਚ ਸ਼੍ਰੇਣੀ ਦੇ ਉਹ ਸਖਤ ਆਲੋਚਕ ਸਨ, ਕਿਉਂਕਿ ਉਹ ਮੁਸਲਮਾਨ ਹੁਕਮਰਾਨਾਂ ਨੂੰ ਖੁਸ਼ ਕਰਨ ਲਈ ਆਪਣੇ ਹਿੰਦੂ ਸਹਿਧਰਮੀ ਤੇ ਹੀ ਜ਼ੁਲਮ ਕਰਦੇ ਸਨ। ਜਜ਼ੀਆ ਪ੍ਰਥਾ ਦੇ– ਜੋ ਕਿ ਹਿੰਦੂਆਂ ਤੇ ਲਗਾਇਆ ਗਿਆ ਇਕ ਵਿਤਕਰੇ ਵਾਲਾ ਕਰ ਸੀ– ਉਹ ਸਖਤ ਖਿਲਾਫ ਸਨ। ਵਿਸ਼ੇਸ਼ ਅਧਿਕਾਰਾਂ ਵਾਲੀ ਹਿੰਦੂ ਜਮਾਤ ਦਾ ਤ੍ਰਿਸਕਾਰ ਕਰਦੇ ਹੋਏ ਉਹ ਕਹਿੰਦੇ ਕਿ ਤੁਸੀਂ ਬ੍ਰਾਹਮਣਾਂ ਤੇ ਗਊਆਂ ਉਤੇ ਕਰ ਲਗਾਂਦੇ ਹੋ, ਪਰ ਫਿਰ ਵੀ ਗੋਬਰ ਨੂੰ ਪਵਿੱਤਰ ਮੰਨਦੇ ਹੋ। ਕੀ ਇਹ ਗੋਬਰ ਤੁਹਾਨੂੰ ਮੁਕਤੀ

ਦੁਆਵੇਗਾ? ਗੁਰੂ ਸਾਹਿਬ ਨੇ ਵਿਸ਼ੇਸ਼ ਅਧਿਕਾਰਾਂ ਵਾਲੀ ਇਹ ਹਿੰਦੂ ਜਮਾਤ ਦੀ ਆਪਣੇ ਗ੍ਰੰਥਾਂ ਦੀ ਉਪੇਖਿਆ ਕਰਨ ਅਤੇ ਸ਼ਾਸਕਾਂ ਦੇ ਡਰ ਕਾਰਨ ਉਹਨਾਂ ਦੀ ਭਾਸ਼ਾ ਫਾਰਸੀ ਪੜ੍ਹਨ ਕਾਰਨ ਵੀ ਨਿੰਦਾ ਕੀਤੀ। ਅਜੋਕੇ ਸਮੇਂ ਵਿਚ ਅਜਿਹੇ ਦ੍ਰਿਸ਼ਟੀਕੋਣ ਨੂੰ ਦੇਸ਼ ਭਗਤੀ ਕਿਹਾ ਜਾਂਦਾ ਹੈ। ਸੱਚਾਈ ਇਹ ਹੈ ਕਿ ਗੁਰੂ ਸਾਹਿਬ ਮੱਧਕਾਲ ਦੇ ਇਕੋ ਅਜਿਹੇ ਵਿਚਾਰਕ ਅਤੇ ਅਧਿਆਤਮਕ ਨੇਤਾ ਸਨ, ਜਿਨ੍ਹਾਂ ਨੇ ਆਮ ਜਨਤਾ ਵਿਚ ਦੇਸ਼ ਭਗਤੀ ਦੀ ਭਾਵਨਾ ਜਾਗ੍ਰਿਤ ਕਰਨ ਲਈ ਆਪਣੀ ਆਵਾਜ਼ ਬੁਲੰਦ ਕੀਤੀ।

ਅਤਿਆਚਾਰ ਤੇ ਭ੍ਰਿਸ਼ਟਾਚਾਰ ਬਾਰੇ ਗੁਰੂ ਸਾਹਿਬ ਨੇ ਆਪਣੇ ਵਿਚਾਰ ਇਸ ਤਰ੍ਹਾਂ ਵਿਅਕਤ ਕੀਤੇ ਸਨ:

ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰ ਉਡਰਿਆ ।।
ਕੂੜਿ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ।।
ਹਉ ਭਾਲਿ ਵਿਕੁੰਨੀ ਹੋਈ। ਅਧੇਰੇ ਰਾਹ ਨਾ ਕੋਈ ।।

(ਵਾਰ ਮਾਝ, ਪੰਨਾ 145)

ਇਥੇ ਗੁਰੂ ਸਾਹਿਬ ਨੇ ਯੁੱਗ ਨੂੰ ਛੁਰੀ ਤੇ ਸ਼ਾਸਕਾਂ ਨੂੰ ਕਸਾਈ ਕਿਹਾ ਹੈ। ਨੇਕੀ ਖੰਭ ਲਗਾ ਕੇ ਉੱਡ ਗਈ। ਬੁਰਾਈਆਂ ਤੇ ਬੇਈਮਾਨੀ ਦੀ ਇਸ ਅਨ੍ਹੇਰੀ ਰਾਤ ਵਿਚ, ਸੱਚਾਈ ਤੇ ਈਮਾਨਦਾਰੀ ਜਿਵੇਂ ਉੱਡ ਗਈਆਂ ਹੋਣ। ਮੈਂ ਵਿਆਕੁਲਤਾ ਨਾਲ ਲੱਭਿਆ, ਪਰ ਇਸ ਹਨੇਰ ਵਿਚ ਕੋਈ ਰਾਹ ਨਹੀਂ ਦਿੱਸਦਾ।

ਸ਼ਾਸ਼ਕਾਂ ਬਾਰੇ :

ਰਾਜੇ ਸ਼ਹਿ ਮੁਕਦਮ ਕੁੱਤੇ ।।
ਜਾਇ ਜਗਾਇਨ ਬੈਠੇ ਸੁੱਤੇ ।।
ਚਾਰ ਨਹਦਾ ਪਾਇਨਿ ਘਉ ।।
ਰਤ ਪਿਤ ਕਤਹਿ ਚਾਟ ਜਾਹੁ।। (ਵਾਰ ਮਲਾਰ, ਮ. ੧)

ਅਤਿਆਚਾਰੀ ਪਾਖੰਡੀਆਂ ਬਾਰੇ ਜਿਹਨਾਂ ਦਾ ਹਿੰਦੂਆਂ ਤੇ ਮੁਸਲਮਾਨਾਂ ਤੇ ਪ੍ਰਭਾਵ ਸੀ :

ਮਾਣਵ ਖਾਣੇ ਕਰਹਿ ਨਿਵਾਜ ।।
ਛੁਰੀ ਵਗਾਇਨ ਤਿਨ ਗਲ ਤਾਗ ।।
ਤਿਨ ਘਰ ਬ੍ਰਾਹਮਣ ਪੂਰਹਿ ਨਾਦ ।।
ਉਨਾਭਿ ਆਵਹਿ ਉਈ ਸਾਦ ।।
ਕੂੜੀ ਰਾਸ ਕੂੜਾ ਵਪਾਰ ।।
ਕੂੜ ਬੋਲਿ ਕਰਿਹ ਆਹਾਰ ।।
ਸ਼ਰਮ ਧਰਮ ਕਾ ਡੇਰਾ ਦੂਰਿ ।।
ਨਾਨਕ ਕੂੜ ਰਹਿਆ ਭਰਪੂਰਿ ।।
ਮਥੈ ਟਿਕਾ ਤੇੜਿ ਧੋਤੀ ਕਖਾਈ ।।
ਹਥਿ ਛੁਰੀ ਜੁਗਤ ਕਮਾਈ ।।

(ਆਸਾ ਦੀ ਵਾਰ, ਪੰਨਾ 471-472)

ਸ਼ਾਸ਼ਕਾਂ ਤੇ ਉਹਨਾਂ ਦੇ ਪ੍ਰਸ਼ਾਸ਼ਕਾਂ ਬਾਰੇ :

ਲਬੁ ਪਾਪੁ ਦੁਇ ਰਾਜਾ ਮਹਤਾ ਕੂੜ ਹੋਆ ਸਿਕਦਾਰ ।।
ਕਾਮ ਨੇਬੁ ਸਦਿ ਪੂਛੀਐ ਬੁਹਿ ਬਹਿ ਕਰੇ ਬੀਚਾਰੁ ।।
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ।।

ਨਿਆਂ ਪ੍ਰਦਾਨ ਕਰਨ ਵਾਲੇ ਸਥਾਨ ਦੀ ਵਿਵਸਥਾ ਦਾ ਗੁਰੂ ਸਾਹਿਬ ਇੰਞ ਬਿਆਨ ਕਰਦੇ ਹਨ :

ਕਾਜੀ ਕੂੜੁ ਬੋਲਿ ਮਲੁ ਖਾਇ ।।
ਬ੍ਰਾਹਮਣ ਨਾਵੈ ਜੀਆ ਘਾਇ ।।
ਜੋਗੀ ਜੁਗਤਿ ਨਾ ਜਾਣੈ ਅੰਧ ।।
ਤੀਨੇ ਉਜਾੜੇ ਦਾ ਬੰਧ ।।

ਭਾਵ ਕਾਜੀ, ਬ੍ਰਾਹਮਣ ਤੇ ਜੋਗੀ, ਜਿਹਨਾਂ ਨੂੰ ਸਮਾਜ ਦਾ ਪਥ ਪ੍ਰਦਰਸ਼ਨ ਕਰਨਾ ਚਾਹੀਦਾ ਹੈ, ਸਾਰੇ ਹੀ ਆਪਣੇ ਕਰਤੱਵ ਭੁੱਲ ਕੇ ਝੂਠੇ ਵਹਿਮਾਂ ਭਰਮਾਂ ਤੇ ਦਿਖਾਵਿਆਂ ਵਿਚ ਰੱਤੇ ਹਨ ਤੇ ਲੋਕਾਂ ਨੂੰ ਤਬਾਹ ਕਰ ਰਹੇ ਹਨ।

ਗੁਰੂ ਨਾਨਕ ਅਨੁਸਾਰ ਪਰਮਾਤਮਾ ਦੇ ਸੱਚੇ ਭਗਤ ਨੂੰ ਕਿਸੇ ਨੇਕ ਕੰਮ ਲਈ ਆਪਣਾ ਜੀਵਨ ਕੁਰਬਾਨ ਕਰਨ ਤੋਂ ਵੀ ਸੰਕੋਚ ਨਹੀਂ ਕਰਨਾ ਚਾਹੀਦਾ। ਉਸ ਨੂੰ ਜ਼ਾਲਮਾਂ ਦੀਆਂ ਤਾਕਤਾਂ ਅੱਗੇ ਝੁਕੇ ਬਗੈਰ ਤੇ ਨਿਡਰ ਹੋ ਕੇ ਕੰਮਾਂ ਵਿਚ ਲੱਗੇ ਰਹਿਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਇਸੇ ਸਿੱਖ ਪਰੰਪਰਾ ਅਨੁਸਾਰ ਦੋ ਗੁਰੂਆਂ ਦੇ ਜ਼ੁਲਮ ਨਾਲ ਟੱਕਰ ਲੈਂਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਅਤੇ ਹੋਰ ਵੀ ਅਣਗਿਣਤ ਲੋਕ ਅਤਿਆਚਾਰੀਆਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ। ਸਿੱਖ ਮਰਿਆਦਾ ਅਨੁਸਾਰ ਸਮਾਜਕ ਖੇਤਰ ਵਿਚ ਹੋ ਰਹੇ ਅਨਿਆਂ ਨਾਲ ਟੱਕਰ ਲੈਣੀ ਇਸ ਵਿਧੀ ਨੂੰ ਧਰਮ ਯੁੱਧ ਕਿਹਾ ਹੈ। ਦਸਵੇ ਂਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਲਿਖੀ ਚਿੱਠੀ ਵਿਚ ਧਰਮ ਯੁੱਧ ਦੇ ਸਿੱਧਾਂਤ ਨੂੰ ਨਿਮਨ ਲਿਖਤ ਸ਼ਬਦਾਂ ਵਿਚ ਅੰਕਿਤ ਕੀਤਾ ਹੈ :

''ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜਸ਼ਤ
ਹਲਾਲ ਅਸਤ ਬੁਰਜੰਦ ਬ ਸ਼ਮਸ਼ੀਰ ਦਸਤ'' (ਜ਼ਫ਼ਰਨਾਮਾ)

ਭਾਵ ਜਦੋਂ ਸਾਰੇ ਹੀਲੇ ਅਸਫਲ ਹੋ ਜਾਣ ਤਾਂ ਸ਼ਕਤੀ ਦੀ ਵਰਤੋਂ ਕਰਨੀ ਜਾਇਜ਼ ਹੈ।

ਗੁਰੂ ਨਾਨਕ ਦੇਵ ਜੀ ਨੇ ਸ਼ਹੀਦੀ ਦੇ ਕਰਤੱਵ ਦਾ ਇਹਨਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ :

ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ ।।
ਧੰਨ ਸਿਰੰਦਾ ਸੱਚਾ ਪਾਤਸ਼ਾਹ ਜਿਨਿ ਜਗ ਧੰਧੇ ਲਾਇਆ ।।

(ਅਲਾਹੁਣੀਆ, ਪੰਨਾ 579)

ਕਈ ਥਾਂ ਤੇ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਪਰਮਾਤਮਾ ਨੂੰ ਅਸੁਰ ਸੰਘਾਰ ਭਾਵ ਦੁਸ਼ਟਾਂ ਜਾਂ ਰਾਕਸ਼ਾਂ ਦਾ ਖਾਤਮਾ ਜਾਂ ਦਮਨ ਕਰਨ ਵਾਲਾ ਕਹਿ ਕੇ ਸੰਬੋਧਨ ਕੀਤਾ ਹੈ। ਇਸ ਦਾ ਭਾਵ ਹੈ ਕਿ ਦੈਵੀ ਨਿਆਂ ਰਾਹੀਂ ਅਤਿਆਚਾਰ ਤੇ ਬੁਰਾਈਆਂ ਦਾ ਖਾਤਮਾ ਅਵੱਸ਼ ਹੀ ਹੋਣਾ ਚਾਹੀਦਾ ਹੈ। ਉਹਨਾਂ ਇਤਿਹਾਸ ਤੇ ਮਿਥਿਹਾਸ ਵਿਚੋਂ ਉਦਾਹਰਣਾਂ ਦੇ ਕੇ ਆਪਣੇ ਇਸ ਵਿਚਾਰ ਦੀ ਪੁਸ਼ਟੀ ਕੀਤੀ। ਅਤਿਆਚਾਰੀ

ਰਾਜੇ ਦੁਰਯੋਧਨ, ਜਿਸਦੇ ਕਾਰਨ ਮਹਾਂਭਾਰਤ ਦਾ ਯੁੱਧ ਹੋਇਆ ਸੀ, ਦੀ ਉਦਾਹਰਣ ਦਿੰਦੇ ਹੋਏ ਗੁਰੂ ਸਾਹਿਬ ਫਰਮਾਉਂਦੇ ਹਨ :

ਬੂਡਾ ਦੁਰਜੋਧਨ ਪਤਿ ਖੋਈ ।।
ਰਾਮੁ ਅਨਾ ਜਾਨਿਆ ਕਰਤਾ ਸੋਈ ।।
ਜਨ ਕਉ ਦੂਖਿ ਪਰੈ ਦੁਖੁ ਹੋਈ ।।
ਜਨਮੇਜੈ ਗੁਰ ਸ਼ਬਦ ਨਾ ਜਾਨਿਆ ।।
ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ।। (ਗਾਉੜੀ, ਪੰਨਾ 222)

ਭਾਵ ਹੰਕਾਰੀ ਦੁਰਯੋਧਨ ਪਰਮਾਤਮਾ ਨੂੰ ਭੁੱਲ ਜਾਣ ਕਾਰਣ ਹੀ ਤਬਾਹ ਹੋ ਗਿਆ, ਜਿਹੜੇ ਪਰਮਾਤਮਾ ਦੇ ਪਿਆਰਿਆਂ ਭਾਵ ਸੰਤਾਂ ਨੂੰ ਸਤਾਉਂਦੇ ਹਨ, ਉਹਨਾਂ ਨੂੰ ਨੁਕਸਾਨ ਤੇ ਕਸ਼ਟ ਝੇਲਣੇ ਪੈਂਦੇ ਹਨ।

ਗੁਰੂ ਨਾਨਕ ਦੇ ਰਾਜਨੀਤਿਕ ਦਰਸ਼ਨ ਦਾ ਸਭ ਤੋਂ ਪ੍ਰਭਾਵਸ਼ਾਲੀ ਪ੍ਰਗਟਾ ਉਹਨਾਂ ਰਚਿਤ ਚਾਰ ਸ਼ਬਦਾਂ ਦਾ ਉਹ ਸਮੂਹ ਹੈ ਜਿਸਨੂੰ 'ਬਾਬਰ ਬਾਣੀ' ਕਿਹਾ ਜਾਂਦਾ ਹੈ। 'ਬਾਬਰ ਬਾਣੀ' ਗੁਰੂ ਸਾਹਿਬ ਨੇ ਬਾਬਰ ਦੇ ਪੰਜਾਬ ਦੇ ਇਕ ਹਮਲੇ ਵੇਲੇ ਲਿਖੀ। ਇਸ ਹਮਲੇ ਦਾ ਵਰ੍ਹਾ ਉਨ੍ਹਾਂ 1578 (1521 ਈ:) ਦਰਜ ਕੀਤਾ ਹੈ। ਇਸ ਹੱਲੇ ਜਾਂ ਹਮਲੇ ਵਿਚ ਭਿਆਨਕ ਤਬਾਹੀ ਤੇ ਖ਼ੂਨ ਖਰਾਬਾ ਹੋਇਆ, ਸ਼ਹਿਰਾਂ ਦੇ ਸ਼ਹਿਰ ਜਲਾ ਦਿੱਤੇ ਗਏ ਤੇ ਇਸਤਰੀ ਜਾਤੀ ਦਾ ਬੇਹੱਦ ਅਪਮਾਨ ਕੀਤਾ ਗਿਆ। ਲੋਕਾਂ ਦੇ ਦਿਲ ਹਿਲਾ ਦੇ ਣ ਵਾਲੇ ਕਸ਼ਟਾਂ ਦਾ ਬਿਆਨ ਗੁਰੂ ਸਾਹਿਬ ਨੇ ਲਹੂ ਭਿਜੇ ਸ਼ਬਦਾਂ ਵਿਚ ਕੀਤਾ ਹੈ। ਬਾਬਰ ਦੀ ਜੇ ਤੂ ਫੌਜ ਦੁਆਰਾ ਇਸਤਰੀ ਜਾਤੀ ਦੇ ਘੋਰ ਅਪਮਾਨ ਦਾ ਗੁਰੂ ਸਾਹਿਬ ਦੁਆਰਾ ਬਿਆਨ ਤੇ ਵਿਸ਼ੇਸ਼ ਕਰਕੇ ਦਿਲ ਹਿਲਾ ਦੇਣ ਵਾਲਾ ਹੈ। ਗੁਰੂ ਸਾਹਿਬ ਨੇ ਲੁੱਟ ਮਾਰ ਦੇ ਸ਼ਿਕਾਰ ਦੇਸ਼ ਨੂੰ ਹਿੰਦੂਸਤਾਨ ਕਿਹਾ ਹੈ, ਜਿਸ ਤੋਂ ਭਾਵ ਉਸ ਵੇਲੇ ਅਸਲ ਵਿਚ ਸਾਰੇ ਉੱਨਤੀ ਭਾਰਤ ਤੋਂ ਸੀ। ਹਮਲਾਵਰਾਂ ਦੇ ਇਸ ਜ਼ੁਲਮ ਦਾ ਸ਼ਿਕਾਰ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਸਨ ਜੋ ਸਮੁੱਚ ਦ੍ਰਿਸ਼ ਰਾਸ਼ਟਰੀ ਤਬਾਹੀ ਵਾਲਾ ਹੈ, ਜਿਸ ਦੇ ਸ਼ਿਕਾਰ ਕਿਸੇ ਵਿਸ਼ੇਸ਼ ਵਰਗ ਜਾਂ ਧਰਮ ਦੇ ਨਹੀਂ ਸਗੋਂ ਭਾਰਤ ਦੇ ਲੋਕ ਹਨ। ਅਜਿਹੇ ਵਿਚਾਰ ਇਕ ਰੱਬ ਦੇ ਪਿਆਰੇ ਦੁਆਰਾ ਦੇਸ਼ ਭਗਤੀ ਦੇ ਜਜ਼ਬੇ ਦਾ ਪ੍ਰਗਟਾਉਣ ਦਾ ਸਭ ਤੋਂ ਪਹਿਲਾ ਯਤਨ ਹੈ। ਜਿਵੇਂ ਅਸੀਂ ਪਹਿਲਾਂ ਵੀ ਦੱਸ ਚੁੱਕੇ ਹਾਂ ਉਸ ਸਮੇਂ ਦੇ ਅਧਿਆਤਮਕ ਤੇ ਧਾਰਮਿਕ ਗੁਰੂ ਦੁਨਿਆਵੀ ਮਾਮਲਿਆਂ ਪ੍ਰਤਿ ਉਦਾਸੀਨ ਰਹਿੰਦੇ ਸਨ। ਪਰ ਉਹਨਾਂ ਤੋਂ ਬਿਲਕੁਲ ਉਲਟ ਗੁਰੂ ਨਾਨਕ ਦੇਵ ਨੂੰ ਆਪਦੇ ਆਲੇ ਦੁਆਲੇ ਦੇ ਰਾਜਨੀਤਿਕ ਮਾਹੌਲ ਦਾ ਪੂਰਾ ਗਿਆਨ ਸੀ। ਇਕ ਸ਼ਬਦ ਵਿਚ ਉਹ ਇਹ ਵੀ ਦੱਸਦੇ ਹਨ ਕਿ ਬਾਬਰ ਨੇ ਪਹਿਲਾਂ ਇਰਾਨ (ਖੁਰਾਸਨ) ਤੇ ਹਮਲਾ ਕਰਨਾ ਸੀ, ਪਰ ਫੇਰ ਉਸਦਾ ਇਰਾਦਾ ਬਦਲ ਗਿਆ ਤੇ ਈਰਾਨ ਦੀ ਬਜਾਏ ਭਾਰਤ ਤੇ ਧਾਵਾ ਬੋਲ ਦਿੱਤਾ। ਉਹਨਾਂ ਇਹ ਵੀ ਦੱਸਿਆ ਹੈ ਕਿ ਭਾਰਤੀ ਸੈਨਿਕ ਮੁੱਖ ਤੌਰ ਤੇ ਹਾਥੀਆਂ ਤੇ ਨਿਰਭਰ ਸਨ ਜਦ ਕਿ ਧਾੜ੍ਹਵੀ ਤੋਪਾਂ ਦੀ ਵਰਤੋਂ ਕਰ ਰਹੇ ਸਨ। ਭਾਰਤੀ ਸ਼ਾਸਕ ਇਸ ਅਚਾਨਕ ਹਮਲੇ ਲਈ ਤਿਆਰ ਨਹੀਂ ਸਨ। ਉਹਨਾਂ ਦਾ ਇਕ ਹੋਰ ਦੋਸ਼ ਇਹ ਵੀ ਸੀ ਕਿ ਉਹ ਅੰਧ-ਵਿਸ਼ਵਾਸੀ ਤਾਂਤ੍ਰਿਕਾਂ ਦੇ ਝੂਠੇ ਦਾਅਵਿਆਂ ਤੇ ਨਿਰਭਰ ਸਨ। ਉਦਾਹਰਣ ਵਜੋਂ ਉਹਨਾਂ ਤਾਂਤ੍ਰਿਕਾਂ ਦਾ ਦਾਅਵਾ ਸੀ ਕਿ ਉਹਨਾਂ ਦੇ ਚਮਤਕਾਰ ਦੁਆਰ ਹਮਲਾਵਰ ਅੰਨ੍ਹੇ ਹੋ ਜਾਣਗੇ, ਪਰ ਅਜਿਹੀ ਕੋਈ ਘਟਨਾ ਨਾ ਵਾਪਰੀ।

ਗੁਰੂ ਸਾਹਿਬ ਦੀ ਬਾਣੀ ਇਕ ਫਲਸਫੇ, ਇਕ ਦੂਰ-ਅੰਦੇਸ਼ੀ ਸੂਝ ਦਾ ਪ੍ਰਗਟਾਵਾ ਹੈ, ਆਪ ਰੱਬ ਨੂੰ ਪਿਆਰ ਪਰਮਾਤਮਾ ਨਿਆਂਕਾਰੀ ਹੈ, ਮਨੁੱਖਤਾ ਉਪਰ ਸਿਰਫ ਦੈਵੀ ਨਿਆਂ ਦੇ ਫਲਸਰੂਪ ਹੀ ਸੰਕਟ ਆ ਸਕਦਾ

ਹੈ, ਵੈਸੇ ਨਹੀਂ। ਹਰ ਸੰਕਟ ਸਾਡੇ ਆਪਣੇ ਪਾਪਾਂ ਦਾ ਫਲ ਹੈ। ਭਾਰਤੀ ਸ਼ਾਸਕ ਤੇ ਕੁਲੀਨ ਘਰਾਣਿਆਂ ਦੇ ਲੋਕ ਆਪਣੀ ਖੁਸ਼ਹਾਲੀ ਤੇ ਸੁੱਖ ਸੁਵਿਧਾ ਕਾਰਨ ਪ੍ਰਮਾਤਮਾ ਤੇ ਨੈਤਿਕਤਾ ਨੂੰ ਭੁਲਾ ਬੈਠੇ ਸਨ, ਉਹਨਾਂ ਦਾ ਨੈਤਿਕ ਪੱਧਰ ਬਹੁਤ ਗਿਰ ਚੁੱਕਾ ਸੀ। ਗੁਰੂ ਜੀ ਅਨੁਸਾਰ ਜਿਹੜੇ ਲੋਕ ਪਰਮਾਤਮਾ ਨੂੰ ਭੁਲਾ ਬੈਠਦੇ ਸਨ, ਪਰਮਾਤਮਾ ਉਹਨਾਂ ਨੂੰ ਸਦਗੁਣਾਂ ਤੋਂ ਵੰਚਿਤ ਕਰ ਦਿੰਦਾ ਹੈ। ਗੁਣਹੀਨ ਹੋਣ ਨਾਲ ਉਹ ਬਹਾਦਰ ਵੀ ਨਹੀਂ ਰਹਿੰਦੇ ਤੇ ਬੇਇੱਜ਼ਤ ਹੋ ਕੇ ਮਰਦੇ ਹਨ। ਮੌਤ ਤੋਂ ਬਾਅਦ ਵੀ ਉਹਨਾਂ ਨੂੰ ਕੋਈ ਯਾਦ ਨਹੀਂ ਕਰਦਾ। ਉਹਨਾਂ ਦਾ ਇਹ ਮਹਾਨ ਉਦੇਸ਼ ਅੱਜ ਵੀ ਓਨਾ ਢੁੱਕਵਾਂ ਹੈ ਜਿਨਾਂ ਕਿ ਗੁਰੂ ਨਾਨਕ ਦੇ ਆਪਣੇ ਸਮੇਂ ਵਿਚ ਸੀ ਤੇ ਆਉਣ ਵਾਲੇ ਸਮੇਂ ਵਿਚ ਵੀ ਇਹ ਏਨਾ ਹੀ ਢੁੱਕਵਾਂ ਰਹੇਗਾ। ਇਤਿਹਾਸ ਦੇ ਫਲਸਫੇ ਦੇ ਵਿਭਿੰਨ ਰੂਪ (Versions) ਜਾਂ ਦ੍ਰਿਸ਼ਟੀਕੋਣ ਹੋ ਸਕਦੇ ਹਨ, ਪਰ ਨੈਤਿਕ ਦ੍ਰਿਸ਼ਟੀਕੋਣ ਇਕੋ ਸਰਬਵਿਆਪੀ ਹੈ। ਇਤਿਹਾਸ ਸਾਨੂੰ ਸਦਾ ਤੋਂ ਦੱਸਦਾ ਆਇਆ ਹੈ ਕਿ ਚੰਗੇ ਤੇ ਬੁਰੇ, ਸੱਚ ਤੇ ਝੂਠ, ਵਿਚ ਹਮੇਸ਼ਾ ਸੰਘਰਸ਼ ਚੱਲਦਾ ਰਹਿੰਦਾ ਹੈ ਤੇ ਇਹ ਵੀ ਕਿ ਇਸ ਸੰਘਰਸ਼ ਵਿਚ ਜਿਤ ਹਮੇਸ਼ਾਂ ਸੱਚ ਤੇ ਚੰਗਿਆਈ ਦੀ ਹੁੰਦੀ ਹੈ। ਸਾਡੇ ਦੇਸ਼ ਦੀ ਨੀਤੀ ਮੰਤਰ (motto) ਸਤਯ ਮੇਵ ਜਯਤੇ ਦਾ ਵੀ ਇਹੋ ਅਰਥ ਹੈ ਭਾਵ ਸੱਚ ਦੀ ਹਮੇਸ਼ਾਂ ਜਿੱਤ ਹੁੰਦੀ ਹੈ। ਗੁਰੂ ਨਾਨਕ ਵੀ ਆਪਣੀ ਬਾਣੀ ਵਿਚ ਇਸੇ ਤੱਥ ਦੀ ਪੁਸ਼ਟੀ ਕਰਦੇ ਹੋਏ ਕਹਿੰਦੇ ਹਨ :

''ਕੂੜ ਨਿਖੁਟੇ ਨਾਨਕਾ ਔੜਕ ਸਚੁ ਰਹੀ''

ਸੋ ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦਾ ਜੀਵਨ ਪ੍ਰਤਿ ਦ੍ਰਿਸ਼ਟੀਕੋਣ ਸੰਪੂਰਣ ਬਹੁਮੁਖੀ ਤੇ ਵਿਸ਼ਾਲ ਸੀ। ਉਹਨਾਂ ਨੇ ਆਪਣੀ ਬਾਣੀ ਵਿਚ ਮਨੁੱਖਤਾ ਨੂੰ ਜੋ ਸੰਦੇਸ਼ ਦਿੱਤਾ ਉਹ ਅੱਜ ਵੀ ਓਨਾ ਹੀ ਜਾਇਜ਼ ਤੇ ਸਾਰਥਕ ਹੈ ਜਿੰਨ੍ਹਾ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਸੀ।

## FOR FURTHER STUDY


1. Harbans Singh : Guru Nanak and Origins of the Sikh Faith.
2. Gurcharan Singh Talib : Guru Nanak, His Personality and Vision.
3. Nihar Ranjan Ray : The Sikh Gurus and Sikh Society.
4. A.C. Banerjee : Guru Nanak and His Times
5. Harbans Singh (Editor) : Perspective on Guru Nanak.


## ਕੇਵਲ ਅਭਿਆਸ ਲਈ ਵਸਤੂ ਨਿਸ਼ਠ ਪ੍ਰਸ਼ਨ

1. ਗੁਰੂ ਨਾਨਕ ਦੇਵ ਜੀ ਇਹੋ ਜਿਹੇ ਧਾਰਮਿਕ ਜੀਵਨ ਦੇ ਸਮਰਥਕ ਸਨ ਜੋ ਮਨੁੱਖ ਨੂੰ ਧਾਰਮਿਕ ਤੇ ਮਾਨਵ ਜੀਵਨ ਦੀਆਂ ਸਮੱਸਿਆਵਾਂ ਤੋਂ ਬਿਲਕੁਲ ਹੀ ਵੱਖ ਕਰ ਦੇਵੇ।

ਠੀਕ/ਗਲਤ

2. ਉਹ ਸਮਾਜ ਵਿਚ ਸਥਾਪਿਤ ਵਰਣ ਪ੍ਰਥਾ ਤੇ ਸਤੀ ਪ੍ਰਥਾ ਦੇ ਵਿਰੁੱਧ ਸਨ।

ਠੀਕ/ਗਲਤ

3. ਔਰਤ ਪ੍ਰਤਿ ਦ੍ਰਿਸ਼ਟੀਕੋਣ ਤੇ ਵਤੀਰਾ, ਜੀਵਨ ਦਾ ਇਕ ਹੋਰ ਅਜਿਹਾ ਖੇਤਰ ਸੀ ਜਿਸ ਵਿਚ ਉਸ ਸਮੇਂ ਉਹਨਾਂ ਸੁਧਾਰ ਦੀ ਲੋੜ ਮਹਿਸੂਸ ਕੀਤੀ।

ਠੀਕ/ਗਲਤ

## suggested Question

1. ਗੁਰੂ ਨਾਨਕ ਦੇ ਕਾਲ ਦੇ ਸਮਾਜਿਕ ਹਾਲਾਤ ਕਿਹੋ ਜਿਹੇ ਸਨ ਅਤੇ ਉਹ ਇਹਨਾਂ ਵਿਚ ਸੁਧਾਰ ਲਿਆਉਣਾ ਚਾਹੁੰਦੇ ਸਨ। ਸਪੱਸ਼ਟ ਕਰਕੇ ਲਿਖੋ।

**ਪਾਠ ਨੰਬਰ : 2.7**

# ਗੁਰੂ ਗੋਬਿੰਦ ਸਿੰਘ ਜੀ ਦਾ ਰਾਜਨੀਤਿਕ ਦਰਸ਼ਨ

ਸਿੱਖਾਂ ਦੇ ਦੱਸਵੇਂ ਅਤੇ ਆਖਰੀ ਗੁਰੂ, ਗੁਰੂ ਗੋਬਿੰਦ ਸਿੰਘ, ਗਰੀਬਾਂ ਅਤੇ ਦਿਆਨਤਦਾਰਾਂ ਪ੍ਰਤਿ ਸਮਰਪਿਤ ਸੇਵਾ ਦੀ ਭਾਵਨਾ ਦੇ ਸਵਰਉੱਚ ਚਿੰਨ੍ਹ ਦੀ ਪ੍ਰਤਿਨਿੱਧਤਾ ਕਰਦੇ ਹਨ। ਰਾਜਨੀਤੀ ਸਮੇਤ ਬਹੁਤ ਸਾਰੇ ਖੇਤਰਾਂ ਵਿਚ ਉਹਨਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਡਾਕਟਰ ਹਰੀ ਰਾਮ ਗੁਪਤਾ ਦੇ ਸ਼ਬਦਾਂ ਵਿਚ ਇਕ ਅਸਚਰਜਤਾ ਭਰੀ ਕ੍ਰਾਂਤੀ ਲਿਆਂਦੀ ਹੈ। ਉਹਨਾਂ ਦਾ ਉਦੇਸ਼ ਜਰਜਰੀ ਤੋਂ ਖੋਖੀ ਹੋ ਰਹੀ ਕੌਮ ਦੀ ਪੁਨਰ ਉਸਾਰੀ ਕਰਕੇ ਇਕ ਨਵੀਂ ਕੌਮ ਦੀ ਸਥਾਪਨਾ ਕਰਨਾ ਸੀ। ਉਹਨਾਂ ਦੁਆਰਾ ਸਾਜੀ ਹੋਈ ਇਸ ਨਵੀਂ ਕੌਮ ਦਾ ਮੂਲ ਆਧਾਰ ਨਿਆਂ, ਸੁਤੰਤਰਤਾ, ਆਤਮ ਆਜ਼ਾਦੀ, ਬਰਾਬਰੀ ਤੇ ਸਾਂਝੀਵਾਲਤਾ ਸੀ। ਉਹਨਾਂ ਨੇ ਭਾਰਤੀ ਵਾਸੀਆਂ ਨੂੰ ਇਕ ਕੌਮ ਹੋਣ ਦਾ ਸੰਕਲਪ ਪ੍ਰਦਾਨ ਕੀਤਾ। ਉਹ ਸਾਂਝੇ ਪ੍ਰਯੋਜਨ ਦੇ ਲਈ ਬਲੀਦਾਨ ਦਾ ਚਿੰਨ੍ਹ ਹਨ। ਉਹਨਾਂ ਪਾਰਬ੍ਰਹਮ ਦੇ ਚਰਨਾਂ ਵਿਚ ਆਪਣੇ ਸਾਰੇ ਬੇਟੇ, ਮਾਤਾ ਅਤੇ ਪਿਤਾ ਨੂੰ ਕੁਰਬਾਨ ਕਰ ਦਿੱਤਾ। ਜਾਤ, ਜਨਮ ਅਤੇ ਉਚੇ ਹੋਣ ਦਾ ਅਭਿਮਾਨ ਸਮਾਪਤ ਕਰਕੇ ਉਨ੍ਹਾਂ ਨੇ ਹਰ ਤਰ੍ਹਾਂ ਨਾਲ ਨੀਵਿਆਂ ਨੂੰ ਨਿਵਾਜਿਆ ਅਤੇ ਹਰ ਪੱਖੋਂ ਉਹਨਾਂ ਨੂੰ ਉਚਿਆਂ ਦੇ ਬਰਾਬਰ ਲਿਆਂਦਾ। ਉਹ ਆਜ਼ਾਦੀ ਦੇ ਉਪਾਸਕ ਸਨ ਅਤੇ ਉਹਨਾਂ ਦਾ ਉਦੇਸ਼ ਵਿਦੇਸ਼ੀ ਗੁਲਾਮੀ ਅਤੇ ਵਹਿਮਾਂ ਭਰਮਾਂ ਦੀ ਗੁਲਾਮੀ ਤੋਂ ਆਜ਼ਾਦੀ ਪ੍ਰਾਪਤ ਕਰਨਾ ਸੀ। ਉਹਨਾਂ ਨੇ ਅਜਿਹੀ ਸ਼ਕਤੀ ਸਥਾਪਿਤ ਕੀਤੀ ਜਿਸ ਨੇ ਇਤਿਹਾਸ ਦਾ ਰੁੱਖ ਹੀ ਬਦਲ ਦਿੱਤਾ। ਅਜਿਹੀ ਤਬਦੀਲੀ ਲੈ ਆਂਦੀ ਜਿਸ ਨੇ ਸਮੁੱਚੇ ਸਮਾਜ ਦੀ ਨੁਹਾਰ ਬਦਲ ਦਿੱਤੀ। ਇਹੋ ਕਾਰਨ ਹੈ ਕਿ ਉਹਨਾਂ ਦਾ ਇਤਿਹਾਸ ਦੇ ਪੰਨਿਆਂ ਵਿਚ ਵਿਸ਼ੇਸ਼ ਸਥਾਨ ਹੈ। ਸਈਅਦ ਮੁਹੰਮਦ ਲਤੀਫ ਗੁਰੂ ਗੋਬਿੰਦ ਸਿੰਘ ਜੀ ਦੀ ਦੇਣ ਉਤੇ ਚਾਨਣਾ ਪਾਉਂਦੇ ਹੋਏ ਲਿਖਦਾ ਹੈ ਕਿ ''ਉਹ ਆਪਣੀ ਗਦੀ ਤੇ ਸੁਸ਼ੋਭਤ ਨਿਆਂ ਮੂਰਤੀ ਰਣ ਖੇਤਰ ਵਿਚ ਯੁੱਧ ਸਮਰਾਟ, ਆਪਣੇ ਸਿੰਘਾਸਨ ਤੇ ਰਾਜਾ ਅਤੇ ਖਾਲਸੇ ਦੀ ਸੰਗਤ ਵਿਚ ਫਕੀਰ ਸੀ। ਪ੍ਰੋਫੈਸਰ ਬੈਨਰਜੀ ਦੇ ਸ਼ਬਦਾਂ ਵਿਚ, ''ਇਸ ਤੱਥ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਗੁਰੂ ਜੀ ਦਾ ਸ਼ੁਮਾਰ ਸਭ ਸਮਿਆਂ ਵਿਚ ਹੋਏ ਮਹਾਨ ਭਾਰਤੀਆਂ ਵਿਚ ਕੀਤਾ ਜਾਣਾ ਚਾਹੀਦਾ ਹੈ ਜਿਸ ਮਹਾਨ ਆਸ਼ੇ ਨੂੰ ਸਨਮੁੱਖ ਰੱਖ ਉਨ੍ਹਾਂ ਨੇ ਕੰਮ ਕੀਤਾ ਉਹ ਮਹਾਨ ਤੇ ਸ਼ਲਾਘਾ ਯੋਗ ਹੈ ਅਤੇ ਜਿਹੜੇ ਸਾਧਨਾਂ ਤੋਂ ਢੰਗਾਂ ਰਾਹੀਂ ਉਨ੍ਹਾਂ ਨੇ ਇਤਨਾ ਮਹਾਨ ਕਾਰਜ ਕੀਤਾ ਉਹ ਕੇਵਲ ਉਨ੍ਹਾਂ ਵਰਗੇ ਰੋਸ਼ਨ ਦਿਮਾਗ ਦੀ ਹੀ ਦੇਣ ਹੋ ਸਕਦੇ ਹਨ।'' ਗੁਰੂ ਜੀ ਦੇ ਰਾਜਨੀਤਿਕ ਫਲਸਫੇ ਅਸੀਂ ਉਹਨਾਂ ਦੁਆਰਾ ਰਚਿਤ ਬਚਿੱਤਰ ਨਾਟਕ, ਜਫਰਨਾਮਾ ਅਤੇ ਦਸਮ ਗ੍ਰੰਥ ਆਦਿ ਰਾਹੀਂ ਜਾਣ ਸਕਦੇ ਹਾਂ।

## ਸਿਆਸੀ ਜ਼ੁਲਮ ਦਾ ਵਿਰੋਧ :

ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ, ਗੁਰੂ ਤੇਗ ਬਹਾਦਰ, ਆਪਣੇ ਵਕਤ ਦੇ ਹਾਕਮਾਂ ਦੇ ਸਿਆਸੀ ਜ਼ੁਲਮ, ਧਾਰਮਿਕ ਕੱਟੜਤਾ ਅਤੇ ਦੁਸ਼ਟਤਾ ਦਾ ਸ਼ਿਕਾਰ ਹੋਏ ਸਨ। ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਅਤਿਆਚਾਰ, ਅਨਿਆਂ ਤੇ ਅਸਹਿਣਸ਼ੀਲਤਾ ਵਿਰੁੱਧ ਸੰਘਰਸ਼ ਲਈ ਤਿਆਰ ਕੀਤਾ।

ਉਹਨਾਂ ਨੇ ਬੁਰਾਈ ਦੇ ਵਿਰੁੱਧ ਤਲਵਾਰ ਚੁੱਕੀ। ਉਨ੍ਹਾਂ ਦੀ ਜੰਗ ਕੋਈ ਇਲਾਕਾ ਜਿੱਤਣ, ਕਿਸੇ ਦੂਜੇ ਧਰਮ, ਫਿਰਕੇ ਜਾਂ ਮੌਤ ਦੀ ਵਿਰੋਧਤਾ ਕਰਨ ਲਈ ਨਹੀਂ ਸੀ, ਸਗੋਂ ਉਨ੍ਹਾਂ ਨੇ ਕਿਸੇ ਜਾਤ, ਧਰਮ ਜਾਂ ਮੱਤ ਦੀ ਪਰਵਾਹ ਕੀਤੇ ਬਿਨ੍ਹਾਂ ਅਨਿਆਂ ਅਤੇ ਅਤਿਆਚਾਰ ਵਿਰੁੱਧ ਜਿਹਾਦ ਖੜਾ ਕੀਤਾ। ਉਨ੍ਹਾਂ ਨੇ ਐਲਾਨ ਕੀਤਾ ਕਿ ''ਮੇਰੀ ਤਲਵਾਰ ਦੁਸ਼ਟਾਂ ਦਾ ਸੰਘਾਰ ਕਰਨ ਲਈ ਹੈ, ਦੈਂਤਾਂ ਦਾ ਨਾਸ਼ ਕਰਨ ਲਈ ਹੈ, ਇਕ ਅਕਾਲ ਪੁਰਖ ਦੀ ਸਿਰਜੀ ਹੋਈ ਜਨਤਾ ਦੀ ਰੱਖਿਆ ਕਰਨ ਵਾਸਤੇ ਹੈ।'' ਪੰਜ ਪਿਆਰਿਆਂ ਦੀ ਸਥਾਪਨਾ ਅਤੇ ਪੰਜ ਕਕਾਰਾਂ ਦੇ ਪ੍ਰਤੀਕ ਸਿਰਜਣ ਵੇਲੇ ਗੁਰੂ ਜੀ ਨੇ ਭਰੇ ਦੀਵਾਨ ਵਿਚ ਹੇਠ ਲਿਖੇ ਅਨੁਸਾਰ ਆਦੇਸ਼ ਦਿੱਤੇ :

''ਮੈਂ ਨਵੇਂ ਧਰਮ ਵਿਚ ਅਜਿਹੇ ਆਦਰਸ਼ ਸਿੱਖ ਚਾਹੁੰਦਾ ਹਾਂ ਜੋ ਨਿਡਰ ਸ਼ੇਰਦਿਲ ਪਰ ਨਿਰਮਲ ਹੋਣਗੇ। ਰੱਬ ਦੇ ਭਉ ਵਿਚ ਰਹਿੰਦਿਆਂ ਸੰਤ ਸਿਪਾਹੀ ਅਤੇ ਧਰਮ ਦੇ ਰੱਖਿਅਕ ਨਿਤਾਣੇ ਤੇ ਡਿੱਗਿਆਂ ਢੱਠਿਆਂ ਦੀ ਰੱਖਿਆ ਲਈ ਆਪਣਾ ਸੀਸ ਵਾਰਨ ਤੋਂ ਪ੍ਰਹੇਜ ਨਹੀਂ ਕਰਨਗੇ। ਜ਼ੁਲਮ ਅਤੇ ਅਤਿਆਚਾਰ ਵਿਰੁੱਧ ਸਦਾ ਯੁੱਧ ਲਈ ਤਿਆਰ ਹੋਣਗੇ''। ਜ਼ੁਲਮ ਵਿਰੁੱਧ ਇਸ ਜੰਗ ਵਿਚ ਗੁਰੂ ਜੀ ਨੇ ਆਪਣੇ ਚਾਰੇ ਪੁੱਤਰ ਅਤੇ ਮਾਤਾ ਹੱਸ ਕੇ ਵਾਰ ਦਿੱਤੇ।

## ਹਿੰਦੂ ਮੁਸਲਿਮ ਏਕਤਾ

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਆਪਣਾ ਸਾਰਾ ਜੀਵਨ ਮੁਸਲਮਾਨ ਹਾਕਮਾਂ ਵਿਰੁੱਧ ਲੜਦੇ ਰਹੇ ਪਰ ਇਸਦਾ ਅਰਥ ਨਹੀਂ ਕਿ ਉਹ ਇਸਲਾਮ ਧਰਮ ਦੇ ਵਿਰੋਧੀ ਸਨ ਜਾਂ ਉਹ ਹਿੰਦੂ ਕੱਟੜ ਵਿਚਾਰਧਾਰਾ ਦੇ ਹਮਾਇਤੀ ਸਨ, ਉਹਨਾਂ ਨੇ ਅਸੂਲਾਂ ਦੀ ਖਾਤਰ ਜੰਗਾਂ ਲੜੀਆਂ ਜੋ ਭਾਵੇ ਂ ਮੁਸਲਮਾਨ ਹਾਕਮਾਂ ਦੇ ਵਿਰੁੱਧ ਸਨ ਜਾਂ ਹਿੰਦੂ ਹਾਕਮਾਂ ਦੇ। ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਨੂੰ ਉਹ ਇਕੋ ਜਿਹਾ ਸਤਿਕਾਰ ਕਰਦੇ ਸਨ। ਉਨ੍ਹਾਂ ਦੇ ਪ੍ਰਸ਼ੰਸਕਾਂ ਵਿਚ ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਦੇ ਲੋਕ ਸਨ। ਗੁਰੂ ਜੀ ਦਾ ਸਿੱਖ ਬਣਨ ਦੀ ਸਭ ਨੂੰ ਪੂਰੀ ਖੁੱਲ੍ਹ ਸੀ। ਇਥੋਂ ਤੱਕ ਕਿ ਕਈ ਮੁਸਲਮਾਨਾਂ ਨੇ ਵੀ ਉਨ੍ਹਾਂ ਦਾ ਨਵਾਂ ਮੱਤ ਧਾਰਨ ਕੀਤਾ ਸੀ। ਉਦਾਹਰਣ ਵਜੋਂ ਇਕ ਮੁਸਲਮਾਨ ਫਕੀਰ ਇਬਰਾਹੀਮ ਨੇ ਗੁਰੂ ਜੀ ਨੂੰ ਅੰਮ੍ਰਿਤ ਛਕਣ ਲਈ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਉਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ ਅਤੇ ਉਸ ਦਾ ਨਾਮ ਅਜਮੇਰ ਸਿੰਘ ਰੱਖਿਆ।

ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਉਨ੍ਹਾਂ ਦੇ ਝੰਡੇ ਹੇਠ ਯੁੱਧ ਲੜਦੇ ਰਹੇ। ਪੀਰ ਬੁੱਧੂ ਸ਼ਾਹ ਜਿਹੇ ਲੋਕਾਂ ਨੇ ਭੰਗਾਣੀ ਦੇ ਯੁੱਧ ਵਿਚ ਗੁਰੂ ਜੀ ਦੇ ਹੱਕ ਵਿਚ ਲੜਾਈ ਅੰਦਰ ਆਪਣੇ ਚਾਰੇ ਪੁੱਤਰ ਅਤੇ ਕਾਫੀ ਵੱਡੀ ਸੰਖਿਆ ਵਿਚ ਆਪਣੇ ਮੁਰੀਦ ਸ਼ਹੀਦ ਕਰਵਾਏ। ਇਸ ਤਰ੍ਹਾਂ ਵੱਖ ਵੱਖ ਧਰਮਾਂ ਦੇ ਲੋਕ ਗੁਰੂ ਜੀ ਦੇ ਮੱਤ ਅਤੇ ਫੌਜ ਵੱਲ ਆਕਰਸ਼ਿਤ ਹੋਏ ਸਨ।

## ਸੰਘਰਸ਼ ਦੇ ਤਰੀਕਿਆਂ ਸੰਬੰਧੀ ਵਿਚਾਰ :

ਗੁਰੂ ਗੋਬਿੰਦ ਸਿੰਘ ਨੇ ਸਿੱਧ ਕਰ ਦਿੱਤਾ ਕਿ ਨੇਕ ਕੰਮਾਂ ਲਈ ਹਥਿਆਰ ਚੁੱਕਣਾ ਜਾਇਜ਼ ਹੈ। ਉਹ ਬਦੀ ਜਾਂ ਬੁਰਾਈ ਨੂੰ ਖਤਮ ਕਰਨ ਲਈ ਸ਼ਕਤੀ ਦੀ ਵਰਤੋਂ ਕਰਨ ਦੇ ਹੱਕ ਵਿਚ ਸਨ। ਉਨ੍ਹਾਂ ਨੇ ਖਾਲਸਾ ਪੰਥ ਦੀ ਸਿਰਜਨਾ ਹੀ ਇਸ ਲਈ ਕੀਤੀ ਸੀ ਤਾਂ ਕਿ ਉਸ ਹਕੂਮਤ ਨੂੰ ਜੜੋਂ ਉਖਾੜਿਆ ਜਾ ਸਕੇ ਜਿਸ ਦੀ ਬੁਨਿਆਦ ਜ਼ੁਲਮ ਅਤੇ ਕੂੜ ਤੇ ਸੀ। ਪਰੰਤੂ ਸ਼ਕਤੀ ਦੀ ਵਰਤੋਂ ਉਨ੍ਹਾਂ ਅਨੁਸਾਰ ਜਾਇਜ ਹੈ ਜਦੋਂ ਬਾਕੀ ਸਾਧਨ ਅਸਫਲ ਹੋ ਜਾਣ। ਸ਼ਕਤੀ ਦੀ ਵਰਤੋਂ ਕੇਵਲ ਅੰਤਿਮ ਹਥਿਆਰ ਵਜੋਂ ਹੀ ਕੀਤੀ ਜਾਣੀ ਸੀ। ਉਹ ਹਾਕਮ ਜਿਹੜੇ ਰਾਜਸੀ ਜ਼ੁਲਮਾਂ ਦੀ ਸਾਕਾਰ ਮੂਰਤ ਸਨ ਕੇਵਲ ਤਲਵਾਰਾਂ ਜਾਂ ਡੰਡੇ

ਦੀ ਬੋਲੀ ਹੀ ਸਮਝਦੇ ਸਨ। ਇਸ ਤਰ੍ਹਾਂ ਗੁਰੂ ਜੀ ਨੇ ਸੈਨਿਕ ਰਾਸ਼ਟਰਵਾਦ ਦੀ ਭਾਵਨਾ ਪੈਦਾ ਕੀਤੀ। ਪਰ ਇਸਦਾ ਇਹ ਭਾਵ ਬਿਲਕੁਲ ਨਹੀਂ ਕਿ ਉਹ ਸ਼ਕਤੀ ਨੂੰ ਹੀ ਸੱਚ ਦੀ ਪਦਵੀ ਦਿੰਦੇ ਸਨ। ਉਨ੍ਹਾਂ ਨੇ ਇਸ ਦੀ ਵਰਤੋਂ ਨੂੰ ਉਸ ਸਮੇਂ ਜਾਇਜ਼ ਕਰਾਰ ਦਿੱਤਾ ਜਦੋਂ ਹੋਰ ਸਭ ਹੀਲੇ ਅਸਫਲ ਹੋ ਚੁੱਕੇ ਹੋਣ। ਜ਼ਫਰਨਾਮਾ ਵਿਚ ਗੁਰੂ ਜੀ ਲਿਖਦੇ ਹਨ :

''ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ।'' (ਜ਼ਫਰਨਾਮਾ)

ਭਾਵ ਜਦੋਂ ਬਾਕੀ ਸਭ ਉਪਰਾਲੇ ਅਸਫਲ ਹੋ ਜਾਣ ਤਾਂ ਤਲਵਾਰ ਚੁਕਣਾ ਜਾਇਜ਼ ਹੈ।

## ਰਾਸ਼ਟਰਵਾਦ ਇਕ ਧਰਮ ਵਜੋਂ :

ਗੁਰੂ ਗੋਬਿੰਦ ਸਿੰਘ ਤੋਂ ਪਹਿਲੇ ਗੁਰੂ ਸਾਹਿਬਾਨ ਨੇ ਇਕ ਨਿਆਂ ਤੇ ਸ਼ਾਂਤੀ ਪ੍ਰਿਯ ਸ਼ਰਧਾਲੂਆਂ ਦਾ ਸੰਗਠਨ ਕਾਇਮ ਕੀਤਾ। ਪਰ ਮਹਾਨ ਰਾਜਨੀਤਿਕ ਆਸ਼ਿਆਂ ਪ੍ਰਤੀ ਚੇਤੰਨ ਤੇ ਲੋਕਾਂ ਦਾ ਸੰਗਠਨ ਕਾਇਮ ਕਰਨਾ ਕੇਵਲ ਦਸਵੇਂ ਗੁਰੂ ਸਾਹਿਬ ਦੀ ਪ੍ਰਤਿਭਾ ਤੇ ਸੂਝਬੂਝ ਦਾ ਹੀ ਕਮਾਲ ਹੈ। ਉਹਨਾਂ ਅਨੁਭਵ ਕੀਤਾ ਹੈ ਦਬੀ ਕੁਚਲੀ ਤੇ ਸਿੱਥਲ ਹੋ ਚੁੱਕੀ ਹਿੰਦੂ ਕੌਮ ਨੂੰ ਰਾਸ਼ਟਰ ਬਣਾਉਣ ਦਾ ਇਕੋ ਇਕ ਢੰਗ ਇਹੀ ਸੀ ਕਿ ਰਾਸ਼ਟਰਵਾਦ ਉਹਨਾਂ ਲਈ ਧਰਮ ਬਣਾ ਦਿੱਤਾ ਜਾਵੇ। ਰਾਸ਼ਟਰਵਾਦ ਦਾ ਪਹਿਲਾ ਲੱਛਣ ਏਕਤਾ ਹੁੰਦਾ ਹੈ, ਜੋ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਇਸ ਪੱਖ ਵੱਲ ਧਿਆਨ ਦਿੱਤਾ। ਉਹਨਾਂ ਮਹਿਸੂਸ ਕੀਤਾ ਕਿ ਜਾਤ-ਪਾਤ ਏਕਤਾ ਤੇ ਰਾਸ਼ਟਰੀਅਤਾ ਦੀ ਭਾਵਨਾ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਇਸ ਲਈ ਉਹਨਾਂ ਨੇ ਜਾਤੀ ਪ੍ਰਥਾ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। ਇਸ ਗੱਲ ਨੂੰ ਮੁੱਖ ਰੱਖਦਿਆਂ ਹੋਇਆਂ ਉਨ੍ਹਾਂ ਨੇ ਖਾਲਸੇ ਦੀ ਸਿਰਜਨਾ ਕੀਤੀ ਅਤੇ ਹਰ ਜਾਤੀ ਦੇ ਲੋਕਾਂ ਨੂੰ ਇਸ ਵਿਚ ਸ਼ਾਮਲ ਕੀਤਾ। ਇਹ ਉਨ੍ਹਾਂ ਵਿਚ ਏਕਤਾ ਦੀ ਭਾਵਨਾ ਪੈਦਾ ਕਰਨ ਲਈ ਹੀ ਸੀ ਜੋ ਰਾਸ਼ਟਰਵਾਦ ਦੀ ਮੂਲ ਵਿਸ਼ੇਸ਼ਤਾਈ ਹੈ। ਇਸ ਲਈ ਗੁਰੂ ਜੀ ਨੇ ਆਪਣੇ ਅਨੁਆਈਆਂ ਲਈ ਰਾਸ਼ਟਰਵਾਦ ਇਕ ਧਰਮ ਬਣਾ ਦਿੱਤਾ। ਇਹੋ ਉਹ ਸਿੱਧਾਂਤ ਹੈ ਜਿਹੜਾ ਪਿੱਛੋਂ ਜਾ ਕੇ ਅਰਬਿੰਦੂ ਘੋਸ਼ ਨੇ ਕਿਹਾ ਕਿ ''ਰਾਸ਼ਟਰਵਾਦ ਇਕ ਧਰਮ ਹੈ ਜਿਹੜਾ ਕਿ ਪਰਮਾਤਮਾ ਤੋਂ ਮਿਲਦਾ ਹੈ।''

ਗੁਰੂ ਗੋਬਿੰਦ ਸਿੰਘ ਨੇ ਕੇਵਲ ਜਾਤ ਪ੍ਰਥਾ ਵਿਰੁੱਧ ਹੀ ਪ੍ਰਚਾਰ ਨਹੀਂ ਕੀਤਾ ਸਗੋਂ ਇਕ ਨਵੇਂ ਪੰਥ (ਖਾਲਸਾ) ਦੀ ਸਿਰਜਨਾ ਕਰਕੇ ਜਾਤ ਪ੍ਰਣਾਲੀ ਨੂੰ ਸਮਾਪਤ ਕਰਨ ਲਈ ਅਮਲੀ ਕਦਮ ਵੀ ਚੁੱਕੇ। ਖਾਲਸਾ ਪੰਥ ਵਿਚ ਉਨ੍ਹਾਂ ਹਰ ਉੱਚੀ ਨੀਵੀਂ ਜਾਤ ਦੇ ਲੋਕਾਂ ਨੂੰ ਸ਼ਾਮਲ ਕੀਤਾ। ਉਨਾਂ ਲਈ ਸਭ ਜਾਤਾਂ ਬਰਾਬਰ ਸਨ। ਹਿੰਦੂਆਂ ਦੀਆਂ ਚਾਰੇ ਜਾਤੀਆਂ ਉਨ੍ਹਾਂ ਲਈ ਇਕੋ ਜਾਤ ਸਨ। ਉਹ ਇਸਦੀ ਤੁਲਨਾ ਇਕ ਪਾਨਾਂ ਦੀ ਉਦਾਹਰਣ ਨਾਲ ਕਰਦੇ ਹੋਏ ਕਹਿੰਦੇ ਹਨ ਕਿ ਜਿਸ ਤਰ੍ਹਾਂ ਪਾਨ, ਸੁਪਾਰੀ, ਚੂਨਾ, ਕੱਥਾ ਇਕੱਲੇ ਇਕੱਲੇ ਬੁਲ੍ਹਾਂ ਨੂੰ ਲਾਲ ਨਹੀਂ ਕਰਦੇ, ਦੰਦਾਂ ਨੂੰ ਤਾਕਤ ਅਤੇ ਜੀਭ ਨੂੰ ਸਵਾਦ ਨਹੀਂ ਬਖਸ਼ਦੇ ਉਸੇ ਤਰ੍ਹਾਂ ਹੀ ਚਾਰ ਜਾਤਾਂ ਦੀ ਵੱਖ ਵੱਖ ਕੋਈ ਮਹੱਤਤਾ ਨਹੀਂ। ਸਭ ਜਾਤੀਆਂ ਨੂੰ ਖਾਲਸਾ ਰੂਪ ਦੇ ਕੇ, ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ, ਉਨ੍ਹਾਂ ਨੇ ਧਾਰਮਿਕ ਜਾਂ ਮਜ਼ਬੀ ਵਿਤਕਰੇ ਸਾਜ ਕੇ ਇਕ ਅਜਿਹਾ ਭਾਈਚਾਰਾ ਕਾਇਮ ਕਰ ਦਿੱਤਾ ਜਿਥੇ ਨੀਵੇਂ ਅਤੇ ਉਚੇ ਸਭ ਬਰਾਬਰ ਸਨ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ, ਜਨਮ, ਦਰਜਾ ਅਤੇ ਧਰਮ ਦੀਆਂ ਸਭ ਵਿਥਾਂ ਮਿਟਾ ਕੇ ਨੀਵਿਆਂ ਨੂੰ ਉੱਚਿਆਂ ਨਾਲ ਮਿਲਾ ਦਿੱਤਾ। ਉਨ੍ਹਾਂ ਨੇ ਮਰਦਾਂ ਦੀ ਮਰਦਾਨਗੀ ਅਤੇ ਇਸਤਰੀਆਂ ਦੀ ਸ਼ਾਨ ਸਥਾਪਿਤ ਕੀਤੀ। ਖਾਲਸਾ ਦੀ ਸਿਰਜਣਾ ਸਮੇਂ ਗੁਰੂ ਜੀ ਨੇ ਆਖਿਆ ਸੀ, ''ਅੱਜ ਤੋਂ ਮੈਂ ਇਕ ਨਵਾਂ ਪੰਥ ਸਾਜਿਆ ਹੈ, ਇਥੇ ਉਚ ਨੀਚ ਦਾ

ਵਿਤਕਰਾ ਨਹੀਂ ਹੋਵੇਗਾ। ਇਸ ਲਈ ਲੋਕਾਂ ਨੂੰ ਬਰਾਬਰ ਦੇ ਅਧਿਕਾਰ, ਸਗੋਂ ਗੁਰੂ ਨਾਲੋਂ ਵੀ ਵੱਧ ਸ਼ਕਤੀ ਪ੍ਰਾਪਤ ਹੋਵੇਗੀ। ਇਸ ਸੰਬੰਧ ਵਿਚ ਡਾ. ਜੀ.ਸੀ. ਨਾਰੰਗ ਲਿਖਦੇ ਹਨ ਕਿ ''ਧਰਮ ਤੰਤਰੀ ਪਰਜਾਤੰਤਰ ਸਥਾਪਿਤ ਕਰਨਾ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਕਦਮ ਸੀ ਜੋ ਉਨ੍ਹਾਂ ਨੇ ਏਕਤਾ ਜੋ ਕਿ ਰਾਸ਼ਟਰਵਾਦ ਦਾ ਪਹਿਲਾ ਤੱਤ ਹੈ ਲਿਆਉਣ ਲਈ ਚੁੱਕਿਆ।''

**ਵਿਅਕਤੀ ਪੂਜਾ ਦਾ ਕਰੜਾ ਵਿਰੋਧ :**

ਉਹ ਕਿਸੇ ਵਿਅਕਤੀ ਦੀ ਪੂਜਾ ਦੇ ਸਖਤ ਵਿਰੁੱਧ ਸਨ। ਇਥੋਂ ਤੱਕ ਕਿ ਉਹਨਾਂ ਨੇ ਆਪਣੇ ਸਿੱਖਾਂ ਨੂੰ ਹੁਕਮ ਦਿੱਤਾ ਸੀ ਕਿ ਉਹ ਉਨ੍ਹਾਂ ਦੀ ਪੂਜਾ ਵੀ ਨਾ ਕਰਨ ਅਤੇ ਨਾ ਹੀ ਉਨ੍ਹਾਂ ਨੂੰ ਗੁਰੂ ਕਹਿ ਕੇ ਸੰਬੋਧਨ ਕਰਨਾ। ਅਜਿਹੀ ਮਿਸਾਲ ਸੰਤ ਮੱਤ ਵਿਚ ਪਹਿਲਾਂ ਕਿਧਰੇ ਵੀ ਨਹੀਂ ਮਿਲਦੀ। ਆਪਣੇ ਬਚਿੱਤਰ ਨਾਟਕ ਵਿਚ ਗੁਰੂ ਗੋਬਿੰਘ ਸਿੰਘ ਜੀ ਨੇ ਇਵੇਂ ਆਖਿਆ ਹੈ :

ਜੋ ਹਮ ਕੋ ਪਰਮੇਸੁਰ ਉਚਰਿ ਹੈ। ਤੇ ਸਭ ਨਰਕਿ ਕੁੰਡ ਮਹਿ ਪਰੇ ਹੋ ।।

ਮੈ ਹੋ ਪਰਮ ਪੁਰਖ ਕੇ ਦਾਸਾ। ਦੇਖਨਿ ਆਯੋ ਜਗਤ ਤਮਾਸਾ ।।

(ਬਚਿੱਤਰ ਨਾਟਕ, ਅਧਿਆਇ 631-632)

ਭਾਵ ''ਜਿਹੜਾ ਮੈਨੂੰ ਪਰਮੇਸ਼ਰ ਕਹਿ ਕੇ ਬੁਲਾਉਂਦਾ ਹੈ ਉਹ ਘੋਰ ਨਰਕ ਵਿਚ ਡਿੱਗਦਾ ਹੈ ਮੈਨੂੰ ਪਰਮਾਤਮਾ ਦਾ ਦਾਸ ਹੀ ਸਮਝੋ। ਮਨ ਵਿਚ ਅਜਿਹੀ ਸ਼ੰਕਾ ਨਾ ਰੱਖੋ, ਮੈਂ ਕੇਵਲ ਪਰਮੇਸ਼ਰ ਦਾ ਹੀ ਦਾਸ ਹਾਂ ਅਤੇ ਉਸ ਦੁਆਰਾ ਸਿਰਜਣਾ ਕੀਤੇ ਜਗਤ ਦਾ ਤਮਾਸ਼ਾ ਵੇਖਣ ਆਇਆਂ ਹਾਂ।'' ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਆਪ ਨੂੰ ਅਵਤਾਰ ਮੰਨੇ ਜਾਂ ਸਮਝੇ ਜਾਣ ਤੋਂ ਵਰਜਿਤ ਕੀਤਾ ਜੋ ਸਿੱਧ ਕਰਦਾ ਹੈ ਕਿ ਮੂਲ ਰੂਪ ਵਿਚ ਉਹ ਇਕ ਪਰਜਾਤੰਤਰੀ ਸਨ।

**ਧਾਰਮਿਕ ਪਰੰਪਰਾਵਾਂ ਦੀ ਸਹਿਹੋਂਦ :**

ਗੁਰੂ ਗੋਬਿੰਦ ਸਿੰਘ ਜੀ ਨੇ ਧਾਰਮਿਕ ਸਹਿਨਸ਼ੀਲਤਾ ਤੇ ਸਹਿਹੋਂਦ ਦਾ ਪ੍ਰਚਾਰ ਕੀਤਾ। ਉਹ ਕਿਸੇ ਧਾਰਮਿਕ ਪਰੰਪਰਾ ਵਿਰੁੱਧ ਨਹੀਂ ਸੀ। ਉਹ ਤਾਂ ਕੇਵਲ ਇਹ ਚਾਹੁੰਦੇ ਸਨ ਕਿ ਸਭ ਧਰਮਾਂ ਦੇ ਲੋਕਾਂ ਵਿਚ ਇੱਕਠੇ ਰਹਿਣ ਦੀ ਭਾਵਨਾ ਹੋਵੇ ਅਤੇ ਕੋਈ ਵੀ ਧਰਮ ਕਿਸੇ ਉਪਰ ਉਸ ਦੀ ਮਰਜ਼ੀ ਤੋਂ ਬਿਨ੍ਹਾਂ ਠੋਸਿਆ ਨਾ ਜਾਵੇ। ਮੁਗਲ ਹਾਕਮਾਂ ਵਿਰੁੱਧ ਤਲਵਾਰ ਉਠਾਉਣ ਪਿੱਛੇ ਵੀ ਉਨ੍ਹਾਂ ਦਾ ਇਹੀ ਆਦਰਸ਼ ਕੰਮ ਕਰ ਰਿਹਾ ਸੀ। ਜਿਥੇਅਤੇ ਜਦੋਂ ਵੀ ਉਨ੍ਹਾਂ ਨੂੰ ਵਿਸ਼ਵਾਸ ਹੋਇਆ ਕਿ ਕਿਸੇ ਨੂੰ ਸਹੀ ਰੂਪ ਵਿਚ ਸਹਾਇਤਾ ਦੀ ਲੋੜ ਹੈ ਉਹ ਬਿਨਾਂ ਹਿੰਦੂ, ਸਿੱਖ, ਮੁਸਲਮਾਨ ਦਾ ਫਰਕ ਕੀਤਿਆਂ ਉਸ ਦੀ ਮਦਦ ਕਰਦੇ ਰਹੇ। ਜੇ ਉਦਾਹਰਣ ਲੱਭਣੀ ਹੋਵੇ ਤਾਂ ਅਨੇਕਾਂ ਮਿਸਾਲਾਂ ਵਿਚੋਂ ਕੇਵਲ ਅਖੀਰਲੇ ਬਾਦਸ਼ਾਹ ਬਹਾਦਰਸ਼ਾਹ ਦੀ ਇਕ ਮਿਸਾਲ ਹੀ ਕਾਫੀ ਹੈ ਜਿਥੇ ਉਸ ਨੂੰ ਸਹਾਇਤਾ ਦੇਣ ਵਾਲਿਆਂ ਵਿਚੋਂ ਸਭ ਤੋਂ ਪਹਿਲੇ ਗੁਰੂ ਸਾਹਿਬ ਜੀ ਸਨ।

ਔਰੰਗਜ਼ੇਬ ਦੀ ਮੌਤ ਪਿੱਛੋਂ ਜਦੋਂ ਬਹਾਦਰ ਸ਼ਾਹ ਦੇ ਛੋਟੇ ਭਰਾ ਮੁਹੰਮਦ ਆਜ਼ਮ ਨੇ ਉਸ ਦੀ ਗੱਦੀ ਖੋਹ ਲਈ ਸੀ, ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਮਦਦ ਨਾਲ ਹੀ ਉਸ ਨੂੰ ਆਪਣਾ ਖੋਹਿਆ ਹੋਇਆ ਤਖਤ ਦੁਬਾਰਾ ਨਸੀਬ ਹੋਇਆ। ਇਸ ਉਦਾਹਰਨ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਇਸਲਾਮ ਧਰਮ ਦੇ ਵਿਰੋਧੀ ਨਹੀਂ ਸਨ ਸਗੋਂ ਉਨ੍ਹਾਂ ਦਾ ਮੰਤਵ ਕੇਵਲ ਸਭ ਧਰਮਾਂ ਅਤੇ ਮਜ਼ਬਾਂ ਦੀ ਸਹਿਹੋਂਦ

ਤੇ ਜ਼ੋਰ ਦੇਣਾ ਸੀ। ਇਸ ਕਾਰਜ ਲਈ ਉਹ ਆਤਮਕ ਪ੍ਰੇਰਣਾ ਦਿੰਦੇ ਸਨ। ਮੁਗਲਾਂ ਵਾਂਗ ਤਲਵਾਰ ਦੇ ਜ਼ੋਰ ਨਾਲ ਜਬਰੀ ਧਰਮ ਠੋਸੇ ਜਾਣ ਦੇ ਵਿਰੁੱਧ ਸਨ। ਉਨ੍ਹਾਂ ਦੇ ਵਿਚਾਰ ਅਨੁਸਾਰ, ''ਮੰਦਰ ਅਤੇ ਮਸਜਿਦ ਮਾਨਸ ਦੀ ਜਾਤ ਦੀ ਇਕ ਮਹੱਤਤਾ ਸੀ, ਹਿੰਦੂ ਜਾਂ ਮੁਸਲਮਾਨਾਂ ਦੀ ਪੂਜਾ ਦਾ ਮੰਤਵ ਵੀ ਇਕੋ ਟੀਚੇ ਦੀ ਪ੍ਰਾਪਤੀ ਸੀ।''

## ਦੇਸ਼ ਭਗਤੀ ਦੀ ਹਮਾਇਤ :

ਗੁਰੂ ਗੋਬਿੰਦ ਸਿੰਘ ਜੀ ਦੇਸ਼ ਭਗਤੀ ਦੇ ਮਹਾਨ ਹਮਾਇਤੀ ਸੀ। ਉਨ੍ਹਾਂ ਨੂੰ ਭਾਰਤ ਵਾਸੀਆਂ ਤੋਂ ਆਜ਼ਾਦ ਕਰਾਉਣ ਵਾਲਾ ਮੁਕਤਾ ਦਾਤਾ ਆਖਿਆ ਜਾ ਸਕਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ ਕਿ ਲੋਕਾਂ ਦੇ ਪਤਨ ਦਾ ਕਾਰਜ ਏਕਤਾ ਅਤੇ ਭ੍ਰਾਤੀਅਤਾ ਦੇ ਜਜ਼ਬੇ ਦੀ ਘਾਟ ਸੀ। ਫੁੱਟ ਦਾ ਸ਼ਿਕਾਰ ਸਮਾਜ ਨੂੰ ਇਕ ਕਰਨ ਵਾਸਤੇ ਉਨ੍ਹਾਂ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਅਤੇ ਇਸ ਰਾਹੀਂ ਇਕ ਅਜਿਹਾ ਸਮਾਜ ਉਸਾਰਨ ਤੇ ਜ਼ੋਰ ਦਿੱਤਾ ਜੋ ਜਾਤ-ਪਾਤ ਤੇ ਊਚ ਨੀਚ ਦੇ ਵਿਤਕਰਿਆਂ ਤੋਂ ਮੁਕਤ ਸੀ। ਉਨ੍ਹਾਂ ਨੇ ਲੋਕ ਕੰਮਾਂ ਲਈ ਤਲਵਾਰ ਉਠਾਉਣ ਦਾ ਸਬਕ ਸਿਖਾਇਆ। ਉਨ੍ਹਾਂ ਨੇ ਬਦੇਸ਼ੀ ਹਾਕਮਾਂ ਦੇ ਰਾਜਨੀਤਿਕ ਜ਼ੁਲਮਾਂ ਵਿਰੁੱਧ ਰੋਹ ਭਰੀ ਆਵਾਜ਼ ਬੁਲੰਦ ਕੀਤੀ। ਮੁਗਲਾਂ ਵਿਰੁੱਧ ਰੋਸ ਪ੍ਰਗਟਾਉਣ ਅਤੇ ਜੰਗਾਂ ਰਾਹੀਂ ਉਨ੍ਹਾਂ ਨੇ ਦੇਸ਼ ਵਾਸੀਆਂ ਅੰਦਰ ਦੇਸ਼ ਭਗਤੀ ਦੀ ਇਕ ਨਵੀਂ ਰੂਹ ਫੂਕ ਦਿੱਤੀ। ਡਾਕਟਰ ਗੋਕਲ ਚੰਦ ਨਾਰੰਗ ਦੇ ਕਥਨ ਅਨੁਸਾਰ, ''ਗੁਰੂ ਜੀ ਦੇ ਸਨਮੁੱਖ ਇਕ ਉਦੇਸ਼ ਸੀ ਨਿਰਉਤਸ਼ਾਹ ਹੋ ਚੁੱਕੇ ਲੋਕਾਂ ਵਿਚ ਨਵੀਂ ਜਾਨ ਪਾ ਕੇ ਉਨ੍ਹਾਂ ਨੂੰ ਜਗਾਉਣਾ। ਉਨ੍ਹਾਂ ਨੂੰ ਆਪਣੇ ਵਿਚਲੇ ਮਤਭੇਦ ਤੇ ਵਿਤਕਰੇ ਮਿਟਾ ਕੇ ਜ਼ੁਲਮ ਵਿਰੁੱਧ ਇਕ ਮੁਠ ਹੋਣ ਲਈ ਪ੍ਰੇਰਿਤ ਕਰਨਾ ਅਤੇ ਉਹਨਾਂ ਵਿਚ ਸਵੈ ਸਤਿਕਾਰ ਦੀ ਭਾਵਨਾ ਪੈਦਾ ਕਰਨਾ ਕੁੱਝ ਅਜਿਹੇ ਟੀਚੇ ਸਨ ਜਿਹਨਾਂ ਨੂੰ ਹਾਸਲ ਕਰਨਾ ਗੁਰੂ ਗੋਬਿੰਦ ਸਾਹਿਬ ਨੇ ਆਪਣਾ ਉਦੇਸ਼ ਬਣਾਇਆ। ਥੋੜ੍ਹੇ ਸ਼ਬਦਾਂ ਵਿਚ ਉਨ੍ਹਾਂ ਨੂੰ ਇਕ ਵਾਰ ਫੇਰ ਜਿਉਂਦੀ ਕੌਮ ਬਣਾਉਣਾ ਅਤੇ ਆਪਣੀ ਗੁਆਚੀ ਸੁਤੰਤਰਤਾ ਨੂੰ ਮੁੜ ਪ੍ਰਾਪਤ ਕਰਨ ਦੇ ਯੋਗ ਬਣਾਉਣਾ ਸੀ।

## ਸਮਾਨਤਾ ਸੰਬੰਧੀ ਵਿਚਾਰ :

ਗੁਰੂ ਨਾਨਕ ਵਾਂਗ ਹੀ ਗੁਰੂ ਗੋਬਿੰਦ ਸਿੰਘ ਮਨੁੱਖੀ ਜਾਤੀ ਨੂੰ ਸਮਾਨਤਾ ਦਾ ਦਰਜਾ ਦੇਂਦੇ ਸਨ। ਮਾਨਵ ਏਕਤਾ ਜਾਂ ਮਾਨਵ ਸਮਾਨਤਾ ਸੰਬੰਧੀ ਉਹ ਬੜੇ ਦ੍ਰਿੜ੍ਹ ਵਿਸ਼ਵਾਸੀ ਸਨ। ਮਨੁੱਖੀ ਏਕਤਾ ਤੇ ਵਿਸ਼ਵਾਸ ਦ੍ਰਿੜਾਉਂਦਿਆਂ ਉਹ ਅਕਾਲ ਉਸਤਿਤ ਵਿਚ ਫਰਮਾਉਂਦੇ ਹਨ :

ਕੋਊ ਭਇਓ ਮੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ, ਕੋਉ ਜਤੀ ਅਨੁਮਾਨਬੋ।
ਹਿੰਦੂ ਤੁਰਕ, ਕੋਊ ਹਾਫਿਜੀ ਇਮਾਮ ਸਾਫੀ।
ਮਾਨਵ ਕੀ ਜਾਤਿ ਸਭੈ ਏਕੇ ਪਹਚਾਨਬੋ।
ਕਰਤਾ ਕਰੀਮ ਸੋਈ, ਰਾਜ਼ਿਕ ਰਹੀਮ ਊਈ
ਦੂਸਰੇ ਨਾ ਭੇਦ ਕੋਈ, ਭੂਲਿ ਭ੍ਰਮ ਮਾਨਬੋ।
ਏਕ ਹੀ ਕੀ ਸਵ, ਸਵ ਹੀ ਕੋ ਗੁਰਦੇਵ ਏਕ,

. G.C. Narang, Transformation of Sikhism, p. 82.

ਏਕ ਹੀ ਸਰੂਪ ਸਬੈ, ਏਕੈ ਜੋਤਿ ਜਾਨਬੋ।
ਦੇਹਰਾ ਮਸੀਤ ਸੋਈ, ਪੂਜਾ ਐ ਨਿਵਾਜ ਓਈ,
.........................................................
ਅਲਾਹ ਅਭੇਖ ਸੋਈ, ਪਰਾਨ ਅਓ ਕੁਰਾਨ ਓਈ,
ਏਕ ਹੀ ਸਰੂਪ ਸਭੇ, ਏਕ ਹੀ ਬਨਾਓ ਹੈ

ਭਾਵ ਸਾਰੀ ਮਨੁੱਖਤਾਂ ਨੂੰ, ਭਾਵੇਂ ਉਹ ਹਿੰਦੂ ਹੈ, ਜਾਂ ਮੁਸਲਮਾਨ, ਇਕੋ ਜਿਹਾ ਪਹਿਚਾਣੋ। ਉਹ ਪਰਮੇਸਰ ਸਾਰਿਆਂ ਦਾ ਰਚਣਹਾਰਾ ਅਤੇ ਪਾਲਣਹਾਰਾ ਹੈ। ਉਹਨਾਂ ਵਿਚ ਕੋਈ ਭੇਦਭਾਵ ਨਾ ਕਰੋ। ਮੱਠ ਅਤੇ ਮਸਜਿਦ, ਹਿੰਦੂ ਅਤੇ ਮੁਸਲਮਾਨ ਦੀ ਪ੍ਰਾਰਥਨਾ ਇਕੋ ਜਿਹੀ ਹੈ, ਸਭ ਆਦਮੀ ਇਕੋ ਜਿਹੇ ਹਨ।''

ਉਨ੍ਹਾਂ ਨੇ ਸਮਾਨਤਾ ਦਾ ਕੇਵਲ ਸਬਕ ਹੀ ਨਹੀਂ ਸਿਖਾਇਆ ਸਗੋਂ ਆਪ ਇਸ ਤੇ ਅਮਲ ਕੀਤਾ। ਖਾਲਸਾ ਪੰਥ ਦੀ ਸਿਰਜਣਾ ਸਮੇਂ ਗੁਰੂ ਜੀ ਨੇ ਪਹਿਲਾਂ ਪੰਜ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦਿੱਤੀ ਅਤੇ ਫਿਰ ਆਪ ਉਨ੍ਹਾਂ ਪਾਸੋਂ ਅੰਮ੍ਰਿਤ ਪਾਨ ਕੀਤਾ। ਇਹ ਮਨੁੱਖਤਾ ਦੇ ਇਤਿਹਾਸ ਵਿਚ ਇਕ ਵਾਹਦ ਮਿਸਾਲ ਹੈ ਜਿਥੇ ਕਿਸੇ ਗੁਰੂ ਨੇ ਆਪਣੇ ਚੇਲਿਆਂ ਨੂੰ ਬਰਾਬਰੀ ਦਾ ਦਰਜਾ ਪ੍ਰਦਾਨ ਕੀਤਾ ਹੋਵੇ। ਉਨ੍ਹਾਂ ਦਾ ਸਾਜਿਆ ਖਾਲਸਾ ਨਿਰਸੰਦੇਹ ਸਮਾਨਤਾ ਦਾ ਸਭ ਤੋਂ ਉੱਤਮ ਨਮੂਨਾ ਸੀ। ਉਨ੍ਹਾਂ ਨੇ ਇਸ ਵਿਚ ਹਰ ਜਾਤੀ ਦੇ ਲੋਕਾਂ ਨੂੰ ਸ਼ਾਮਿਲ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਨੀਵੇਂ ਲੋਕਾਂ ਦਾ ਦਰਜਾ ਉੱਚਾ ਕਰਕੇ ਉਨ੍ਹਾਂ ਨੂੰ ਸਮਾਜ ਦੇ ਦੂਸਰੇ ਵਰਗਾਂ ਦੇ ਬਰਾਬਰ ਲੈ ਆਂਦਾ। ਉਹ ਛੂਤ ਛਾਤ ਦਾ ਤਿਰਸਕਾਰ ਕਰਦੇ ਸਨ ਅਤੇ ਸਹੀ ਅਰਥਾਂ ਵਿਚ ਸਮਾਨਤਾ ਦੇ ਹਾਮੀ ਸਨ। ਆਧੁਨਿਕ ਭਾਰਤੀ ਚਿੰਤਕਾਂ ਦੀਆ ਨਜ਼ਰਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸਮਾਨ ਭਾਵਨਾ ਵਾਲਾ ਆਦਰਸ਼ ਸਾਡੇ ਸੰਵਿਧਾਨ ਦੇ 11ਵੇਂ ਅਨੁਛੇਦ ਦੀ ਸ਼ਕਲ ਵਿਚ ਸੰਵਿਧਾਨ ਦਾ ਇਕ ਭਾਗ ਹੈ। ਗੁਰੂ ਜੀ ਨੇ ਆਪਣੇ ਸ਼ਬਦਾਂ ਵਿਚ, ''ਅੱਜ ਇਸ ਖਾਲਸਾ ਰੂਪੀ ਨਵੇਂ ਧਰਮ ਦੀ ਮੈਂ ਸਥਾਪਨਾ ਕੀਤੀ ਹੈ। ਇਸ ਵਿਚ ਕੋਈ ਉੱਚਾ ਜਾਂ ਨੀਵਾਂ ਨਹੀਂ ਹੋਵੇਗਾ। ਮੈਂ ਇਹ ਭ੍ਰਾਤੀਅਤਾ ਇਸ ਲਈ ਸਥਾਪਤ ਕਰ ਰਿਹਾ ਹਾਂ ਕਿ ਇਸਦਾ ਮੁੱਖ ਆਧਾਰ ਸਮਾਨਤਾ ਹੀ ਬਣਿਆ ਰਹੇ। ਮੇਰੇ ਧਰਮ ਵਿਚ ਸਭ ਬਰਾਬਰ ਹੋਣ।'' ਇਸ ਪੱਖ ਤੋਂ ਜ਼ੋਰ ਦਿੰਦਿਆਂ ਉਨ੍ਹਾਂ ਖਾਲਸਾ ਪੰਥ ਦੀ ਸਥਾਪਨਾ ਵੇਲੇ ਹੀ ਇਉਂ ਸਪੱਸ਼ਟ ਕੀਤਾ ਸੀ, ''ਅੱਜ ਤੋਂ ਪਿੱਛੋਂ ਤੁਸੀ ਇਕ ਦੂਜੇ ਦੇ ਭਰਾ ਦਾ ਦਰਜਾ ਰੱਖੋਗੇ। ਤੁਹਾਡਾ ਜਨਮ ਕਰਕੇ ਨਹੀਂ ਸਗੋ ਤੁਹਾਡੇ ਕਰਮ ਨਾਲ ਤੁਹਾਡਾ ਸਮਾਜ ਵਿਚ ਸਥਾਨ ਨਿਸ਼ਚਿਤ ਹੋਵੇਗਾ।''

ਜ਼ਿੰਦਗੀ ਦੇ ਹਰ ਖੇਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪੁਰਸ਼ਾਂ ਤੇ ਇਸਤਰੀਆਂ ਵਿਚ ਸਮਾਨਤਾ ਦਰਸਾਈ ਹੈ। ਗੁਰੂ ਗੋਬਿੰਦ ਸੰਘ ਜੀ ਨੇ ਇਸਤਰੀ ਤੇ ਪੁਰਸ਼ਾਂ ਵਿਚ ਸਿੱਧਾਂਤਕ ਤੌਰ ਤੇ ਸਮਾਨਤਾ ਦੀ ਗੱਲ ਹੀ ਨਹੀਂ ਕੀਤੀ ਸਗੋਂ ਇਸਤਰੀ ਨੂੰ ਹਰ ਖੇਤਰ ਵਿਚ ਪੁਰਸ਼ ਦੇ ਬਰਾਬਰ ਦਰਜਾ ਦਿੱਤਾ। ਉਨ੍ਹਾਂ ਨੇ ਆਦੇਸ਼ ਦਿੱਤਾ ਕਿ ਇਸਤਰੀ ਨੂੰ ਨਾ ਬੌਧਿਕ ਤੇ ਨਾ ਹੀ ਹੋਰ ਕਿਸੇ ਪੱਖ ਤੋਂ ਪੁਰਸ਼ ਨਾਲੋਂ ਹੀਣ ਸਮਝਿਆ ਜਾਵੇ। ਇਸਤਰੀ ਨੂੰ ਵੀ ਉਨ੍ਹਾਂ ਨੇ ਉਸੇ ਭਾਂਤ ਹੀ ਅੰਮ੍ਰਿਤ ਪਾਨ ਕਰਾਇਆ, ਜਿਸ ਤਰ੍ਹਾਂ ਕਿ ਪੁਰਸ਼ ਨੇ ਕੀਤਾ ਸੀ ਅਤੇ ਉਸ ਨੂੰ ਵੀ ਸਭ ਜ਼ਿੰਮੇਵਾਰੀਆਂ ਦਿੱਤੀਆਂ ਜੋ ਪੁਰਸ਼ਾਂ ਲਈ ਲਾਜ਼ਮੀ ਸਨ। ਉਨ੍ਹਾਂ ਨੂੰ ਬਾਣੀ ਪੜ੍ਹਨ ਤੇ ਉਸ ਦੀ ਅਗਵਾਈ ਕਰਨ ਦਾ ਅਧਿਕਾਰ ਦਿੱਤਾ ਗਿਆ। ਮਨੁੱਖੀ ਸੰਬੰਧਾਂ ਵਿਚ ਇਹ ਇਕ ਵੱਡੀ ਕ੍ਰਾਂਤੀ ਸੀ ਜੋ ਗੁਰੂ ਜੀ ਨੇ ਲਿਆਂਦੀ ਸੀ। ਉਸ ਸਮੇਂ ਸਾਰੇ ਸੰਸਾਰ ਵਿਚ ਪ੍ਰਵਰਤਿਤ ਉਨ੍ਹਾਂ ਰਿਵਾਇਤਾਂ ਅਤੇ ਸਮਾਜਿਕ ਸੰਕਲਪਾਂ ਦੇ ਟਾਕਰੇ ਤੇ ਇਕ ਵੱਖਰੀ ਪਰੰਪਰਾ ਕਾਇਮ ਕਰਨਾ ਸੀ। ਇਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਸਤਰੀ ਨੂੰ ਮਰਦ ਦੀ ਗੁਲਾਮੀ ਤੋਂ ਸੁਤੰਤਰ ਕਰਵਾਇਆ ਅਤੇ ਉਨ੍ਹਾਂ

ਲਈ ਜੀਵਨ ਦੇ ਅਨੇਕ ਪਹਿਲੂਆਂ ਤੋਂ ਨਵੇਂ ਰਸਤੇ ਕਾਇਮ ਕੀਤੇ। ਇਸ ਤੋਂ ਭਲੀ ਭਾਂਤ ਸਿੱਧ ਹੋ ਜਾਂਦਾ ਹੈ ਕਿ ''ਗੁਰੂ ਜੀ ਨੇ ਜਨਤੰਤਰੀ ਸਮਾਨਤਾ ਦੇ ਵਿਚਾਰ ਕੇਵਲ ਆਪਣੇ ਅਨੁਯਾਈਆਂ ਵਿਚ ਬਰਾਬਰੀ ਦੇ ਭਾਵ ਪੈਦਾ ਕਰਨ ਨਾਲੋਂ ਕਿਤੇ ਵੱਧ ਇਨਕਲਾਬੀ ਸਨ।''

**ਸਰਬ ਵਿਆਪਕ ਭਾਈਚਾਰਾ :**

ਗੁਰੂ ਗੋਬਿੰਦ ਸਿੰਘ ਜੀ ਨੇ ਸਭ ਜਾਤੀਆਂ ਇੱਕਠੀਆਂ ਕਰਕੇ ਇਕ ਭਾਈਚਾਰਾ ਸਥਾਪਿਤ ਕੀਤਾ। ਇਸ ਵਿਚ ਅਮੀਰ ਅਤੇ ਗਰੀਬ, ਉਚੇ ਅਤੇ ਨੀਵੇਂ ਸਭ ਸ਼੍ਰੇਣੀਆਂ ਦੇ ਲੋਕ ਇਕ ਭਾਈਚਾਰਾ ਹੋ ਨਿੱਬੜੇ ਸੀ। ਖਾਲਸਾ ਪੰਥ ਦੀ ਸਿਰਜਨਾ ਕਰਨ ਪਿੱਛੇ ਗੁਰੂ ਜੀ ਦਾ ਮੁੱਖ ਉਦੇਸ਼ ਇਕ ਅਜਿਹੀ ਕੌਮ ਪੈਦਾ ਕਰਨਾ ਸੀ ਜਿਸ ਦਾ ਆਧਾਰ ਨਿਰੋਲ ਪਿਆਰ ਸੀ। ਸਰਬ ਸਾਂਝੇ ਭਾਈਚਾਰੇ ਦੀਆਂ ਬੁਨਿਆਦਾਂ ਪੱਕੀਆਂ ਕਰਕੇ ਉਨ੍ਹਾਂ ਨੇ ਅਮਲੀ ਦੁਨੀਆਂ ਨੂੰ ਇਕ ਨਵੀਂ ਸੇਧ ਪ੍ਰਦਾਨ ਕੀਤੀ। ਗੁਰੂ ਗੋਬਿੰਦ ਸੰਘ ਜੀ ਨੇ ਹਿੰਦੂ ਮੱਤ ਅਨੁਸਾਰ ਚਾਰ ਵਰਣਾਂ ਦੇ ਸਿੱਧਾਂਤ ਨੂੰ ਅਸਵੀਕਾਰ ਕੀਤਾ। ਉਨ੍ਹਾਂ ਵਿਸ਼ਵ ਭਾਈਚਾਰੇ ਦਾ ਇਕ ਨਵਾਂ ਸੰਕਲਪ ਕੀਤਾ ਜਿਥੇ ਸਭ ਮਨੁੱਖ ਦੇ ਹੱਕ ਬਰਾਬਰ ਸਨ। ਸ਼੍ਰੇਣੀ ਅਤੇ ਜਾਤੀ ਵੰਡਾਂ ਦੀ ਉਥੇ ਕੋਈ ਹੋਂਦ ਨਹੀਂ ਸੀ। ਕੋਈ ਵੀ ਗਿਆਨਵਾਨ ਵਿਅਕਤੀ ਧਾਰਮਿਕ ਸੰਸਕਾਰਾਂ ਨੂੰ ਸੇਧ ਦੇਣ ਲਈ ਅਗਵਾਈ ਦੇ ਸਕਦਾ ਸੀ। ਧਰਮ ਉਨ੍ਹਾਂ ਲਈ ਇਕ ਪਵਿੱਤਰ ਆਤਮਕ ਚਰਮ ਸੀ ਜਿਸ ਵਿਚ ਕਰਮ ਕਾਂਡ ਦਾ ਕੋਈ ਦਖਲ ਨਹੀਂ ਸੀ, ਇਵੇਂ ਕਰਮ ਕਾਂਡ ਦੀ ਅਣਹੋਂਦ ਕਾਰਨ ਪੁਜਾਰੀ ਸ਼੍ਰੇਣੀ ਆਪਣੇ ਆਪ ਖਤਮ ਹੋ ਗਈ।

**ਲੋਕਾਂ ਦੀ ਪ੍ਰਭੂਤਾ :**

ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਦੀ ਸਰਦਾਰੀ ਅਤੇ ਪ੍ਰਭੂਤਾ ਦਾ ਮੁੱਢ ਬੰਨ੍ਹਿਆ ਅਤੇ ਇਸ ਉਦੇਸ਼ ਦਾ ਪ੍ਰਚਾਰ ਕੀਤਾ। ਉਨ੍ਹਾਂ ਦਾ ਮੱਤ ਕਿ ਸਰਬ ਸ਼੍ਰੇਸ਼ਟ ਸ਼ਕਤੀ ਦੇ ਮਾਲਕ ਲੋਕ ਹਨ ਅਤੇ ਲੋਕ ਹੀ ਅਸਲ ਵਿਚ ਬਾਦਸ਼ਾਹ ਮੰਨੇ ਜਾਣੇ ਚਾਹੀਦੇ ਹਨ। ਸੰਗਤ ਨੂੰ ਵਿਸ਼ੇਸ਼ ਰੂਪ ਵਿਚ ਮਹਾਨਤਾ ਦਿੰਦਿਆਂ ਉਨ੍ਹਾਂ ਨੇ ਸੰਗਤ ਦਾ ਦਰਜਾ ਸਭ ਤੋਂ ਉੱਚਾ ਰੱਖਿਆ ਅਤੇ ਆਪਣੇ ਅਨੁਯਾਈਆਂ ਨੂੰ ਸੰਗਤ ਦੇ ਸੰਕਲਪ ਅਨੁਕੂਲ ਰਲਣ ਦੀ ਸਿੱਖਿਆ ਦਿੱਤੀ। ਇਤਿਹਾਸ ਵਿਚ ਇਸ ਦਾ ਲਿਖਤੀ ਪ੍ਰਮਾਣ ਇਵੇਂ ਆਉਂਦਾ ਹੈ ਕਿ ਜਦੋਂ ਚਮਕੌਰ ਦੀ ਗੜ੍ਹੀ ਵਿਚ ਮੁਗਲਾਂ ਵਿਰੁੱਧ ਯੁੱਧ ਲੜਦਿਆਂ ਹੋਇਆਂ ਅਜਿਹੀ ਸਥਿਤੀ ਪੈਦਾ ਹੋ ਗਈ ਕਿ ਗੁਰੂ ਜੀ ਕੋਲ ਯੁੱਧ ਲਈ ਕੋਈ ਸਾਜ-ਸਮਾਨ ਨਾ ਰਿਹਾ ਤਾਂ ਗੁਰੂ ਜੀ ਦੇ ਸਿੱਖਾਂ ਨੇ ਉਨ੍ਹਾਂ ਨੂੰ ਗੜ੍ਹੀ ਛੱਡ ਦੇਣ ਦੀ ਸਲਾਹ ਦਿੱਤੀ। ਗੁਰੂ ਜੀ ਇਵੇਂ ਗੜ੍ਹੀ ਤਿਆਗ ਜਾਣ ਦੇ ਵਿਰੁੱਧ ਸਨ। ਪਰ ਜਦੋਂ ਪੰਜ ਸਿੱਖਾਂ ਨੇ ਪੰਜਾਂ ਪਿਆਰਿਆਂ ਭਾਵ ਸੰਗਤ ਦੇ ਰੂਪ ਵਿਚ ਉਨ੍ਹਾਂ ਨੂੰ ਗੜ੍ਹੀ ਛੱਡ ਦੇਣ ਦਾ ਹੁਕਮ ਦਿੱਤਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਹੁਕਮ ਸਵੀਕਾਰ ਕਰ ਲਿਆ। ਇਸ ਤੋਂ ਸਪਸ਼ੱਟ ਹੈ ਕਿ ਉਹ ਸੰਗਤ ਦੇ ਸਿੱਧਾਂਤ ਵਿਚ ਵਿਸ਼ਵਾਸ ਹੀ ਨਹੀਂ ਰੱਖਦੇ ਸਨ ਬਲਕਿ ਇਸ ਤੇ ਪੂਰਾ ਅਮਲ ਕਰਦੇ ਸਨ। ਉਨ੍ਹਾਂ ਦਾ ਲੋਕਾਂ ਨੂੰ ਇਸ ਤਰ੍ਹਾਂ ਉੱਚਾ ਦਰਜਾ ਦੇਣ ਦਾ ਸੰਕਲਪ ਉਨ੍ਹਾਂ ਦੇ ਹੇਠ ਲਿਖੇਬਚਨਾਂ ਤੋਂ ਸਿੱਧ ਹੁੰਦਾ ਹੈ ਜੋ ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਕਹੇ :

ਯੁੱਧ ਜਿਤੇ ਇਨ ਹੀ ਕੇ ਪ੍ਰਸਾਦਿ
ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘੁ ਊਘ ਟਰੇ ਇਨ ਹੀ ਕੇ ਪ੍ਰਸਾਦਿ।
ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ।

ਇਨ ਹੀ ਕਿ ਪ੍ਰਸਾਦਿ ਵਿਦਿਯਾ ਲਈ।
ਇਨ ਹੀ ਕਿ ਕ੍ਰਿਪਾ ਸਭ ਸ਼ਤਰੂ ਮਰੇ।
ਇਨ ਹੀ ਕਿ ਕ੍ਰਿਪਾ ਸੇ ਸਜ਼ੇ ਹਮ ਹੈ
ਨਹੀਂ ਮੋ ਸੋ ਗਰੀਬ ਕਰੋਰ ਪਰੇ। (ਖਾਲਸਾ ਮਹਿਮਾ)

ਇਸ ਸੰਬੰਧ ਵਿਚ ਪ੍ਰਸਿੱਧ ਇਤਿਹਾਸਕਾਰ ਰਤਨ ਸਿੰਘ ਭੰਗੂ ਜਿਸ ਦੇ ਪਰਿਵਾਰ ਨੇ ਅਠਾਰ੍ਹਵੀਂ ਸਦੀ ਵਿਚ ਦੇਸ਼ ਵਿਚ ਸੁਤੰਤਰਤਾ ਲਈ ਸਿੱਖਾਂ ਦੇ ਸੰਗਰਾਮ ਵਿਚ ਸਰਗਰਮ ਹਿੱਸਾ ਲਿਆ, ਲਿਖਦਾ ਹੈ, ''ਗੁਰੂ ਜੀ ਨੇ ਖਾਲਸੇ ਦੀ ਸਿਰਜਨਾ ਇਸ ਲਈ ਕੀਤੀ ਸੀ ਕਿ ਉਹ ਆਪਣੇ ਦੇਸ਼ ਦੇ ਉਨ੍ਹਾਂ ਲੋਕਾਂ ਨੂੰ ਪ੍ਰਭੂ ਬਣਾਉਣਾ ਚਾਹੁੰਦੇ ਸਨ ਜੋ ਗਰੀਬ ਅਤੇ ਨੀਵੇਂ ਸਨ ਅਤੇ ਇਹ ਸ਼ਾਇਦ ਇਸ ਲਈ ਕਿ ਆਉਣ ਵਾਲੇ ਸਮਿਆਂ ਵਿਚ ਲੋਕ ਯਾਦ ਕਰਨਗੇ ਕਿ ਇਤਿਹਾਸ ਵਿਚ ਕੋਈ ਗੁਰੂ ਵੀ ਸੀ ਜਿਸ ਦਾ ਨਾਮ ਗੋਬਿੰਦ ਸਿੰਘ ਸੀ।''

**ਪ੍ਰਜਾਤੰਤਰੀ ਆਦਰਸ਼ਾਂ ਦੀ ਹਮਾਇਤ :**

ਗੁਰੂ ਗੋਬਿੰਦ ਸਿੰਘ ਜੀ ਸਹੀ ਅਰਥਾਂ ਵਿਚ ਪੂਰੇ ਲੋਕਤੰਤਰਵਾਦੀ ਸਨ। ਜਾਤੀ ਵੰਡ ਵਿਚ ਸਮਾਨਤਾ, ਮਾਨਵ ਏਕਤਾ, ਮਰਦ ਤੇ ਇਸਤਰੀਆਂ ਦੇ ਸਮਾਨ ਹੱਕ, ਲੋਕਾਂ ਦੀ ਸਮਰਥਾ ਵਿਚ ਵਿਸ਼ਵਾਸ, ਲੋਕਾਂ ਦੀ ਸੇਵਾ ਤੇ ਲਿੰਕਨ ਦੇ ਕਥਨ ਅਨੁਸਾਰ, ''ਕੇਵਲ ਲੋਕਾਂ ਲਈ'' ਦੇ ਅਸੂਲਾਂ ਦੇ ਉਹ ਹਮਾਇਤੀ ਸਨ। ਲੋਕਾਂ ਦੀ ਸੇਵਾ ਤੇ ਜ਼ੋਰ ਦਿੰਦਿਆਂ ਉਹ ਆਖਦੇ ਸਨ ਕਿ ਜੋ ਲੋਕਾਂ ਦੀ ਸੇਵਾ ਕਰਦਾ ਹੈ, ਮੈਨੂੰ ਖੁਸ਼ ਕਰਦਾ ਹੈ। ਹੋਰ ਕੋਈ ਵੀ ਸ਼ੈ ਮਰੇ ਮਨ ਨੂੰ ਖੁਸ਼ ਨਹੀਂ ਕਰਦੀ। ਜੇਕਰ ਤੁਸੀਂ ਕਰ ਸਕਦੇ ਹੋ ਤਾਂ ਉਹਨਾਂ ਨੂੰ ਦਾਨ ਕਰੋ ਕਿਉਂਕਿ ਕੋਈ ਹੋਰ ਉਨ੍ਹਾਂ ਨੂੰ ਲੈਣ ਦਾ ਹੱਕਦਾਰ ਨਹੀਂ ਹੈ। ਉਨ੍ਹਾਂ ਪ੍ਰਤੀ ਕੀਤਾ ਦਾਨ ਲੋਕ ਪਰਲੋਕ ਵਿਚ ਫਲ ਦਿੰਦਾ ਹੈ ਅਤੇ ਕਿਸੇ ਹੋਰ ਦੀ ਸੇਵਾ ਦਾ ਕੋਈ ਅਰਥ ਨਹੀਂ ਹੈ। ਮੇਰੀਆਂ ਸਾਰੀਆਂ ਮਲਕੀਅਤਾਂ, ਮੇਰਾ ਤਨ, ਮੇਰੀ ਆਤਮਾ ਮੇਰੇ ਲੋਕਾਂ ਦੇ ਸਮਰਪਨ ਹੈ। ਗੁਰੂ ਗੋਬਿੰਦ ਸਿੰਘ ਦੀ ਸ਼ਖਸੀਅਤ ਦੇ ਇਸ ਪੱਖ ਤੇ ਵਿਚਾਰ ਕਰਦਿਆਂ ਡਾਕਟਰ ਗੋਕਲ ਚੰਦ ਨਾਰੰਗ ਲਿਖਦਾ ਹੈ, ''ਗੁਰੂ ਗੋਬਿੰਦ ਸਿੰਘ ਉਹ ਪਹਿਲੇ ਭਾਰਤੀ ਨੇਤਾ ਸਨ ਜਿਨ੍ਹਾਂ ਨੇ ਪਰਜਾਤੰਤਰ ਸਿੱਧਾਂਤ ਦੀ ਸਿੱਖਿਆ ਦੇ ਕੇ ਆਪਣੇ ਅਨੁਯਾਈਆਂ ਨੂੰ ਇਕ ਦੂਜੇ ਦਾ ਸਤਿਕਾਰ ਕਰਨ ਤੇ ਭਰਾ ਬਣ ਕੇ ਰਹਿਣਾ, ਆਮ ਲੋਕਾਂ ਦੀ ਰਾਇ ਦੇ ਆਧਾਰ ਤੋਂ ਗੁਰਮਤਾ ਕਰਨਾ ਸਿਖਾਇਆ ਹੈ।''

ਪਰਜਾਤੰਤਰ ਦੇ ਜਿਨ੍ਹਾਂ ਸਿੱਧਾਂਤਾਂ ਦੀ ਉਹ ਹਮਾਇਤ ਕਰਦੇ ਸਨ ਉਹ ਉਨ੍ਹਾਂ ਦੇ ਸਜਾਏ ਖਾਲਸਾ ਪੰਥ ਦੇ ਨਿਯਮਾਂ ਵਿਚ ਵੀ ਲੱਭਦੇ ਹਨ ਜਿਵੇਂ ਅੱਜ ਤੋਂ ਤੁਸੀ ਸਭ ਭਰਾ ਹੋਵੋਗੇ, ਸਮਾਜ ਵਿਚ ਤੁਹਾਡਾ ਦਰਜਾ ਕੰਮ ਨਾਲ ਨਿਸ਼ਚਿਤ ਹੋਵੇਗਾ, ਜਨਮ ਨਾਲ ਨਹੀਂ। ਇਸਤਰੀਆਂ ਨੂੰ ਤੁਸੀ ਮਰਦਾਂ ਦੇ ਬਰਾਬਰ ਸਥਾਨ ਦੇਣਾ ਹੈ। ਮਾਸੂਮ ਅਤੇ ਗਰੀਬਾਂ ਦੀ ਰੱਖਿਆ ਲਈ ਕੁਰਬਾਨੀਆਂ ਦੇਣ ਵਾਸਤੇ ਸਦਾ ਤਿਆਰ ਬਰ ਤਿਆਰ ਰਹਿਣਾ ਹੈ। ਜ਼ੁਲਮ ਅਤੇ ਅਨਿਆਂ ਦਾ ਟਾਕਰਾ ਲੋੜ ਪੈਣ ਤੇ ਸ਼ਸਤਰਾਂ ਨਾਲ ਵੀ ਕਰਨਾ ਹੈ। ਸਭ ਨੇ ਕਿਰਤ ਕਰਨੀ ਹੈ ਅਤੇ ਆਪਣੇ ਕੋਲ ਜੋ ਕੁੱਝ ਵੀ ਹੈ ਵੰਡ ਛਕਣਾ ਹੈ।

ਇਸ ਤਰ੍ਹਾਂ ਗੁਰੂ ਜੀ ਨੇ ਮਨੁੱਖੀ ਸਮਾਨਤਾ ਦੇ ਅਸੂਲਾਂ ਦਾ ਉਪਦੇਸ਼ ਦਿੱਤਾ ਜਿਸ ਵਿਚ ਇਸਤਰੀ ਪੁਰਸ਼ਾਂ ਦੀ ਸਮਾਨਤਾ, ਵਿਅਕਤੀ ਵਿਸ਼ੇਸ਼ ਦੇ ਸਮਾਜਕ ਦਰਜੇ ਦਾ ਵਿਰੋਧ, ਜਾਤ ਪਾਤ ਦੇ ਆਧਾਰ ਤੇ ਪੱਖ ਪਾਤ ਸਮਾਪਤ ਕਰਨਾ, ਸਭ ਨੂੰ ਇਕੋ ਜਿਹਾ ਸਮਝਣਾ, ਸਾਰੇ ਲੋਕਾਂ ਦੀ ਸੇਵਾ ਕਰਨੀ, ਗੁਰਮਤਿ ਤੇ ਅਮਲ ਕਰਨਾ, ਸੰਗਤ ਦੀ ਮਰਜ਼ੀ ਅਮਲੀ ਤੇ ਸਿੱਧਾਂਤ ਸਰੂਪ ਵਿਚ ਸਹੀ ਪਰਜਾਤੰਤਰਿਕ ਸਿੱਧਾਂਤ ਹਨ। ਇਹ ਸਿੱਧ ਕਰਦੇ ਹਨ ਕਿ ਗੁਰੂ ਜੀ ਦੁਆਰਾ ਚਲਾਇਆ ਸਿੱਖ ਮੱਤ ਜਾਂ ਧਰਮ ਆਪਣੇ ਸਾਰ ਅਤੇ ਆਪਣੇ

ਪ੍ਰਤੱਖ ਰੂਪ ਵਿਚ ਨਿਰੋਲ ਪਰਜਾਤੰਤਰ ਜਾਂ ਆਧੁਨਿਕ ਪਰਜਾਤੰਤਰ ਤੋਂ ਥੋੜ੍ਹਾ ਜਿਹਾ ਫਰਕ ਹੈ। ਪ੍ਰਫੈਸਰ ਗੁਰਬਚਨ ਸਿੰਘ ਤਾਲਿਬ ਦੇ ਸ਼ਬਦਾਂ ਵਿਚ, ''ਇਹ ਠੀਕ ਹੈ ਕਿ ਸਿੱਖ ਧਰਮ ਆਪਣੀ ਭਾਵਨਾ ਅਤੇ ਸਰੂਪ ਅਨੁਸਾਰ ਪਰਜਾਤੰਤਰੀ ਹੈ ਪਰ ਇਹ ਸਪਸ਼ੱਟ ਰੂਪ ਵਿਚ ਸੰਖਿਆਤਮਕ ਹੈ ਜਦ ਕਿ ਗੁਰੂ ਜੀ ਦੁਆਰਾ ਸੁਝਾਇਆ ਪਰਜਾਤੰਤਰ ਗੁਣਾਤਮਕ ਹੈ ਜੋ ਨੇਕੀ ਅਤੇ ਬਦੀ ਵਾਲੀਆਂ ਆਤਮਾਵਾਂ ਦੀ ਅਗਵਾਈ ਰਾਹੀਂ ਲੋਕਾਂ ਤੱਕ ਪੁੱਜਦਾ ਹੈ। ਇਸ ਅੰਤਰ ਨੂੰ ਸਮਝੇ ਬਗੈਰ ਅਸੀਂ ਗੁਰੂ ਜੀ ਦੇ ਪਰਜਾਤੰਤਰ ਦੇ ਸਹੀ ਰੂਪ ਨੂੰ ਠੀਕ ਤਰ੍ਹਾਂ ਨਹੀਂ ਉਸਾਰ ਸਕਦੇ।''

ਗੁਰੂ ਗੋਬਿੰਦ ਸਿੰਘ ਜੀ ਦਾ ਰਾਜਨੀਤਿਕ ਤੇ ਸਮਾਜਿਕ ਦੋਹਾਂ ਹੀ ਖੇਤਰਾਂ ਵਿਚ ਵਿਲੱਖਣ ਯੋਗਦਾਨ ਹੈ। ਉਹਨਾਂ ਨੇ ਅਧਿਆਤਮਕ ਤੌਰ ਤੇ ਜਾਗ੍ਰਿਤ ਸੰਸਾਰਿਕ ਜੀਵਾਂ ਦਾ ਇਕ ਅਜਿਹਾ ਸਮਾਜਿਕ ਤੇ ਰਾਜਨੀਤਿਕ ਸੰਗਠਨ (Social- Political) ਕਾਇਮ ਕੀਤਾ, ਜਿਹਨਾਂ ਵਿਚ ਸਿਰਫ ਵਿਅਕਤੀਗਤ ਪਦਾਰਥਕ ਸੁੱਖਾਂ ਜਾਂ ਆਤਮਿਕ ਸ਼ਾਂਤੀ ਦੇ ਉਦੇਸ਼ ਪ੍ਰਾਪਤੀ ਹੀ ਕਾਫੀ ਨਹੀਂ ਸੀ, ਉਹਨਾਂ ਨੇ ਤਾਂ ਸਾਰੇ ਸਮਾਜ ਨੂੰ ਸੁਤੰਤਰ ਤੇ ਉੱਨਤ ਕਰਨ ਲਈ ਕਾਰਜ ਕਰਨਾ ਸੀ। ਇਕ ਸਕ੍ਰਿਯ, ਵਿਵਸਥਿਤ, ਮਜ਼ਬੂਤ ਤੇ ਚੇਤੰਨ ਸੰਗਠਨ ਰਾਹੀਂ ਜਿਸਨੇ ਆਪਣੀ ਸੱਤਾ ਲੋਕਾਂ ਤੋਂ ਉਹਨਾਂ ਦੇ ਜੀਵਨ ਦੇ ਹਰ ਖੇਤਰ ਵਿਚ ਉਹਨਾਂ ਦੇ ਕਲਿਆਣ ਲਈ ਕੰਮ ਕਰਕੇ ਲੈਣੀ ਸੀ। ਗੁਰੂ ਸਾਹਿਬ ਨੇ ਸਮੁੱਚੇ ਸਮਾਜ ਦੀ ਨੁਹਾਰ ਨੂੰ ਪ੍ਰੀਵਰਤਿਤ ਕਰਨ ਦਾ ਯਤਨ ਕੀਤਾ। ਇਸ ਦੇ ਨਾਲ ਹੀ ਉਹਨਾਂ ਨੇ ਹਰ ਵਿਅਕਤੀ ਨੂੰ ਸਮੁੱਚੇ ਸਮਾਜ ਦਾ ਹਿੱਸਾ ਜਾਂ ਅੰਗ ਮਾਤਰ ਦੱਸਿਆ। ਸਰਬ ਵਿਆਪਕ ਪਿਤਾ ਪਰਮੇਸ਼ਰ ਉਹਨਾਂ ਅਨੁਸਾਰ ਵਿਅਕਤੀ ਸਮਾਜਿਕ ਕਾਰਜਾਂ ਦੀ ਪ੍ਰੇਰਣਾ ਵੀ ਸੀ ਤੇ ਉਦੇਸ਼ ਵੀ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਿਥੇ ਗੁਰੂ ਨਾਨਕ ਨੇ ਜੀਵਨ ਨੂੰ ਇਕ ਅਰਥ ਪ੍ਰਦਾਨ ਕੀਤਾ, ਉਥੇ ਗੁਰੂ ਗੋਬਿੰਦ ਸਿੰਘ ਜੀ ਨੇ ਮੌਤ ਨੂੰ ਇਕ ਨਵਾਂ ਤੇ ਖਾਸ ਉਦੇਸ਼ ਦਿੱਤਾ। (He invested death with a new purpose) ਭਾਵ ਲੋਕਾਂ ਵਿਚ ਕੁਰਬਾਨੀ ਦੀ ਭਾਵਨਾ ਜਾਗ੍ਰਿਤ ਕੀਤੀ।

ਗੁਰੂ ਗੋਬਿੰਦ ਸਿੰਘ ਪਰਮਾਤਮਾ ਦੀ ਵਡਿਆਈ ਕਰਨ ਤੋਂ ਕਦੀ ਨਹੀਂ ਅੱਕਦੇ ਸਨ। ਉਨ੍ਹਾਂ ਨੇ ਆਪਣਾ ਜੀਵਨ ਉਸੇ ਦੀ ਸਰਬਵਿਆਪਕਤਾ ਵਿਚ ਬਿਤਾਇਆ। ਉਹਨਾਂ ਦੀਆਂ ਅਨੇਕਾਂ ਕਿਰਤਾਂ ਤੇ ਖਾਸ ਕਰ ਜਾਪ ਸਾਹਿਬ ਅਤੇ ਅਕਾਲ ਉਸਤਤ, ਉਸ ਪਰਮ ਪਿਤਾ ਪਰਮਾਤਮਾ ਲਈ ਸ਼ਰਧਾ ਦਾ ਇਕ ਚਿਰੰਜੀਵੀ ਯਾਦਗਾਰ ਹਨ। ਅਕਾਲ-ਪੁਰਖ ਵਿਚ ਉਹਨਾਂ ਦਾ ਵਿਸ਼ਵਾਸ ਕਦੀ ਵੀ ਨਹੀਂ ਡੋਲਿਆ, ਰਸਤਾ ਭਾਵੇਂ ਕਿੰਨਾ ਵੀ ਔਖਾਂ ਤੇ ਹਵਾ ਕਿੰਨੀ ਵੀ ਵਿਰੋਧੀ ਹੋਵੇ।ਆਪਣੀਆਂ ਸਮਕਾਲੀ ਸਮੱਸਿਆਵਾਂ ਲਈ ਉਹਨਾਂ ਦੀ ਪਹੁੰਚ ਇਕ ਯੋਧੇ ਅਤੇ ਕਰਾਂਤੀਕਾਰੀ ਵਾਲੀ ਸੀ। ਉਹਨਾਂ ਨੇ ਆਪਦੇ ਸਾਹਮਣੇ ਪਰਤੱਖ ਤੌਰ ਤੇ ਸੱਚ ਤੇ ਕੂੜ ਦੇ ਵਿਚਕਾਰ ਸੰਘਰਸ਼ ਦਾ ਵਿਸ਼ਵ ਵਿਆਪੀ ਦ੍ਰਿਸ਼ ਦੇਖਿਆ ਤੇ ਕੂੜ (ਬਦੀ) ਦੀਆਂ ਸ਼ਕਤੀਆਂ ਨੂੰ ਨਸ਼ਟ ਕਰਨ ਦੇ ਕਾਰਜ ਵਿਚ ਹਿੱਸਾ ਪਾਉਣਾ ਚਾਹਿਆ। ਉਹਨਾਂ ਦੀ ਇਹ ਇੱਛਾ ਇਕ ਪੱਕੇ ਯਕੀਨ ਵਿਚ ਬਦਲ ਗਈ ਜਦੋਂ ਉਹਨਾਂ ਨੇ ਕਿਹਾ ਕਿ ਉਹ ਹਰ ਥਾਂ ਤੇ ਸਚਾਈ ਦੀ ਰਾਖੀ ਤੇ ਪਾਪ ਤੇ ਬੁਰਾਈ ਨੂੰ ਤਬਾਹ ਕਰਨ ਦੀ ਜ਼ਿੰਮੇਵਾਰੀ ਲੈ ਕੇ ਦੁਨੀਆਂ ਵਿਚ ਆਏ ਹਨ। ਗੁਰੂ ਗੋਬਿੰਦ ਸਿੰਘ ਜੋ ਕ੍ਰਾਂਤੀ ਲਿਆਉਣਾ ਚਾਹੁੰਦੇ ਸਨ ਉਸ ਨੂੰ ਉਹਨਾਂ ਨੇ ਧਰਮ ਯੁੱਧ ਦਾ ਨਾਂ ਦਿੱਤਾ। ਉਹ ਧਰਮ-ਯੁੱਧ ਕਿਸੇ ਖਾਸ ਫਿਰਕੇ ਜਾਂ ਨਸਲ ਦੇ ਵਾਧੇ ਤੇ ਰੱਖਿਆ ਲਈ ਨਹੀਂ ਸੀ। ਇਹ ਤਾਂ ਨੇਕੀ ਦੀ ਬਦੀ ਉੱਤੇ ਸੱਚ ਦੀ ਜ਼ੁਲਮ ਅਤੇ ਜਬਰ ਉਤੇ ਛੇੜੀ ਇਖਲਾਕੀ ਲੜਾਈ ਸੀ। ਇਹ ਧਰਮ ਦੇ ਪ੍ਰਗਤੀਸ਼ੀਲ ਵਿਚਾਰ ਤੇ ਆਧਾਰਿਤ ਸੀ ਅਤੇ ਤੱਤ ਰੂਪ ਵਿਚ ਇਕ ਸਮਾਜਿਕ ਇਨਕਲਾਬ ਸੀ। ਧਰਮ ਦਾ ਜੋ ਕਰਾਂਤੀਕਾਰੀ ਰੂਪ ਗੁਰੂ ਸਾਹਿਬ ਦੇਖਦੇ ਸਨ ਉਹ ਕਿਸੇ ਨਸਲ ਜਾਂ ਧਾਰਮਿਕ ਸਿਧਾਂਤ ਤਕ ਸੀਮਤ ਨਹੀਂ ਸੀ ਸਗੋਂ ਇਸ

ਦੇ ਉਲਟ ਇਸ ਨੂੰ ਤਾਂ ਸਾਰੇ ਸਮਾਜ ਦੇ ਭਲੇ ਲਈ ਵਰਤਿਆ ਜਾਣਾ ਚਾਹੀਦਾ ਹੈ। ਹੁਣ ਲੋਕਾਂ ਨੂੰ ਜ਼ੁਲਮ ਤੇ ਜਬਰ ਤੋਂ ਬਚਾਉਣ ਦਾ ਇਕੋ-ਇਕ ਉਪਾਅ ਸੀ ਮੁਗਲ ਸਰਕਾਰ ਦਾ ਖਾਤਮਾ।ਤੇਜੀ ਨਾਂਲ ਗਿਰਾਵਟ ਵੱਲ ਜਾ ਰਹੀ ਮੁਗਲ ਸਰਕਾਰ ਦੇ ਖਿਲਾਫ਼ ਜੋ ਧਰਮ ਯੁੱਧ ਦਾ ਸਿਧਾਂਤ ਗੁਰੂ ਜੀ ਨੇ ਬਣਾਇਆ ਸੀ, ਸ਼ਕਤੀ ਉਸ ਦਾ ਜ਼ਰੂਰੀ ਤੱਤ ਸੀ। ਉਹਨਾਂ ਦੇ ਧਰਮ ਯੁੱਧ ਦੇ ਸਿਧਾਂਤ ਵਿਚ ਅਸਲ ਵਿਚ ਭਗਤੀ ਤੇ ਸ਼ਕਤੀ ਦੋਵਾਂ ਦਾ ਸੁਮੇਲ ਸੀ।ਉਨ੍ਹਾਂ ਨੇ ਸ਼ਕਤੀ ਦੀ ਉਸਤਤੀ ਲੱਗਭਗ ਧਾਰਮਿਕ ਭਗਤੀ ਵਾਂਗ ਹੀ ਕੀਤੀ।ਪਰੰਤੂ ਸ਼ਕਤੀ ਦੀ ਵਰਤੋਂ ਨੂੰ ਰੋਕਣ ਲਈ ਗੁਰੂ ਨੇ ਇਸ ਦੀ ਵਰਤੋਂ ਲਈ ਦੋ ਸ਼ਰਤਾਂ ਰੱਖੀਆਂ ਸਨ। ਪਹਿਲਾਂ ਤਾਂ ਇਹ ਕਿ ਸ਼ਕਤੀ ਦੀ ਵਰਤੋਂ ਸੱਚ ਲਈ ਹੋਵੇ ਭਾਵ ਇਹ ਹੈ ਕਿ ਸਵੈ-ਰੱਖਿਆ, ਨਿਰਬਲਾਂ ਦੀ ਰੱਖਿਆ ਤੇ ਜਬਰ ਤੇ ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਦੀ ਰੱਖਿਆ ਲਈ ਇਸ ਨੂੰ ਵਰਤਿਆ ਜਾਵੇ। ਦੂਜੇ ਇਸ ਨੂੰ ਆਖਰੀ ਹਥਿਆਰ ਦੇ ਤੌਰ ਤੇ ਹੀ ਵਰਤਿਆ ਜਾਵੇ। ਆਪਣੇ ਬਚਿੱਤਰ ਨਾਟਕ ਵਿਚ ਉਨ੍ਹਾਂ ਲਿਖਿਆ ਹੈ, ''ਜਦੋਂ ਸਾਰੇ ਹੀਲੇ ਵਸੀਲੇ ਬੇਕਾਰ ਹੋ ਜਾਣ ਤਾਂ ਤਲਵਾਰ ਚੁੱਕਣਾ ਧਰਮ ਹੈ।''

ਜੋ ਕਰਾਂਤੀ ਗੁਰੂ ਜੀ ਕਰਨਾ ਚਾਹੁੰਦੇ ਸਨ, ਉਸ ਦੀ ਸਫਲਤਾ ਲਈ ਉਹਨਾਂ ਦੇ ਦਿਮਾਗ ਵਿਚ ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਲੋੜੀਂਦੇ ਸਾਧਨ ਇਕੱਠੇ ਕੀਤੇ ਜਾਣ। ਖਾਲਸੇ ਦੀ ਸਿਰਜਣਾ ਦਾ ਉਦੇਸ਼ ਇਕ ਕ੍ਰਾਂਤੀਕਾਰੀ ਤੇ ਪੱਕੀ ਜਥੇਬੰਦੀ ਦੀ ਉਸਾਰੀ ਕਰਨਾ ਸੀ।ਇਹ ਰਾਜਨੀਤਿਕ ਨਿਰਧਾਰਨ ਵਾਲੀ ਸਮਾਜਿਕ ਧਾਰਮਿਕ ਜਥੇਬੰਦੀ ਸੀ। ਇਸ ਜਥੇਬੰਦੀ ਦੇ ਮੈਂਬਰਾਂ ਨੂੰ ਦੱਸਿਆ ਗਿਆ ਕਿ ਉਹ ਆਪ ਪਰਮਾਤਮਾ ਦੇ ਆਪਦੇ ਹਨ (ਵਾਹਿਗੁਰੂ ਜੀ ਕਾ ਖਾਲਸਾ) ਤੇ ਉਹ ਹੀ ਉਹਨਾਂ ਦੀ ਸੰਭਾਲ ਕਰਦਾ ਹੈ ਤੇ ਜਦੋਂ ਵੀ ਕਦੀ ਵੀ ਜਿੱਤ ਪ੍ਰਾਪਤ ਹੁੰਦੀ ਹੈ ਇਹ ਵੀ ਉਸ ਦੀ ਆਪਣੀ ਜਿੱਤ ਹੁੰਦੀ ਹੈ (ਵਾਹਿਗੁਰੂ ਜੀ ਦੇ ਫਤਹਿ)। ਇਸ ਲਈ ਪਰਮਾਤਮਾ ਵਿਚ ਪੱਕਾ ਭਰੋਸਾ ਉਹਨਾਂ ਨੂੰ ਗੁੜ੍ਹਤੀ ਵਿਚ ਦਿੱਤਾ ਗਿਆ। ਇਹ ਗੱਲ ਸਿੱਖਾਂ ਵਿਚ ਏਕਤਾ ਤੇ ਮੇਲ-ਮਿਲਾਪ ਪੈਦਾ ਕਰਨ ਲਈ ਜ਼ਰੂਰੀ ਸੀ।ਇਸ ਲਈ ਕੁਦਰਤੀ ਤੌਰ ਤੇ ਇਹ ਸੋਚਿਆ ਗਿਆ ਕਿ ਧਾਰਮਿਕ ਵਿਸ਼ਵਾਸਾਂ ਵਿਚ ਉਦਾਰ ਤੇ ਅਗਾਂਹਵਧੂ ਦ੍ਰਿਸ਼ਟੀਕੋਣ ਅਪਨਾਉਣ ਦੇ ਨਾਲ-ਨਾਲ, ਸਮਾਜਿਕ ਤੇ ਦੁਨਿਆਵੀ ਮਸਲਿਆਂ ਵਿਚ ਵੀ ਉਸਾਰੂ ਰਵੱਈਆ ਅਪਣਾਇਆ ਜਾਣਾ ਜਰੂਰੀ ਹੈ, ਨਹੀਂ ਤਾਂ ਇਹ ਜਥੇਬੰਦੀ ਬਹੁਤ ਦੇਰ ਤਕ ਨਹੀਂ ਟਿੱਕਣ ਲੱਗੀ। ਭਾਰਤੀ ਸਮਾਜ ਦੀ ਜਾਤੀ ਪ੍ਰਥਾ ਨੂੰ ਐਨਾ ਦੁਰਕਾਇਆ ਗਿਆ ਜਿੰਨਾ ਕਿ ਪਹਿਲਾਂ ਕਦੇ ਵੀ ਨਹੀਂ ਸੀ ਕੀਤਾ ਗਿਆ। ਗੁਰੂ ਗੋਬਿੰਦ ਨੇ ਜੋ ਪਹਿਲੇ ਪੰਜ ਪਿਆਰੇ ਚੁਣੇ ਉਹਨਾਂ ਵਿਚੋਂ ਇੱਕ ਖੱਤਰੀ, ਦੂਜਾ ਜੱਟ, ਤੀਜਾ ਛੀਂਬਾ, ਚੌਥਾ ਨਾਈ ਅਤੇ ਪੰਜਵਾਂ ਝਿਊਰ ਸੀ। ਖਾਲਸਾ ਪੰਥ ਵਿਚ ਕੋਈ ਉੱਚਾ ਨੀਵਾਂ ਨਹੀਂ ਸੀ, ਸਾਰੇ ਮੈਂਬਰ ਭਰਾ (ਭਾਈ) ਸਨ ਤੇ ਹਰ ਤਰ੍ਹਾਂ ਬਰਾਬਰ ਸਨ, ਸਮਾਜ ਦਾ ਮਹੱਤਵਪੂਰਣ ਭਾਗ ਹੋਣ ਕਰਕੇ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਗਏ ਅਤੇ ਬਹੁਤ ਹੀ ਖੁਸ਼ੀ ਨਾਲ ਉਹਨਾਂ ਨੂੰ ਖਾਲਸਾ ਪੰਥ ਵਿਚ ਸ਼ਾਮਿਲ ਕੀਤਾ ਗਿਆ।ਇਸ ਤਰ੍ਹਾਂ ਹੋਂਦ ਵਿਚ ਆਇਆ ਖਾਲਸਾ ਇਕ ਅਜਿਹਾ ਸਮਾਜਿਕ ਭਾਈਚਾਰਾ ਸੀ ਜਿਸ ਦੇ ਲੋਕ ਸੁਤੰਤਰ ਤੇ ਆਪਣੇ ਪੁਰਾਣੇ ਧਾਰਮਿਕ ਵਿਸ਼ਵਾਸਾਂ ਤੇ ਰੀਤੀਆਂ ਤੋਂ ਆਜ਼ਾਦ ਸਨ।ਖਾਲਸਾ ਸੰਤ ਸਿਪਾਹੀਆਂ ਦੀ ਸੰਸਥਾ ਸੀ ਜਿਨ੍ਹਾਂ ਦੇ ਜਿੰਮੇ ਕਰਾਂਤੀ ਲਿਆਉਣ ਦਾ ਵੱਡਾ ਕੰਮ ਸੀ। ਉਹ ਬਹਾਦਰ ਸਨ ਕਿਉਂਕਿ ਉਹਨਾਂ ਦੇ ਮਨਾਂ ਵਿਚ ਇਹ ਬਿਠਾ ਦਿੱਤਾ ਗਿਆ ਸੀ ਕਿ ਉਹ ਅਜਿੱਤ ਹਨ, ਚਾਹੇ ਵਿਰੋਧੀ ਕਿੰਨਾਂ ਵੀ ਤਾਕਤਵਰ ਕਿਉਂ ਨਾ ਹੋਵੇ।

ਗੁਰੂ ਗੋਬਿੰਦ ਸਿੰਘ ਕਈ ਨਵੇਂ ਤੇ ਪ੍ਰਸਿੱਧ ਵਿਚਾਰਾਂ ਦੇ ਜਨਮ ਦਾਤਾ ਸਨ। ਪਹਿਲਾਂ ਹੈ ਮਨੁੱਖ ਮਾਤਰ ਦੀ ਏਕਤਾ। ਨਸਲ, ਜਾਤ, ਧਰਮ ਤੇ ਲਿੰਗ ਸਭ ਤਰ੍ਹਾਂ ਦੀਆਂ ਭਿੰਨਤਾਵਾਂ ਨੂੰ ਉਹਨਾਂ ਬਣਾਵਟੀ ਰੋਕਾਂ ਕਿਹਾ। ਇਸੇ ਤਰ੍ਹਾਂ ਸਭ ਭੂਗੋਲਿਕ ਭਿੰਨਤਾਵਾਂ ਜੋ ਦੇਸ਼ ਵਿਚ ਦੀਵਾਰਾਂ ਬਣੀਆਂ ਹੋਈਆਂ ਹਨ, ਉਹਨਾਂ

ਵਲੋ ਮਨੁੱਖ ਦੀਆਂ ਬਣਾਈਆਂ ਘੋਸ਼ਿਤ ਕੀਤੀਆਂ ਗਈਆਂ।

ਗੁਰੂ ਸਾਹਿਬ ਅਨੁਸਾਰ ਹਿੰਦੂ ਤੇ ਮੁਸਲਮਾਨ, ਉਹਨਾਂ ਦੀ ਪੂਜਾ ਤੇ ਨਮਾਜ਼, ਸਭ ਇਕੋ ਹਨ। ਅਲਾਹ ਅਤੇ ਰਾਮ ਸਭ ਇਕੋ ਹਨ। ਇਹ ਸਭ ਇਕ ਪਰਮਾਤਮਾ ਤੋਂ ਉਪਜੇ ਹਨ। ਉਹਨਾਂ ਦਾ ਦੂਜਾ ਮਹਾਨ ਵਿਚਾਰ ਕਿ ਧਰਮ ਦਾ ਸਮਾਜ ਵਿਚ ਬਹੁਤ ਵੱਡਾ ਕਿਰਦਾਰ ਹੈ। ਧਰਮ ਦੀ ਅਸਲੀ ਕੀਮਤ ਪਿਆਰ, ਭਰੋਸਾ, ਸੱਚ ਅਤੇ ਪਵਿੱਤਰਤਾ ਵਰਗੀਆਂ ਆਤਮਿਕ ਕਦਰਾਂ ਕਰਕੇ ਹੈ। ਜੇਕਰ ਧਰਮ ਨੇ ਆਪਣਾ ਫਰਜ ਪੂਰੀ ਤਰ੍ਹਾਂ ਪੂਰਾ ਕਰਨਾ ਹੈ ਅਤੇ ਸਮਾਜ ਦਾ ਭਲਾ ਕਰਨਾ ਹੈ ਤਾਂ ਇਸ ਦਾ ਖਾਸਾ ਸਦਾ ਸਮਾਜਿਕ ਕਰਾਂਤੀਕਾਰੀ ਵਾਲਾ ਹੋਣਾ ਚਾਹੀਦਾ ਹੈ। ਭਾਵ ਇਹ ਹੈ ਕਿ ਜ਼ਾਲਮ ਤੋਂ ਜਬਰ ਕਰਨ ਵਾਲੀਆਂ ਸ਼ਕਤੀਆਂ ਨਾਲ ਕਦੀ ਵੀ ਇਸ ਦਾ ਸਮਝੌਤਾ ਨਹੀਂ ਹੋਣਾ ਚਾਹੀਦਾ ਸਗੋਂ ਇਸ ਦਾ ਵਤੀਰਾ ਇਨ੍ਹਾਂ ਸ਼ਕਤੀਆਂ ਦਾ ਵਿਰੋਧ ਕਰਨ ਵਾਲਾ ਹੋਣਾ ਚਾਹੀਦਾ ਹੈ।

ਇਕ ਹੋਰ ਵਿਚਾਰ ਜਿਸ ਤੇ ਗੁਰੂ ਗੋਬਿੰਦ ਸਿੰਘ ਨੇ ਬਹੁਤ ਜ਼ੋਰ ਦਿੱਤਾ ਹੈ ਕਿ ਰਾਜਨੀਤਿਕ ਸੱਤਾ ਦੀ ਵਰਤੋਂ ਕੇਵਲ ਅਖਲਾਕੀ ਆਧਾਰ ਤੇ ਕੀਤੀ ਜਾਵੇ। ਪਰਮਾਤਮਾ ਸਭ ਬਾਦਸ਼ਾਹਾਂ ਦਾ ਬਾਦਸ਼ਾਹ ਹੈ ਜਿਸ ਤੋਂ ਸਭ ਦੁਨਿਆਵੀ ਰਾਜ ਆਪਣੀ ਸੱਤਾ ਪ੍ਰਾਪਤ ਕਰਦੇ ਸਨ। ਇਸ ਲਈ ਉਹ ਰੱਬੀ ਹੁਕਮਾਂ ਦੇ ਬੰਨੇ ਹੋਏ ਹਨ ਕਿ ਉਹ ਆਪਣੀ ਸੱਤਾ ਦੀ ਵਰਤੋਂ ਸਮਾਨਤਾ ਤੇ ਇਨਸਾਫ ਲਈ ਕਰਨ। ਪਰ ਜੇ ਅਜਿਹਾ ਨਹੀਂ ਕਰਦੇ ਤਾਂ ਰੱਬੀ ਰਜ਼ਾ ਦੀ ਉਲੰਘਣਾ ਦੇ ਦੋਸ਼ੀ ਬਣ ਜਾਂਦੇ ਹਨ ਤੇ ਰੱਬੀ ਕਿਰਪਾ ਗਵਾ ਬੈਠਦੇ ਹਨ। ਇਹ ਹੀ ਨਹੀਂ ਸਗੋਂ ਲੋਕਾਂ ਨੂੰ ਕਰਾਂਤੀ ਕਰਕੇ ਉਹਨਾਂ ਨੂੰ ਸੱਤਾ ਰਹਿਤ ਕਰ ਦੇਣ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਦਾ ਪੱਕਾ ਵਿਸ਼ਵਾਸ ਸੀ ਕਿ ਆਤਮਿਕ ਤੇ ਸਰੀਰਕ ਸ਼ਕਤੀ ਆਪਸ ਵਿਚ ਜੁੜਨੀਆਂ ਚਾਹੀਦੀਆਂ ਹਨ। ਆਤਮਿਕ ਉੱਨਤੀ ਦੇ ਨਾਲ-ਨਾਲ ਬਹਾਦਰੀ ਤੇ ਕੁਰਬਾਨੀ ਦੀ ਭਾਵਨਾ ਪੈਦਾ ਕਰਨ ਦਾ ਯਤਨ ਕੀਤਾ। ਕੰਨਿਘਮ ਦੇ ਸ਼ਬਦਾਂ ਅਨੁਸਾਰ, ਦੱਬੇ ਕੁਚਲੇ ਲੋਕਾਂ ਦੀ ਸੁੱਤੀ ਸ਼ਕਤੀ ਨੂੰ ਜਗਾਇਆ ਤੇ ਉਹਨਾਂ ਵਿਚ ਸਮਾਜਿਕ ਆਜ਼ਾਦੀ ਦੀ ਤੀਬਰ ਇੱਛਾ ਤੇ ਕੌਮੀ ਸ਼ਾਸਨ ਦਾ ਜਜ਼ਬਾ ਗੁਰੂ ਨਾਨਕ ਦੁਆਰਾ ਪ੍ਰਚਾਰਿਤ ਧਰਮ, ਤੇ ਸ਼ੁੱਧ ਭਗਤੀ ਦੇ ਅਸੂਲਾਂ ਨਾਲ ਜੋੜ ਦਿੱਤਾ।

ਖਾਲਸਾ ਦੀ ਸਿਰਜਨਾ ਨਾਲ ਸੈਨਿਕ ਪਰਵਿਰਤੀ ਨੂੰ ਕੌਮ ਦੇ ਧਰਮ ਸਿਧਾਂਤ ਵਜੋਂ ਅਪਣਾ ਲਿਆ ਗਿਆ ਤੇ ਇਸ ਸਮਾਜ ਦੀ ਵਾਂਗ-ਡੋਰ ਖੁਦ ਇਸ ਦੇ ਹੱਥਾਂ ਵਿਚ ਦਿੱਤੀ ਗਈ ਤੇ ਇਸ ਤਰ੍ਹਾਂ ਇਕ ਸੈਨਿਕ ਕਾਮਨਵੈਲਥ ਹੋਂਦ ਵਿਚ ਆਈ ਜੋ ਲੋਕਤੰਤਰੀ ਆਜ਼ਾਦੀ ਨਾਲ ਭਰਪੂਰ ਸੀ। ਗੁਰੂ ਸਾਹਿਬ ਨੇ ਐਲਾਨ ਕੀਤਾ ਸਰਕਾਰ ਜਾਂ ਕਿਸੇ ਵੀ ਹੋਰ ਦੇ ਅਨਿਆਂ ਤੇ ਜ਼ਬਰ ਨੂੰ ਹੁਣ ਚੁਪ ਚਾਪ ਨਹੀਂ ਸਹਿਆ ਜਾਵੇਗਾ ਤੇ ਇਸ ਦੇ ਲਈ ਉਹਨਾਂ ਨੇ ਹਥਿਆਰਾਂ ਦੀ ਸ਼ਕਤੀ ਤੇ ਭਰੋਸਾ ਕੀਤਾ।ਸੋ ਗੁਰੂ ਦਾ ਖਾਲਸਾ ਪ੍ਰਤੀ ਨਜ਼ਰੀਆਂ ਸ਼ੁਰੂ ਤੋਂ ਹੀ ਇਹ ਸੀ ਕਿ ਪੂਰੀ ਤਰ੍ਹਾਂ ਲੋਕ ਰਾਜ਼ੀ ਤੇ ਪੂਰਣ ਸਮੁਦਾਏ ਜੋ ਪੂਰੀ ਤਰ੍ਹਾਂ ਹਥਿਆਰਾਂ ਨਾਲ ਲੈਸ ਹੋਵੇ, ਜੋ ਸੱਚ ਦੇ ਰਾਹ ਤੇ ਚੱਲਣ ਲਈ ਸੰਘਰਸ਼ ਕਰ ਸਕੇ ਅਨਿਆਂ ਤੇ ਜਬਰ ਜੋ ਭਾਵੇਂ ਕਿਸੇ ਵੀ ਰੂਪ ਵਿਚ ਕੀਤਾ ਜਾਵੇ ਉਸ ਦੇ ਵਿਰੁੱਧ ਸਿਰ ਧੜ ਦੀ ਬਾਜ਼ੀ ਲਗਾ ਸਕੇ।

ਗੁਰੂ ਜੀ ਨੇ ਆਪਣੇ ਆਪ ਨੂੰ ਕੋਈ ਦੈਵੀ ਸ਼ਕਤੀ ਨਹੀਂ ਕਿਹਾ। ਉਹਨਾਂ ਨੇ ਉਹਨਾਂ ਲੋਕਾਂ ਨੂੰ ਕੋਸਿਆ ਜੋ ਉਹਨਾਂ ਨੂੰ ਅਵਤਾਰ ਕਹਿੰਦੇ ਹਨ।ਉਹਨਾਂ ਨੇ ਜੋ ਕੁਝ ਵੀ ਕੀਤਾ ਕਦੇ ਉਸ ਦਾ ਮਾਣ ਨਹੀਂ ਮੰਗਿਆ। ਆਪਣੀਆਂ ਜਿੱਤਾਂ, ਆਪਣੀ ਇੱਜ਼ਤ ਤੇ ਆਪਣੀ ਸ਼ਕਤੀ ਸਭ ਕਾਸੇ ਨੂੰ ਉਹ ਖਾਲਸੇ ਦੀ ਇਜ਼ਤ, ਮਾਣ ਤੇ ਸ਼ਕਤੀ ਨਾਲ ਜੋੜ ਦਿੰਦੇ ਸਨ।

ਗੁਰੂ ਸਾਹਿਬ ਨੇ ਸਿੱਖਾਂ ਦੀ ਪਰਮਾਰਥਕ ਏਕਤਾ ਅਤੇ ਧਾਰਮਿਕ ਸੰਗਠਨ ਨੂੰ ਸੰਸਾਰਿਕ ਸਫਲਤਾ ਅਤੇ ਰਾਜਨੀਤਿਕ ਉੱਨਤੀ ਦਾ ਸਾਧਨ ਬਣਾ ਲਿਆ।ਇਸ ਸਥਿਤੀ ਦੀ ਸਮੀਖਿਆ ਗੋਕਲ ਚੰਦ ਨਾਰੰਗ ਨੇ ਬੜੇ ਠੀਕ ਢੰਗ ਨਾਲ ਕੀਤੀ ਹੈ, ''ਗੁਰੂ ਗੋਬਿੰਦ ਸਿੰਘ ਖੁਦ ਅਤੇ ਉਹਨਾਂ ਦੇ ਕੰਮ ਸਿੱਖ ਧਰਮ ਦੇ ਆਰੰਭ ਤੋਂ ਹੁਣ ਤਕ ਦੇ ਹੋਏ ਕੁਦਰਤੀ ਵਿਕਾਸ ਦਾ ਸਿੱਟਾ ਤੇ ਉਪਜ ਹਨ। ਜੋ ਫਸਲ ਗੁਰੂ ਗੋਬਿੰਦ ਸਿੰਘ ਦੇ ਸਮੇਂ ਪੱਕ ਕੇ ਤਿਆਰ ਹੋਈ ਉਸ ਨੂੰ ਗੁਰੂ ਨਾਨਕ ਨੇ ਬੀਜਿਆ ਸੀ ਤੇ ਉਸ ਦੇ ਉਤਰਾਧਿਕਾਰੀਆਂ ਨੇ ਉਸ ਨੂੰ ਪਾਣੀ ਦਿੱਤਾ ਸੀ। ਜਿਸ ਤਲਵਾਰ ਨਾਲ ਖਾਲਸਾ ਨੇ ਆਪਣੀ ਸਫਲਤਾ ਦਾ ਰਾਹ ਘੜਿਆ, ਉਸ ਦਾ ਲੋਹਾ ਗੁਰੂ ਨਾਨਕ ਦਾ ਹੀ ਸੀ ਤੇ ਗੁਰੂ ਗੋਬਿੰਦ ਸਿੰਘ ਨੇ ਤਾਂ ਉਸ ਨੂੰ ਢਾਲਿਆ ਹੀ ਸੀ।''

ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਲਈ ਇਹ ਲਾਜ਼ਮੀ ਬਣਾ ਦਿੱਤਾ ਸੀ ਕਿ ਉਹ ਆਪਣੇ ਫੈਸਲੇ ਪੰਚਾਇਤ–ਸਭਾ ਵਿਚ ਕਰਵਾਉਣ ਤੇ ਸਾਂਝੀ ਦਿਲਚਸਪੀ ਦੇ ਮਾਮਲਿਆਂ ਤੇ ਸਾਰੇ ਫੈਸਲਿਆਂ ਦੀ ਪ੍ਰਵਾਨਗੀ ਸਮੂਹ ਸਮਾਜ ਵਲੋਂ ਲਈ ਜਾਵੇ ਜਿਨ੍ਹਾਂ ਲਈ ਕਿ ਉਹ ਫੈਸਲੇ ਕੀਤੇ ਜਾਣੇ ਸਨ। ਸਿੱਖ ਗੁਰੂ ਸਾਹਿਬ ਦੁਆਰਾ ਦਿੱਤੇ ਇਸ ਲੋਕਰਾਜੀ ਆਦਰਸ਼ ਉਤੇ ਸਿੱਖ ਸਰਦਾਰ ਸਦਾ ਕਾਇਮ ਰਹੇ ਤੇ ਸਦਾ ਹੀ ਪੂਰੀ ਸਮਰਥਾ ਨਾਲ ਇਸ ਦੀ ਪਾਲਣਾ ਕੀਤੀ।ਗੁਰੂ ਗੋਬਿੰਦ ਸਿੰਘ ਨੇ ਮਨੁੱਖਾਂ ਵਿਚ ਧਰਮ ਤੇ ਸਮਾਜਿਕ ਮਨੌਤਾਂ ਦੇ ਆਧਾਰ ਤੇ ਕਿਸੇ ਵੀ ਭਿੰਨਤਾ ਨੂੰ ਕਦੇ ਵੀ ਮਾਨਤਾ ਨਹੀਂ ਦਿੱਤੀ। ਖਾਲਸਾ ਦੀ ਸਿਰਜਨਾ ਕਰਕੇ ਕੌਮੀ ਏਕਤਾ ਦੀ ਨੀਂਹ ਨੂੰ ਚੌੜੀ ਅਤੇ ਪੱਕੀ ਕਰਨ ਦਾ ਹਰ ਸੰਭਵ ਯਤਨ ਕੀਤਾ। ਉਹਨਾਂ ਨੇ ਰਾਜਨੀਤਕ ਜਬਰ ਅਤੇ ਧਾਰਮਿਕ ਕੱਟੜਪਣੇ ਦੇ ਵਿਰੁੱਧ ਉਸ ਭਾਈਚਾਰੇ ਨੂੰ ਜੱਥੇਬੰਦ ਕਰਕੇ ਲੜਨਾ ਸਿਖਾਇਆ ਜੋ ਸਮਾਨਤਾ ਤੇ ਲੋਕਰਾਜੀ ਸਿਧਾਂਤਾਂ ਤੇ ਆਧਾਰਿਤ ਸੀ।

ਉਨ੍ਹਾਂ ਨੇ ਸੁਤੰਤਰਤਾ, ਸਾਂਝੀਵਾਲਤਾ ਤੇ ਭ੍ਰਾਤੀਅਤਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਜਾਤ, ਜਨਮ, ਪਦਵੀ, ਵਿਸ਼ਵਾਸ ਦੁਆਰਾ ਪ੍ਰਾਪਤ ਅਧਿਕਾਰਾਂ ਦੀ ਸਮਾਪਤੀ ਕੀਤੀ ਅਤੇ ਨੀਵਿਆਂ ਨੂੰ ਹਰ ਤਰ੍ਹਾਂ ਨਾਲ ਉੱਚਿਆਂ ਦੇ ਬਰਾਬਰ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਮਨੁੱਖ ਨੂੰ ਮਨੁੱਖਤਾ ਬਖਸ਼ੀ। ਇਸਤਰੀ ਨੂੰ ਉਸ ਦਾ ਅਸਤਿੱਤਵ ਅਤੇ ਭਾਰਤੀ ਲੋਕਾਂ ਨੂੰ ਕੌਮ ਦਾ ਸੰਕਲਪ ਦਿੱਤਾ। ਡਾਕਟਰ ਗੋਪਾਲ ਸਿੰਘ ਦੇ ਸ਼ਬਦਾਂ ਵਿਚ, ''ਉਨ੍ਹਾਂ ਨੇ ਪੈਤ੍ਰਿਕ ਜਾਨਸ਼ਾਨੀ ਦੀ ਪ੍ਰਥਾ ਨੂੰ ਸਮਾਪਤ ਕੀਤਾ ਅਤੇ ਮਨੁੱਖੀ ਇਤਿਹਾਸ ਵਿਚ ਪਹਿਲੀ ਵਾਰ ਲੋਕਾਂ ਦੀ ਆਤਮਿਕ ਤੇ ਸੰਸਾਰਕ ਪ੍ਰਭੁਤਾ ਨੂੰ ਸਥਾਪਿਤ ਕੀਤਾ ਜਿਸ ਦਾ ਇਸ ਤੋਂ ਇਲਾਵਾ ਪਹਿਲਾਂ ਅਭਾਵ ਸੀ। ਸੋ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜਿਕ ਚੇਤਨਤਾ ਦਾ ਅਜਿਹਾ ਸਿੱਧਾਂਤ ਪੇਸ਼ ਕੀਤਾ ਜਿਸ ਨੂੰ ਇਕ ਚੰਗੇ ਨਾਗਰਿਕਤਾ ਦਾ ਆਧਾਰ ਕਿਹਾ ਜਾ ਸਕਦਾ ਹੈ।''[12]

## SUGGESTED READINGS


1. Narang, Gokal Chand : Transformation of Sikhism, p. 72-87.
2. Harbans Singh : Guru Gobind Singh, pp. 151-178.
3. Chhabra, G.S. : Advanced History of Punjab, Vol. I, Chapters XVII and XIX.
4. Mecauliff : The Sikh Religion, Vol. V, pp. 262-352.
5. Bannerjee : The Evolution of the Khalsa, Vol. II, pp. 152-162.
6. Deol, G.S. : Social Political Philosophy of Guru Nanak Dev and Guru Gobind Singh, pp. 99-120.
7. Gopal Singh : Guru Gobind Singh, pp. 1-2, 78-85.

## ਕੇਵਲ ਅਭਿਆਸ ਲਈ

### ਵਸਤੂ-ਨਿਸ਼ਠ ਪ੍ਰਸ਼ਨ

1. ਗੁਰੂ ਗੋਬਿੰਦ ਸਿੰਘ ਨੇ ਧਾਰਮਿਕ ਸਹਿਨਸ਼ੀਲਤਾ ਤੇ ਸਹਿਹੋਂਦ ਦਾ ਪ੍ਰਚਾਰ ਕੀਤਾ।

   ਠੀਕ/ਗਲਤ

2. ਉਨ੍ਹਾਂ ਨੇ ਸੰਗਤ ਨੂੰ Supreme ਮੰਨਿਆ ਤੇ ਹਿੰਦੂ ਤੇ ਮੁਸਲਿਮ ਦੋਨੋਂ ਹੀ ਉਨ੍ਹਾਂ ਦੇ ਚੇਲੇ ਸਨ।

   ਠੀਕ/ਗਲਤ

3. ਉਹ ਬੁਰਾਈ ਨੂੰ ਖਤਮ ਕਰਨ ਲਈ ਸ਼ਕਤੀ ਦੀ ਵਰਤੋਂ ਕਰਨ ਦੇ ਵਿਰੋਧ ਵਿਚ ਸਨ।

   ਠੀਕ/ਗਲਤ

## SUGGESTED QUESTION

1. ਗੁਰੂ ਗੋਬਿੰਦ ਸਿੰਘ ਦੇ ਰਾਜਨੀਤਿਕ ਵਿਚਾਰਾਂ ਦੀ ਚਰਚਾ ਕਰੋ।